# ਕੈਨੇਡਾ ਦਰਪਣ

ਦਸੰਬਰ 12, 1986

**December 12, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ | Out of Greater Vancouver 65¢ | Second Class Mail Reg. No. 5991

# ਕੈਨੇਡਾ ਦਰਪਣ

Weekending December 12, 1986 Vol. 5 No. 48 | The Canada Darpan | Punjabi Weekly Newspaper | Ph. (604)581-4473

## 24 ਬੱਸ ਮੁਸਾਫਰਾਂ ਦੇ ਕਤਲ ਪਿਛੋਂ

# ਦਿੱਲੀ 'ਚ ਵੱਡੀ ਪੱਧਰ 'ਤੇ ਗੜਬੜ

## 1600 ਵਿਅਕਤੀ ਗ੍ਰਿਫਤਾਰ, ਪੰਜਾਬ ਦੇ ਗੜਬੜ ਵਾਲੇ ਜ਼ਿਲ੍ਹੇ ਫੌਜ ਹਵਾਲੇ

**ਚੰਡੀਗੜ੍ਹ — 3 ਦਸੰਬਰ — ਹੁਸ਼ਿਆਰਪੁਰ ਜ਼ਿਲ੍ਹੇ 'ਚ ਟਾਂਡੇ ਨੇੜੇ 24 ਮਾਸੂਮ ਬੱਸ ਮੁਸਾਫਰਾਂ ਦੇ ਕਤਲ ਤੋਂ ਬਾਅਦ ਪੰਜਾਬ ਅਤੇ ਨਵੀਂ ਦਿੱਲੀ ਸਮੇਤ ਉਤਰੀ ਭਾਰਤ 'ਚ ਸਥਿਤੀ ਤਣਾਓਪੂਰਨ ਬਣੀ ਹੋਈ ਹੈ। ਦਿੱਲੀ 'ਚ 1600 ਤੋਂ ਵੱਧ ਵਿਅਕਤੀ ਗੜਬੜ ਕਰਨ ਦੇ ਦੋਸ਼ 'ਚ ਫੜੇ ਗਏ ਹਨ ਅਤੇ ਸੀਸ ਗੰਜ ਗੁਰਦੁਵਾਰੇ ਨੇੜੇ ਦੋਹਾਂ ਫਿਰਕਿਆਂ ਵਿਚਕਾਰ ਝੜਪ ਹੋਣ ਦੀਆਂ ਖਬਰਾਂ ਹਨ ।**

30 ਨਵੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਤੋਂ ਦੋ ਘੰਟੇ ਬਾਅਦ ਹੁਸ਼ਿਆਰਪੁਰ ਜ਼ਿਲ੍ਹੇ 'ਚ ਟਾਂਡੇ ਨੇੜੇ ਪੰਜਾਬ ਰੋਡਵੇਜ਼ ਦੀ ਇਕ ਬੱਸ ਅਗਵਾ ਕਰ ਲਈ ਗਈ ਅਤੇ ਇਕੋ ਫਿਰਕੇ ਦੇ 24 ਵਿਅਕਤੀਆਂ ਨੂੰ ਬੇਦਰਦੀ ਨਾਲ ਗੋਲੀਆਂ ਮਾਰ ਕੇ ਕਤਲ ਕਰ ਦਿਤਾ ਗਿਆ । ਖਬਰਾਂ ਅਨੁਸਾਰ ਪੰਜਾਬ ਰੋਡਵੇਜ਼ ਦੀ ਇਹ ਬੱਸ ਗੰਗਾਨਗਰ ਤੋਂ ਪਠਾਨਕੋਟ ਜਾ ਰਹੀ ਸੀ। ਇਸ ਮੰਦਭਾਗੀ ਬੱਸ ਨੂੰ ਟਾਂਡੇ ਤੋਂ ਛੇ ਕਿਲੋਮੀਟਰ ਦੂਰ ਪਿੰਡ ਖੁੱਡਾ ਨੇੜੇ ਅਗਵਾ ਕਰਕੇ ਲਿੰਕ ਰੋਡ 'ਤੇ ਲਿਜਾਇਆ ਗਿਆ, ਚਾਰ ਅਤਿਵਾਦੀਆਂ ਨੇ ਜੋ ਕਿ ਸਟੇਨ ਗੰਨਾਂ ਨਾਲ ਲੈਸ ਸਨ ਨੇ ਇਕ ਫਿਰਕੇ ਦੇ ਵਿਅਕਤੀਆਂ ਨੂੰ ਬੱਸ ਵਿਚੋਂ ਉਤਰਨ ਲਈ ਕਿਹਾ। ਕੁਝ ਉਤਰ ਗਏ ਅਤੇ ਜਿਹੜੇ ਨਾ ਉਤਰੇ ਉਹਨਾਂ ਨੂੰ ਬੱਸ ਵਿਚ ਹੀ ਗੋਲੀ ਮਾਰ ਦਿੱਤੀ ਗਈ । ਬਾਕੀਆਂ ਨੂੰ ਹੇਠਾਂ ਉਤਾਰ ਕੇ ਇਕ ਲਾਈਨ 'ਚ ਖੜ੍ਹੇ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ। 3 ਔਰਤਾਂ ਸਮੇਤ 24 ਵਿਅਕਤੀ ਥਾਂ 'ਤੇ ਹੀ ਦਮ ਤੋੜ ਗਏ। 15 ਵਿਅਕਤੀ ਜ਼ਖਮੀ ਹੋਣ ਦੀ ਖਬਰ ਹੈ। ਜ਼ਖਮੀਆਂ ਨੂੰ ਦਸੂਹਾ ਅਤੇ ਟਾਂਡੇ ਦੇ ਹਸਪਤਾਲਾਂ 'ਚ ਦਾਖਲ ਕਰਾਇਆ ਗਿਆ ਹੈ। ਚਾਰੇ ਅਤਿਵਾਦੀ ਸਵਾਰੀਆਂ ਦੇ ਜੇਵਰ ਅਤੇ ਨਕਦੀ ਲੁੱਟ ਕੇ ਸਕੂਟਰਾਂ 'ਤੇ ਫਰਾਰ ਹੋ ਗਏ ।

ਇਨ੍ਹਾਂ ਅਣਮਨੁੱਖੀ ਕਤਲਾਂ ਤੋਂ ਬਾਅਦ ਸਾਰੇ ਦੇਸ਼ ਵਿਚ ਸੋਗ ਦੀ ਲਹਿਰ ਦੌੜ ਗਈ। ਪੰਜਾਬ 'ਚ ਹਿਦੂਆਂ 'ਤੇ ਸਿੱਖਾਂ ਨੇ ਸਾਂਝੇ ਤੌਰ 'ਤੇ ਇਹਦਾ ਸੋਗ ਮਨਾਇਆ ।

ਭਾਰਤੀ ਜਨਤਾ ਪਾਰਟੀ ਨੇ ਦਿੱਲੀ ਬੰਦ ਦਾ ਸੱਦਾ ਦਿੱਤਾ ਅਤੇ ਇਸ ਬੰਦ ਦੌਰਾਨ ਕਾਫੀ ਗੜਬੜ ਹੋਣ ਦੀਆਂ ਖਬਰਾਂ ਮਿਲੀਆਂ ਹਨ। ਭੜਕੀ ਹੋਈ ਭੀੜ ਨੇ ਦਿੱਲੀ 'ਚ 8 ਸਰਕਾਰੀ ਬੱਸਾਂ ਨੂੰ ਅੱਗ ਲਾ ਦਿੱਤੀ। ਕਈ ਦੁਕਾਨਾਂ ਸਾੜ ਦਿੱਤੀਆਂ ਗਈਆਂ । ਲਗਭਗ 16,000 ਹਿਦੂ ਦੰਗਾਕਾਰੀਆਂ ਨੇ ਗੁਰਦੁਵਾਰਾ ਸੀਸ ਗੰਜ 'ਤੇ ਹਮਲਾ ਕਰ ਦਿਤਾ। 1600 ਵਿਅਕਤੀਆਂ ਨੂੰ ਗੜਬੜ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕਰ ਲਿਆ ਗਿਆ ਹੈ।

ਜਨੂੰਨੀ ਦੰਗਾਕਾਰੀਆਂ ਦੀ ਇਕ ਫਿਰਕੇ ਅਤੇ ਪੁਲੀਸ ਨਾਲ ਕਈ ਥਾਈਂ ਝੜਪਾਂ ਹੋਈਆਂ । ਸਥਿਤੀ ਨੂੰ ਦੇਖਦੇ ਹੋਏ ਚਾਂਦਨੀ ਚੌਂਕ ਏਰੀਏ 'ਚ ਕਰਫਿਊ ਲਾ ਦਿਤਾ ਗਿਆ ਹੈ। ਪੁਲੀਸ ਮੁਖੀ ਆਰ. ਮੋਹਨ ਅਨੁਸਾਰ ਸਥਿਤੀ ਬਹੁਤ ਤਣਾਊਪੂਰਨ ਹੈ। ਪੁਲੀਸ ਨੇ ਦੰਗਾਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਛੱਡੀ ਅਤੇ ਹਵਾ 'ਚ ਗੋਲੀ ਚਲਾਈ। ਅਜੇ ਤੱਕ ਕਿਸੇ ਦੇ ਮਰਨ ਦਾ ਪਤਾ ਨਹੀਂ ਲੱਗਾ ।



ਗੁਰਦੁਵਾਰਾ ਸੀਸ ਗੰਜ ਦੇ ਇਕ ਬੁਲਾਰੇ ਹਰਦੀਪ ਸਿੰਘ ਅਨੁਸਾਰ ਲਗਪਗ 8000 ਹਿਦੂ ਦੰਗਾਕਾਰੀਆਂ ਨੇ ਸਾਨੂੰ ਗਾਲ੍ਹਾਂ ਕੱਢੀਆਂ ਅਤੇ ਸਾਨੂੰ ਕਿਰਪਾਨਾਂ ਲੈ ਕੇ ਬਾਹਰ ਆਉਣਾ ਪਿਆ ।

ਉਤਰੀ ਭਾਰਤ ਦੇ ਰਾਜਾਂ ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ 'ਚ ਵੀ ਗੜਬੜ ਹੋਣ ਦੀਆਂ ਖਬਰਾਂ ਮਿਲੀਆਂ ਹਨ। ਸਰਕਾਰੀ ਸੂਤਰਾਂ ਅਨੁਸਾਰ ਇਨ੍ਹਾਂ ਰਾਜਾਂ ਨੂੰ ਕਿਹਾ ਗਿਆ ਹੈ ਕਿ ਕਿਸੇ ਵੀ ਗੜਬੜ ਨੂੰ ਸਖਤੀ ਨਾਲ ਰੋਕਿਆ ਜਾਵੇ ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੀਆਂ ਘਟਨਾਵਾਂ ਨੂੰ ਦੇਸ਼ ਨੂੰ ਵੰਡਣ ਦੀ ਇਕ ਸਾਜ਼ਸ਼ ਦੱਸਿਆ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਸਖਤ ਕਦਮ ਪੁੱਟ ਰਹੀ ਹੈ ।

ਕਲ੍ਹ ਲੋਕ ਸਭਾ 'ਚ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਵਿਰੋਧੀ ਧਿਰ ਨੂੰ ਯਕੀਨ ਦੁਆਇਆ ਕਿ ਦੇਸ਼ ਨੂੰ ਵੰਡਣ ਦੀ ਕੋਸ਼ਿਸ਼ ਕਰਨ ਵਾਲੀਆਂ ਤਾਕਤਾਂ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ । ਗ੍ਰਹਿ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੂੰ ਅਤਿਵਾਦੀਆਂ ਵਿਰੁੱਧ ਕਾਰਵਾਈ ਕਰਨ ਲਈ ਸਾਰੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ 'ਚ ਸ਼ਾਮ ਅਤੇ ਰਾਤ ਨੂੰ ਚਲਣ ਵਾਲੀਆਂ ਸਭ ਬੱਸਾਂ ਨਾਲ ਫੋਰਸ ਦਾ ਪ੍ਰਬੰਧ ਕੀਤਾ ਗਿਆ ਹੈ। ਪੰਜਾਬ ਦੇ ਗੜਬੜ ਵਾਲੇ ਜ਼ਿਲੇ ਫੌਜ ਦੇ ਹਵਾਲੇ ਕਰ ਦਿੱਤੇ ਗਏ ਹਨ ਅਤੇ ਫੌਜ ਨੂੰ ਹਰ ਤਰ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਕਿਹਾ ਗਿਆ ਹੈ।

## ਪੰਜਾਬ 'ਚ ਹੋਰ 10 ਵਿਅਕਤੀ ਕਤਲ

ਚੰਡੀਗੜ੍ਹ — 30 ਨਵੰਬਰ ਨੂੰ 24 ਬੱਸ ਮੁਸਾਫਰਾਂ ਦੇ ਕਤਲ ਤੋਂ ਬਾਦ ਅਗਲੇ ਦਿਨ ਦਸ ਹੋਰ ਵਿਅਕਤੀਆਂ ਦੇ ਅਤਿਵਾਦੀਆਂ ਹੱਥੋਂ ਕਤਲ ਹੋਣ ਦੀ ਖਬਰ ਹੈ।

ਮਰਨ ਵਾਲਿਆਂ ਵਿਚ ਇੱਕ ਔਰਤ ਅਤੇ ਇਕ ਪੁਲੀਸ ਅਫਸਰ ਸ਼ਾਮਲ ਹਨ ।

ROYAL
new used
FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ

Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND



ਪਾਲ ਤੂਰ

# GILL AUTO SALES

DR #8220





# ਗਿੱਲ ਆਟੋ ਸੇਲਜ਼
## ਪਹੁੰਚੋ

# ਕਾਰਾਂ, ਵੈਨਾਂ ਜਾਂ ਪਿਕ ਅੱਪ ਖ੍ਰੀਦੋ

**ਅਸੀਂ ਹਰ ਕਿਸਮ ਤੇ ਹਰ ਮੇਕ ਦੀ ਨਵੀਂ ਕਾਰ ਭੀ ਸਸਤੀ ਤੋਂ ਸਸਤੀ ਲੈ ਕੇ ਦੇ ਸਕਦੇ ਹਾਂ**

84 CUTLASS SUPREME BROUGHAM 2 DR — $10500
84 CHEV CELEBRITY AUTO PS PB A/C CRUISE, — $8495
84 MAZDA RX7 GSL LOADED - $13950
83 PONTIAC GRAND PRIX LOADED 27000 KM only $8750
83 CHEV CAVALIER 4 DR. AUTO PS PB — $5695
83 PONTIAC SUNBIRD 2 DR H/B 5 Spd. — $6695
83 - GRAND LEMANS AUTO PS PB A/C — $7995
82 CUTLAS SUPREME — $6750

81 CADILLAC FLEETWOOD BROUGHAM 2 DR. LOADED INC. SUN ROOF — $10500

81 CADILLAC SEDAN SEVILLE 4 DR. LOADED — $9995
81 - MUSTANG GHIA — $4695
81 PONTIAC LEMAN — $4695

## Special This Week

1985 CHEV CAPRICE CLASSIC 4 DR. A/T P/S P/B P/W P/L P/S TS 6 WAY AM FM CASSETTE - CRUISE - TILTSTEARING SUPER SALE PRICE $12300

ਫਾਈਨੈਂਨਸ ਦਾ ਪ੍ਰਬੰਧ ਕੀਤਾ ਜਾਵੇਗਾ (O.A.C.)
ਕਾਰਾਂ, ਵੈਨਾਂ, ਪਿਕਅੱਪ ਲੈਣ ਸਮੇਂ ਤੁਸੀਂ ਕੁਝ ਕੁ ਪੈਸੇ ਵੱਧ ਦੇ ਕੇ ਵਾਰੰਟੀ, ਐਕਸੀਡੈਂਟ ਅਤੇ ਸਿਕਨੈਸ ਇੰਨਸ਼ੋਰੈਂਸ ਵੀ ਖਰੀਦ ਸਕਦੇ ਹੋ !

## ਗਿੱਲ ਆਟੋ ਸੇਲਜ਼ 'ਤੇ ਪਹੁੰਚੋ

ਫੋਨ ਕਰੋ — ਪ੍ਰਲਾਦ ਗਿੱਲ — ਸੁਰਿੰਦਰ ਸਿੰਘ

432-7333





6138 Kingsway (Near Imperial), BURNABY, B.C.

**Phone 432-7333**

# ਬਾਦਲ, ਟੌਹੜੇ ਸਮੇਤ 100 ਵਿਅਕਤੀ ਗ੍ਰਿਫਤਾਰ

ਚੰਡੀਗੜ੍ਹ — 24 ਬੱਸ ਮੁਸਾਫਰਾਂ ਦੇ ਕਤਲ ਤੋਂ ਬਾਅਦ ਪੰਜਾਬ ਸਰਕਾਰ ਨੇ ਵੱਡੀ ਪੱਧਰ 'ਤੇ ਕਾਰਵਾਈ ਕੀਤੀ ਹੈ ਅਤੇ ਸਾਬਕਾ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜੇ ਸਮੇਤ 100 ਤੋਂ ਵੱਧ ਵਿਅਕਤੀ ਗ੍ਰਿਫਤਾਰ ਕਰ ਲਏ ਹਨ।



ਪ੍ਰਕਾਸ਼ ਸਿੰਘ ਬਾਦਲ

ਇਹ ਗ੍ਰਿਫਤਾਰੀਆਂ ਬਰਨਾਲਾ ਦੇ ਦਿੱਲੀਉਂ ਪਰਤਣ ਤੋਂ ਬਾਅਦ ਸ਼ੁਰੂ ਹੋਈਆਂ। ਖਬਰਾਂ ਅਨੁਸਾਰ ਕੇਂਦਰ ਸਰਕਾਰ ਨੇ ਮੁੱਖ ਮੰਤਰੀ ਬਰਨਾਲਾ ਨੂੰ ਇਨ੍ਹਾਂ ਲੀਡਰਾਂ ਖਿਲਾਫ ਸਖਤ ਕਾਰਵਾਈ ਕਰਨ ਲਈ ਕਿਹਾ ਹੈ ਜੋ ਅਤਿਵਾਦੀਆਂ ਨਾਲ ਸਿੱਧੇ ਅਸਿੱਧੇ ਸਬੰਧਤ ਹਨ।

ਬਾਦਲ ਅਕਾਲੀ ਦਲ, ਸੰਯੁਕਤ ਅਕਾਲੀ ਦਲ ਅਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਇਨ੍ਹਾਂ ਗਰਮ ਖਿਆਲੀਏ ਲੀਡਰਾਂ ਨੂੰ ਫੜਨ ਲਈ ਵੱਡੀ ਪੱਧਰ 'ਤੇ ਛਾਪੇ ਮਾਰੇ ਗਏ। ਫੜੇ ਜਾਣ ਵਾਲਿਆਂ 'ਚ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਅਤੇ ਬਾਦਲ ਅਕਾਲੀ ਦਲ ਦੇ ਚੀਫ ਵਿੱਪ ਕੁਲਦੀਪ ਸਿੰਘ ਵਡਾਲਾ ਸ਼ਾਮਲ ਹਨ।

ਬਾਬਾ ਜੋਗਿੰਦਰ ਸਿੰਘ ਦੇ. ਯੂਨਾਈਟਿਡ ਅਕਾਲੀ ਦਲ ਦੇ ਇੰਦਰਜੀਤ ਸਿੰਘ ਸੇਖੋਂ ਅਤੇ ਦਰਸ਼ਨ ਨੱਤ ਵੀ ਫੜੇ ਗਏ ਹਨ। ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨੇਤਾਵਾਂ ਦੀ ਵੀ ਵੱਡੇ ਪੱਧਰ 'ਤੇ ਫੜੋ ਫੜੀ ਜਾਰੀ ਹੈ। ਹੁਣ ਤੱਕ ਮਿਲੀਆਂ ਖਬਰਾਂ ਅਨੁਸਾਰ ਇਹ ਗਿਣਤੀ ਸੌ ਤੋਂ ਵੱਧ ਗਈ ਹੈ।

ਗ੍ਰਹਿ ਮੰਤਰੀ ਬੂਟਾ ਸਿੰਘ ਨੇ ਲੋਕ ਸਭਾ 'ਚ ਕਿਹਾ ਹੈ ਕਿ ਬਾਦਲ ਅਤੇ ਟੌਹੜਾ ਅਤਿਵਾਦੀਆਂ ਨੂੰ ਸ਼ਹਿ ਦੇ ਰਹੇ ਹਨ ਅਤੇ ਇਨ੍ਹਾਂ ਕਾਰਵਾਈਆਂ ਵਿਚੋਂ ਰਾਜਨੀਤਕ ਲਾਭ ਲੈਣ ਦੀ ਕੋਸ਼ਿਸ਼ ਕਰ ਰਹੇ ਹਨ।

ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਅਤਿਵਾਦ ਨਾਲ ਨਿਪਟਣ ਲਈ ਸਖਤ ਕਾਰਵਾਈਆਂ ਦੇ ਆਦੇਸ਼ ਦਿਤੇ ਹਨ। ਇਹ ਗ੍ਰਿਫਤਾਰੀਆਂ ਵੀ ਇਸ ਕਾਰਵਾਈ ਦਾ ਇਕ ਹਿਸਾ ਹਨ। ਮੁੱਖ ਮੰਤਰੀ ਨੇ ਕਿਹਾ ਕਿ ਅਤਿਵਾਦੀਆਂ ਨੂੰ ਸ਼ਹਿ ਦੇਣ ਵਾਲੇ ਵਿਅਕਤੀਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ ਜਾਣਗੀਆਂ। ਇਨ੍ਹਾਂ ਕਾਰਵਾਈਆਂ ਦਾ ਟਾਕਰਾ ਕਰਨ ਲਈ ਵੱਡੀ ਪੱਧਰ 'ਤੇ ਸੁਕੈਡ ਤਿਆਰ ਕਰਨ ਦੀ ਵੀ ਤਜਵੀਜ਼ ਹੈ।

## ਅਤਿਵਾਦੀ ਬਲਕਾਰ ਸਿੰਘ ਗ੍ਰਿਫਤਾਰ

ਅੰਮ੍ਰਿਤਸਰ — ਕਈ ਕਤਲ ਕੇਸਾਂ ਵਿਚ ਲੋੜੀਂਦਾ ਅਤਿਵਾਦੀ ਬਲਕਾਰ ਸਿੰਘ ਪੁਲੀਸ ਦੇ ਇਕ ਛਾਪੇ ਦੌਰਾਨ ਫੜਿਆ ਗਿਆ ਹੈ। ਪੁਲੀਸ ਨੂੰ ਉਹਦੀ ਬਹੁਤ ਸਾਰੇ ਕੇਸਾਂ ਵਿਚ ਭਾਲ ਸੀ ਅਤੇ ਉਹਦੇ ਸਿਰ ਦਾ ਇਨਾਮ 50.000 ਰੁਪਏ ਰੱਖਿਆ ਹੋਇਆ ਸੀ।

## ਖਾਲਸਾ ਤੇ ਕਾਹਲੋਂ ਦੀ ਮੰਤਰੀ ਮੰਡਲ 'ਚੋਂ ਛੁੱਟੀ

ਚੰਡੀਗੜ੍ਹ — ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਚੋਣ ਸਮੇਂ ਪਾਰਟੀ ਉਮੀਦਵਾਰ ਦਾ ਵਿਰੋਧ ਕਰਨ ਦੇ ਦੋਸ਼ ਵਿਚ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੇ ਦੋ ਮੰਤਰੀਆਂ ਨੂੰ ਆਪਣੀ ਵਜ਼ਾਰਤ ਵਿਚੋਂ ਬਰਤਰਫ ਕਰ ਦਿੱਤਾ ਹੈ।

ਵਿਦਿਆ ਮੰਤਰੀ ਬਸੰਤ ਸਿੰਘ ਖਾਲਸਾ ਅਤੇ ਤਕਨੀਕੀ ਸਿਖਿਆ ਦੇ ਰਾਜ ਮੰਤਰੀ ਨਿਰਮਲ ਸਿੰਘ ਕਾਹਲੋਂ ਨੂੰ ਰਾਜਪਾਲ ਸ੍ਰੀ ਰੇਅ ਨੇ ਮੁੱਖ ਮੰਤਰੀ ਦੇ ਕਹਿਣ 'ਤੇ ਡਿਸਮਿਸ ਕਰ ਦਿੱਤਾ।

ਇਨ੍ਹਾਂ ਮੰਤਰੀਆਂ 'ਤੇ ਦੋਸ਼ ਲਾਇਆ ਗਿਆ ਸੀ ਕਿ ਇਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਚੋਣ ਸਮੇਂ ਗੁਰਚਰਨ ਸਿੰਘ ਟੌਹੜਾ ਦੀ ਮਦਦ ਕੀਤੀ। ਇਹ ਮੰਤਰੀ ਪਹਿਲਾਂ ਹੀ ਖੁਲ੍ਹਮ ਖੁਲ੍ਹਾ ਐਲਾਨ ਕਰ ਰਹੇ ਸਨ ਕਿ ਟੌਹੜਾ ਹੀ ਪ੍ਰਧਾਨਗੀ ਲਈ ਜਾਇਜ਼ ਉਮੀਦਵਾਰ ਹੈ।

ਪੰਜਾਬ ਮੰਤਰੀ ਮੰਡਲ 'ਚ ਕੁਝ ਵਿਅਕਤੀ ਅਜਿਹੇ ਹਨ ਜਿਨ੍ਹਾਂ ਨੂੰ ਟੌਹੜਾ ਪੱਖੀ ਸਮਝਿਆ ਜਾਂਦਾ ਸੀ। ਮਾਲ ਮੰਤਰੀ ਮੇਜਰ ਸਿੰਘ ਉਬੋਕੇ ਸਮੇਤ ਕੁਝ ਮੰਤਰੀਆਂ ਦੀ ਬਰਤਰਫੀ ਅਜੇ ਟਲ ਗਈ ਹੈ। ਪੰਜਾਬ ਵਿਧਾਨ ਸਭਾ 'ਚ ਤਾਕਤ-ਅਜ਼ਮਾਈ ਸਮੇਂ ਬਰਨਾਲਾ ਨੂੰ ਹੁਣ ਪੂਰੀ ਤਰ੍ਹਾਂ ਕਾਂਗਰਸ 'ਤੇ ਨਿਰਭਰ ਕਰਨਾ ਪਵੇਗਾ।

## ਇੰਦਰਾ ਗਾਂਧੀ ਕਤਲ ਕਾਂਡ ਦੇ ਦੋਸ਼ੀਆਂ ਦੀ ਅਪੀਲ ਰੱਦ

### ਹਾਈਕੋਰਟ ਨੇ ਸਜ਼ਾ ਬਹਾਲ ਰੱਖੀ

ਨਵੀਂ ਦਿੱਲੀ — 2 ਦਸੰਬਰ — ਦਿੱਲੀ ਹਾਈ ਕੋਰਟ ਨੇ ਇੰਦਰਾ ਗਾਂਧੀ ਕਤਲ ਕੇਸ 'ਚ ਸਤਵੰਤ ਸਿੰਘ, ਕੇਹਰ ਸਿੰਘ ਅਤੇ ਬਲਵੀਰ ਸਿੰਘ ਨੂੰ ਸੁਣਾਈ ਮੌਤ ਦੀ ਸਜ਼ਾ ਬਹਾਲ ਰੱਖੀ ਹੈ। ਦੋਸ਼ੀਆਂ ਦੀ ਅਪੀਲ ਰੱਦ ਕਰ ਦਿੱਤੀ ਗਈ ਹੈ।

ਆਪਣੇ 643 ਸਫਿਆਂ ਦੇ ਫੈਸਲੇ 'ਚ ਹਾਈ ਕੋਰਟ ਦੇ ਤਿੰਨਾਂ ਜੱਜਾਂ 'ਤੇ ਅਧਾਰਤ ਬੈਂਚ ਨੇ ਹੇਠਲੀ ਅਦਾਲਤ ਦੇ ਜੱਜ ਰਮੇਸ਼ ਚੰਦਰ ਦੇ ਫੈਸਲੇ ਨੂੰ ਬਰਕਰਾਰ ਰੱਖਿਆ ਹੈ। ਫੈਸਲੇ 'ਚ ਕਿਹਾ ਗਿਆ ਹੈ ਕਿ ਦੋਸ਼ੀਆਂ ਨੇ ਅਜਿਹਾ ਘੋਰ ਅਪਰਾਧ ਕੀਤਾ ਹੈ, ਜਿਸ ਵਿਚ ਮੁਆਫੀ ਦੀ ਕੋਈ ਗੁੰਜਾਇਸ਼ ਨਹੀਂ।

ਹਾਈਕੋਰਟ ਦੇ ਜੱਜਾਂ ਨੇ ਇਹ ਫੈਸਲਾ ਉਸ ਸਮੇਂ ਦਿਤਾ ਹੈ ਜਦੋਂ ਕਿ ਪੰਜਾਬ 'ਚ ਸਥਿਤੀ ਤਣਾਉ ਪੂਰਨ ਬਣੀ ਹੋਈ ਹੈ।

ਸਤਵੰਤ ਸਿੰਘ, ਕੇਹਰ ਸਿੰਘ ਅਤੇ ਬਲਵੀਰ ਸਿੰਘ ਹੁਣ ਇਸ ਫੈਸਲੇ ਵਿਰੁੱਧ ਸੁਪਰੀਮ ਕੋਰਟ 'ਚ ਜਾਣਗੇ।

## ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਮੁੜ ਟੌਹੜੇ ਦੀ ਝੋਲੀ 'ਚ



ਅੰਮ੍ਰਿਤਸਰ — 30 ਨਵੰਬਰ — ਅਕਾਲੀਆਂ ਲਈ ਵਕਾਰ ਦਾ ਸਵਾਲ ਬਣੀ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਮੁੜ ਜਥੇਦਾਰ ਟੌਹੜੇ ਦੀ ਝੋਲੀ ਜਾ ਪਈ ਹੈ।

ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ 30 ਨਵੰਬਰ ਨੂੰ ਹੋਈ ਚੋਣ ਵਿਚ ਮੌਜੂਦਾ ਪ੍ਰਧਾਨ ਕਾਬਲ ਸਿੰਘ ਨੂੰ 58 ਦੇ ਮੁਕਾਬਲੇ 74 ਵੋਟਾਂ ਨਾਲ ਹਰਾਇਆ।

ਚੋਣਾਂ ਦੇ ਮੌਕੇ 'ਤੇ ਸਥਿਤੀ ਕਾਫੀ ਤਣਾਓ ਪੂਰਨ ਬਣੀ ਹੋਈ ਸੀ। ਕਿਸੇ ਵੀ ਗੜਬੜ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ ਸਖਤ ਸੁਰੱਖਿਆ ਪ੍ਰਬੰਧ ਕੀਤੇ ਸਨ। ਭਾਰਤੀ ਗਿਣਤੀ ਵਿਚ ਪੁਲੀਸ ਕਰਮਚਾਰੀ ਗੜਬੜ ਦਾ ਮੁਕਾਬਲਾ ਕਰਨ ਲਈ ਤਾਇਨਾਤ ਸਨ।

ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਆਪ ਅੰਮ੍ਰਿਤਸਰ ਹਾਜ਼ਰ ਸਨ। ਰਾਜਨੀਤਕ ਹਲਕਿਆਂ ਵਿਚ ਕਾਬਲ ਸਿੰਘ ਦੀ ਹਾਰ ਨੂੰ ਬਰਨਾਲੇ ਦੀ ਹਾਰ ਕਿਹਾ ਜਾ ਰਿਹਾ ਹੈ। ਬਰਨਾਲੇ ਦੇ ਸਾਥੀ ਮੰਤਰੀਆਂ 'ਚੋਂ ਕੁਝ ਨੇ ਟੌਹੜੇ ਦੀ ਖੁਲ੍ਹਮ ਖੁੱਲ੍ਹੀ ਮਦਦ ਕੀਤੀ। ਇਸ ਚੋਣ ਦੇ ਦੂਰ ਅੰਦੇਸ਼ੀ ਸਿੱਟੇ ਨਿਕਲਣ ਦੀ ਸੰਭਾਵਨਾ ਹੈ।

ਬਾਦਲ ਅਕਾਲੀ ਦਲ ਦੇ ਇਕ ਬੁਲਾਰੇ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੇ ਬਰਨਾਲੇ ਦੀਆਂ ਗਲਤ ਪਾਲਸੀਆਂ ਦੇ ਖਿਲਾਫ ਫਤਵਾ ਦਿਤਾ ਹੈ।

## ਲੀਗ ਦਾ ਹਾਈਜੈਕ

ਖਬਰ ਹੈ ਕਿ ਪੀਪਲਜ਼ ਪਾਰਟੀ ਦੀ ਨੇਤਾ ਬੇਨਜ਼ੀਰ ਆਪਣਾ ਲੋਕਤੰਤਰ ਅੰਦੋਲਨ ਮੁਲਤਵੀ ਕਰ ਕੇ ਸਿਆਸੀ ਜੋੜ ਤੋੜ ਕਰਨ 'ਤੇ ਲਗ ਗਈ ਹੈ। ਕੌਮੀ ਅਸੈਂਬਲੀ ਦੇ ਸਮਾਗਮ ਸਮੇਂ ਇਸਲਾਮਾਬਾਦ ਵਿਚ ਠਹਿਰ ਕੇ ਉਸ ਨੇ ਕਈ ਵਿਰੋਧੀ ਨੇਤਾਵਾਂ ਅਤੇ ਸੱਤਾਧਾਰੀ ਮੁਸਲਿਮ ਲੀਗ ਦੇ ਮੈਂਬਰਾਂ ਨਾਲ ਗਲਬਾਤ ਕਰਕੇ ਉਨ੍ਹਾਂ ਦੀ ਹਮਦਰਦੀ ਜਿੱਤਣ ਦਾ ਯਤਨ ਕੀਤਾ ਹੈ। ਜਦੋਂ ਇਹ ਖਬਰ ਫੈਲੀ ਕਿ ਉਹ ਮੁਸਲਿਮ ਲੀਗੀ ਮੈਂਬਰਾਂ ਨੂੰ ਤੋੜਨ ਲੱਗੀ ਹੈ ਤਾਂ ਇਕ ਨੇਤਾ ਐਮ. ਜ਼ਫਰ ਨੇ ਕਿਹਾ ਕਿ 'ਉਹ ਮੁਸਲਿਮ ਲੀਗ ਦਾ ਹਾਈਜੈਕ (ਹਵਾਈ ਉਧਾਲਾ) ਨਹੀਂ ਹੋਣ ਦੇਵੇਗਾ।"


RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ ਸਾਨੂੰ ਸੇਵਾ ਦਾ ਮੌਕਾ ਦਿਓ

ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ ਗਰੰਟੀ ਦਿੱਤੀ ਜਾਂਦੀ ਹੈ।

All types of Auto Repairs, Body Work, Mechanical Repairs and Painting, Auto upholsitry and Windshields

ICBC claims accepted

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

(PAUL) Dhaliwal

Ph. Bus. (604) 852-1970 Res. 853-4257



B. (Paul) DHALIWAL

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਪੰਜਾਬ ਵਿਚ ਮਾਸੂਮ ਲੋਕਾਂ ਦੇ ਕਤਲ ਅਤੇ ਉਨ੍ਹਾਂ ਦਾ ਪ੍ਰਤੀਕਰਮ

30 ਨਵੰਬਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਹੋਣ ਤੋਂ ਦੋ ਘੰਟੇ ਪਿਛੋਂ ਟਾਂਡੇ ਲਾਗੇ ਬੱਸ ਵਿਚੋਂ 24 ਵਿਅਕਤੀ ਇਕੋ ਫਿਰਕੇ ਦੇ ਕਤਲ ਕੀਤੇ ਜਾਣੇ ਇਕ ਸ਼ਰਮਨਾਕ ਘਟਨਾ ਹੈ। ਬੇਹੱਥੇ ਅਤੇ ਨਿਆਸਰੇ ਲੋਕਾਂ ਉਤੇ ਹਮਲਾ ਜਿਸ ਸੰਸਥਾ ਨੇ ਵੀ ਕਰਵਾਇਆ ਇਸ ਤੋਂ ਵੱਧ ਕਮੀਨੀ ਹਰਕਤ ਹੋਰ ਕੋਈ ਨਹੀਂ ਹੋ ਸਕਦੀ। ਬਹਾਦਰ ਲੋਕ ਅਜਿਹੀ ਕਰਤੂਤ ਕਦੇ ਵੀ ਨਹੀਂ ਕਰਦੇ। ਇਹ ਕੰਮ ਖਰੀਦੇ ਹੋਏ ਬਦਮਾਸ਼ ਕਿਸਮ ਦੇ ਲੋਕ ਹੀ ਕਰ ਸਕਦੇ ਹਨ। ਮਾਸੂਮ ਤੇ ਨਿਰਦੋਸ਼ ਲੋਕਾਂ ਦੇ ਕਤਲਾਂ ਦੀ ਗਿਣਤੀ ਇਸ ਸਾਲ ਅੰਦਰ ਛੇ ਸੌ ਤੋਂ ਉਤੇ ਟੱਪ ਗਈ ਹੈ। ਪੰਜਾਬ ਦੇ ਦੋਵੇਂ ਫਿਰਕੇ ਗਿਣਤੀ ਦੇ ਕੁਝ ਬਦਮਾਸ਼ਾਂ ਤੋਂ ਹੁਣ ਤੰਗ ਆਏ ਪਏ ਹਨ। ਫਿਰਕੂ ਜ਼ਹਿਨੀਅਤ ਦੇ ਲੋਕ ਅਕਸਰ ਅਜਿਹੀਆਂ ਘਟਨਾਵਾਂ ਨੂੰ ਆਈ ਗਈ ਕਰਨ ਦੇ ਆਦੀ ਹੁੰਦੇ ਹਨ ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਹੁੰਦੀ ਕਿ ਇਨ੍ਹਾਂ ਘਟਨਾਵਾਂ ਦਾ ਪ੍ਰਤੀਕਰਮ ਹੋਰ ਮਾਸੂਮ ਲੋਕਾਂ ਦੇ ਕਤਲਾਂ ਵਿਚ ਨਿਕਲਦਾ ਹੈ।

ਪੰਜਾਬ ਵਿਚ ਜਦ ਵੀ ਅਤਿਵਾਦੀ ਘਟਨਾਵਾਂ ਵਾਪਰਦੀਆਂ ਹਨ ਤਾਂ ਪੰਜਾਬ ਤੋਂ ਬਾਹਰ ਵਸਦੇ ਫਿਰਕੂ ਅਨਸਰ ਨੂੰ ਇਹ ਮੌਕਾ ਮਿਲਦਾ ਹੈ ਕਿ ਉਹ ਦੂਜੇ ਫਿਰਕੇ ਦੇ ਲੋਕਾਂ ਉਤੇ ਹਮਲੇ ਕਰੇ। ਪੰਜਾਬ ਤੋਂ ਬਾਹਰ ਵਸਦਾ 50 ਲੱਖ ਸਿੱਖ ਪੰਜਾਬ ਵਿਚ ਕੀਤੇ ਕਤਲਾਂ ਦੀ ਸਜ਼ਾ ਹਰ ਰੋਜ਼ ਭੁਗਤ ਰਿਹਾ ਹੈ। ਕੁਝ ਲੋਕ ਇਹ ਕਹਿੰਦੇ ਹਨ ਕਿ ਅਜਿਹੀਆਂ ਕਰਤੂਤਾਂ ਕੋਈ ਧਾਰਮਿਕ ਬੰਦਾ ਨਹੀਂ ਕਰ ਸਕਦਾ। ਜੇ ਇਹ ਸੱਚ ਹੈ ਤਾਂ ਧਾਰਮਿਕ ਸੰਸਥਾਵਾਂ ਦੇ ਇਹ ਲੋਕ ਇਨ੍ਹਾਂ ਕਤਲਾਂ ਦੀ ਨਿੰਦਾ ਕਰਨ ਤੋਂ ਕਿਉਂ ਹਿਚਕਚਾਉਂਦੇ ਹਨ? ਜਨੂੰਨੀ ਲੋਕ ਨਿੰਦਾ ਕਰਨ ਦੀ ਥਾਂ ਸਗੋਂ ਅਜਿਹੇ ਅਨਸਰਾਂ ਨੂੰ ਹੋਰ ਉਕਸਾਉਂਦੇ ਹਨ।

ਦਿੱਲੀ ਵਿਚ ਜੋ ਘਟਨਾਵਾਂ ਪਿਛਲੇ ਦੋ ਦਿਨਾਂ 'ਚ ਵਾਪਰਦੀਆਂ ਹਨ ਉਹ ਸ਼ਿਵ ਸੈਨਾ ਦੇ ਗੁੰਡਿਆਂ ਵਲੋਂ ਕੀਤੀਆਂ ਜਾ ਰਹੀਆਂ ਦੱਸੀਆਂ ਗਈਆਂ ਹਨ। ਇਹ ਜਨੂੰਨੀ ਗੁੰਡੇ ਦੋਵਾਂ ਹੀ ਫਿਰਕਿਆਂ ਵਿਚ ਹਨ ਅਤੇ ਇਨ੍ਹਾਂ ਦੀਆਂ ਕੀਤੀਆਂ ਦੀ ਸਜ਼ਾ ਆਮ ਲੋਕ ਭੁਗਤਦੇ ਹਨ। ਸਿਆਸੀ ਕਿਸਮ ਦੇ ਬਦਮਾਸ਼ ਇਨ੍ਹਾਂ ਪਾਲਤੂ ਗੁੰਡਿਆਂ ਨੂੰ ਪਾਲਦੇ ਹਨ ਅਤੇ ਆਮ ਜਨਤਾ ਦਾ ਘਾਣ ਕੀਤਾ ਜਾ ਰਿਹਾ ਹੈ।

ਹਜ਼ਾਰਾਂ ਲੋਕ ਇਨ੍ਹਾਂ ਦਿਨਾਂ ਵਿਚ ਪੰਜਾਬ ਨੂੰ ਵਿਦੇਸ਼ਾਂ ਤੋਂ ਜਾ ਰਹੇ ਹਨ ਜਾਂ ਜਾਣ ਦੀਆਂ ਤਿਆਰੀਆਂ ਵਿਚ ਹਨ ਪਰ ਉਥੇ ਹਾਲਾਤ ਅਜਿਹੇ ਹੋ ਰਹੇ ਹਨ ਕਿ ਵਿਦੇਸ਼ਾਂ ਤੋਂ ਜਾਣ ਵਾਲੇ ਵੀ ਨਾਲ ਹੀ ਸਜ਼ਾ ਭੁਗਤ ਰਹੇ ਹਨ। ਅਜੇ ਵੀ ਵਕਤ ਹੈ ਕਿ ਪੰਜਾਬ ਦੇ ਦੋਵਾਂ ਭਾਈਚਾਰਿਆਂ ਦੇ ਲੋਕ ਅਜਿਹੇ ਅਨਸਰਾਂ ਨੂੰ ਮੂੰਹ ਲਾਉਣ ਤੋਂ ਇਨਕਾਰ ਕਰਕੇ ਇਨ੍ਹਾਂ ਫਿਰਕੂ ਜਨੂੰਨੀ ਅਨਸਰਾਂ ਦਾ ਨਿਖੇੜਾ ਕਰ ਦੇਣ ਤਾਂਕਿ ਪੰਜਾਬੀ ਸੁਖ ਦਾ ਸਾਹ ਲੈ ਸਕਣ।

---

ਕਲਿ ਆਈ ਕੁਤੇ ਮੁਹੀ,
ਖਾਜੁ ਹੋਆ ਮੁਰਦਾਰ ਗੁਸਾਈਂ ॥
ਰਾਜੇ ਪਾਪ ਕਮਾਂਵਦੇ,
ਉਲਟੀ ਵਾੜ ਖੇਤ ਕਉ ਖਾਈ ॥

# ਕੀ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ?

—ਸੱਯਦ ਜ਼ਿਆ ਉਲਾ—

ਕੀ ਭਾਰਤ ਵਿਚ ਲਗਾਤਾਰ ਫਿਰਕੂਪੁਣਾ ਵਧ ਰਿਹਾ ਹੈ ਜਾਂ ਭਾਰਤ ਇਕ ਬਹੁਤ ਹੀ ਕਮਜ਼ੋਰ ਧਰਮ ਨਿਰਪੱਖ ਦੇਸ਼ ਹੈ?

ਇਸ ਸਵਾਲ ਤੇ ਫਿਰਕੂਪੁਣੇ ਦੇ ਅਧਿਐਨ ਲਈ ਖੋਜ ਦੀ ਕਾਰਜ ਵਿਧੀ ਤੇ ਅਧਾਰਿਤ ਇਕ ਕੋਰਸ ਦਾ ਹਾਲ ਹੀ ਵਿਚ ਚੰਡੀਗੜ੍ਹ ਵਿਚ ਆਜੋਯਨ ਕੀਤਾ ਗਿਆ। ਇਸ ਦਾ ਆਯੋਜਨ ਪੇਂਡੂ ਅਤੇ ਸਨਅਤੀ ਉਨਤੀ ਲਈ ਖੋਜ ਕੇਂਦਰ (ਸੈਂਟਰ ਫਾਰ ਰਿਸਰਚ ਇਨ ਰੂਰਲ ਐਂਡ ਇੰਡਸਟਰੀਅਲ ਡਿਵੈਲਪਮੈਂਟ) ਨੇ ਕੀਤਾ ਸੀ। ਹਫਤੇ ਦੇ ਇਸ ਕੋਰਸ ਦਾ ਉਦਘਾਟਨ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮਨਮੋਹਨ ਸਿੰਘ ਨੇ ਕੀਤਾ ਤੇ ਪ੍ਰਧਾਨਗੀ ਸ੍ਰੀ ਪੀ. ਐਨ. ਹਕਸਰ ਨੇ ਕੀਤੀ। ਇਸ ਕੋਰਸ ਵਿਚ ਉਤਰੀ ਭਾਰਤ ਦੀਆਂ ਵੱਖ ਵੱਖ ਸਿਖਿਆ ਵਿਦਵਾਨਾਂ ਤੇ ਦਾਰਸ਼ਨਿਕਾਂ ਤੋਂ ਇਲਾਵਾ ਜੀਵਨ ਦੇ ਵੱਖ ਵੱਖ ਪਹਿਲੂਆਂ ਨਾਲ ਸਬੰਧ ਰੱਖਣ ਵਾਲੇ ਉਘੇ ਲੋਕਾਂ ਤੇ ਪੱਤਰਕਾਰਾਂ ਨੇ ਵੀ ਹਿੱਸਾ ਲਿਆ ਤੇ ਸੰਬੋਧਨ ਕੀਤਾ।

ਕੁਝ ਬੁਲਾਰਿਆਂ ਨੇ ਇਸ ਗੱਲ ਤੇ ਜ਼ੋਰ ਦਿਤਾ ਕਿ ਸਰਕਾਰੀ ਨੀਤੀਆਂ ਨੇ ਫਿਰਕੂ ਦੰਗੇ ਕਰਵਾਉਣ ਵਿਚ ਮੱਦਦ ਕੀਤੀ ਹੈ। ਚੋਣਾਂ ਦੀ ਰਾਜਨੀਤੀ ਫਿਰਕੂ ਅੰਕੜਿਆਂ ਤੇ ਨਿਰਭਰ ਹੈ, ਲੋਕਾਂ ਨੂੰ ਰੁਜ਼ਗਾਰ ਦੇਣ ਅਤੇ ਲਾਇਸੈਂਸ ਕੋਟਾ ਆਦਿ ਦੇਣ ਵਿਚ ਵੱਡੇ ਪੱਧਰ ਤੇ ਵਿਤਕਰਾ ਕੀਤਾ ਜਾਂਦਾ ਹੈ।

ਕੁਝ ਬੁਲਾਰਿਆਂ ਦੀ ਰਾਏ ਸੀ ਕਿ ਲਿਬਨਾਨ ਇਕ ਫਿਰਕੂ ਦੇਸ਼ ਹੈ, ਇਸ ਦੇ ਮੁਕਾਬਲੇ ਭਾਰਤ ਇਕ ਬਹੁਤ ਹੀ ਕਮਜ਼ੋਰ ਧਰਮ ਨਿਰਪੱਖ ਦੇਸ਼ ਹੈ। ਭਾਰਤੀ ਸੰਵਿਧਾਨ ਜਾਤਪਾਤ ਦੇ ਆਧਾਰ ਤੇ ਸਮਾਜ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦਾ। ਇਹ ਸਾਰਿਆਂ ਨੂੰ ਬਰਾਬਰ ਹੱਕ ਦੇਂਦਾ ਹੈ ਅਤੇ ਕੁਝ ਹੇਠਲੇ ਵਰਗਾਂ ਨੂੰ ਸੁਰੱਖਿਆ ਵੀ ਪ੍ਰਦਾਨ ਕੀਤੀ ਗਈ ਹੈ। ਫਿਰ ਵੀ ਇਨ੍ਹਾਂ ਬੁਲਾਰਿਆਂ ਨੇ ਇਹ ਮੰਨਿਆ ਕਿ ਸੰਵਿਧਾਨਕ ਸਹੂਲਤਾਂ ਤੇ ਉਨ੍ਹਾਂ ਨੂੰ ਵਰਤੋਂ ਵਿਚ ਲਿਆਉਣ ਵਿਚ ਬੜਾ ਫਰਕ ਹੈ। ਧਰਮ ਨਿਰਪੱਖਤਾ ਦੀਆਂ ਦਾਅਵੇਦਾਰ ਰਾਜਸੀ ਪਾਰਟੀਆਂ ਚੋਣਾਂ ਸਮੇਂ ਜਾਂ ਸਰਕਾਰਾਂ ਬਨਾਉਣ ਸਮੇਂ ਫਿਰਕੂ ਪਾਰਟੀਆਂ ਦੀ ਮੱਦਦ ਲੈਂਦੀਆਂ ਹਨ।

ਇਨ੍ਹਾਂ ਬੁਲਾਰਿਆਂ ਨੇ ਇਸ ਗੱਲ ਤੇ ਸ਼ਾਇਦ ਬਹੁਤਾ ਧਿਆਨ ਨਹੀਂ ਦਿਤਾ ਕਿ ਸ਼ੁਰੂ ਦੇ ਸਾਲਾਂ ਵਿਚ ਖੁਦ ਧਰਮ ਨਿਰਪੱਖਤਾ ਦਾ ਮਤਲਬ ਅਸਪੱਸ਼ਟ ਸੀ, ਇਕ ਪਾਸੇ ਇਸ ਦਾ ਸਪੱਸ਼ਟੀਕਰਨ ਇਹ ਦਿੱਤਾ ਜਾਂਦਾ ਹੈ ਕਿ ਸਾਰੇ ਧਰਮਾਂ ਦਾ ਬਰਾਬਰ ਆਦਰ ਕਰਨਾ ਹੈ ਅਤੇ ਦੂਜੇ ਪਾਸੇ ਮੁਸਲਮਾਨ ਇਸ ਨੂੰ ਅਧਰਮ ਮੰਨਦੇ ਹਨ ਅਤੇ ਹਿੰਦੂਆਂ ਦੇ ਨੇੜੇ ਹਿੰਦੂ ਵਿਚਾਰ ਖੁਦ ਹੀ ਧਰਮ ਨਿਰਪੱਖ ਸੀ। ਉਸ ਸਮੇਂ ਦੀਆਂ ਕੁਝ ਗਲਤੀਆਂ ਨੇ ਧਰਮ ਨਿਰਪੱਖਤਾ ਨੂੰ ਹਾਸੇ ਮਜ਼ਾਕ ਦੀ ਗੱਲ ਬਣਾ ਕੇ ਰੱਖ ਦਿਤਾ। ਮਿਸਾਲ ਦੇ ਤੌਰ ਤੇ ਮੈਸੂਰ (ਹੁਣ ਕਰਨਾਟਕ) ਵਿਚ ਹਿੰਦੂ ਮਹਾਰਾਜਾ ਦੇ ਰਾਜ ਕਾਲ ਵਿਚ ਸਕੂਲ ਜਾਣ ਵਾਲੀਆਂ ਮੁਸਲਮਾਨ ਲੜਕੀਆਂ ਨੂੰ ਆਉਣ ਜਾਣ ਲਈ ਪਰਦੇ ਵਾਲੀਆਂ ਬੈਲ ਗੱਡੀਆਂ ਦਾ ਪ੍ਰਬੰਧ ਸਰਕਾਰ ਵਲੋਂ ਹੁੰਦਾ ਸੀ। ਜਿਵੇਂ ਹੀ ਉਥੇ ਕਾਂਗਰਸ ਸਰਕਾਰ ਬਣੀ ਅਤੇ ਮਹਾਰਾਜ ਦਾ ਰਾਜ ਖਤਮ ਹੋਇਆ ਮੁਸਲਮਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਇਹ ਕਹਿ ਕੇ ਖਤਮ ਕਰਨ ਦਿੱਤੀਆਂ ਗਈਆਂ ਕਿ ਇਹ ਧਰਮ ਨਿਰਪੱਖਤਾ ਦੇ ਵਿਰੁੱਧ ਹਨ।

ਆਰਥਿਕ ਜਾਂ ਕਿਸੇ ਹੋਰ ਕਾਰਨ ਕਰਕੇ ਸਰਕਾਰ ਨੂੰ ਇਸ ਨਾਲ ਕੋਈ ਲਾਭ ਤਾਂ ਨਹੀਂ ਹੋਇਆ ਪਰ ਮੁਸਲਮਾਨਾਂ ਵਿਚ ਖਾਹ-ਮਖਾਹ ਇਹ ਭਾਵਨਾ ਪੈਦਾ ਹੋ ਗਈ ਕਿ ਹਿੰਦੂ ਆਪਣੀ ਬਹੁਗਿਣਤੀ ਦੇ ਜ਼ੋਰ ਨਾਲ ਮੁਸਲਮਾਨਾਂ ਨੂੰ ਦਬਾਅ ਕੇ ਰੱਖਣਾ ਚਾਹੁੰਦੇ ਹਨ। ਇਸ ਦੇ ਨਾਲ ਹੀ ਸਰਕਾਰੀ ਆਯੋਜਨਾ ਵਿਚ ਪੂਜਾ ਪਾਠ ਹੋਣ ਲੱਗਾ ਅਤੇ ਆਮ ਤੌਰ ਤੇ ਲੋਕ ਇਹ ਕਹਿ ਕੇ ਮਜ਼ਾਕ ਕਰਦੇ ਰਹੇ ਕਿ 'ਦੇਖੋ ਇਹ ਧਰਮ ਨਿਰਪੱਖਤਾ ਹੈ?'

## ਕਾਂਗਰਸੀ ਫਿਰਕੂਪੁਣਾ

ਕੋਰਸ ਵਿਚ ਬੁਲਾਰਿਆਂ ਨੇ ਚੋਣ ਦੇ ਸਬੰਧ ਵਿਚ ਕਾਂਗਰਸ ਅਤੇ ਖੱਬੇ ਪੱਖੀ ਪਾਰਟੀਆਂ ਦੀਆਂ ਗਲਤੀਆਂ ਵੱਲ ਵੀ ਇਸ਼ਾਰਾ ਕੀਤਾ। ਪਰ ਉਹਨਾਂ ਦਾ ਕਹਿਣਾ ਇਹ ਸੀ ਕਿ ਸ਼ੁਰੂ ਵਿਚ ਅਰਥਾਂ ਨੂੰ ਸਹੀ ਤੌਰ ਤੇ ਸਮਝਣ ਤੇ ਉਨ੍ਹਾਂ ਨੂੰ ਲਾਗੂ ਕਰਨ ਵਿਚ ਕੁਝ ਗਲਤੀਆਂ ਜ਼ਰੂਰ ਹੋਈਆਂ ਸਨ ਪਰ ਕਾਂਗਰਸ ਨੇ ਬਾਦ ਵਿਚ ਚੋਣਾਂ ਜਿੱਤਣ ਲਈ ਫਿਰਕੂਪੁਣੇ ਨੂੰ ਹਵਾ ਦੇਣ ਵਿਚ ਵੀ ਹਿਚਕਚਾਹਟ ਮਹਿਸੂਸ ਨਹੀਂ ਕੀਤੀ। ਕਮਿਊਨਿਸਟਾਂ ਨੇ ਫਿਰਕੂ ਪਾਰਟੀਆਂ ਨਾਲ ਸਮਝੌਤੇ ਵੀ ਕੀਤੇ ਹਨ।

ਜਮਾਤੇ ਇਸਲਾਮੀ ਅਤੇ ਆਰ. ਐਸ. ਐਸ. ਬਾਰੇ ਬਹਿਸ ਕਰਦਿਆਂ ਬੁਲਾਰਿਆਂ ਨੇ ਉਨ੍ਹਾਂ ਨੂੰ ਖਤਰਨਾਕ ਹੱਦ ਤੱਕ ਫਿਰਕੂ ਗਰਦਾਨਿਆ।

ਕੋਰਸ ਦੌਰਾਨ ਪੁਲਸ ਪ੍ਰਸ਼ਾਸਨ ਅਤੇ ਉਸ ਦੀ ਗਤੀਵਿਧੀ ਬਾਰੇ ਵੀ ਵਿਸਥਾਰ ਪੂਰਵਕ ਵਿਚਾਰ ਕੀਤਾ ਗਿਆ।

ਇਕ ਸੁਝਾਅ ਇਹ ਸੀ ਕਿ ਪੁਲਸ ਕਰਮਚਾਰੀਆਂ ਦੇ ਹੌਂਸਲੇ ਨਾ ਸਿਰਫ ਇਸ ਲਈ ਪਸਤ ਹਨ ਕਿ ਉਨ੍ਹਾਂ ਦੀਆਂ ਤਨਖਾਹਾਂ ਘੱਟ ਹਨ ਬਲਕਿ ਇਸ ਲਈ ਵੀ ਕਿ ਕਰਮਚਾਰੀਆਂ ਦੀ ਨਿਯੁਕਤੀ ਸਮੇਂ ਸਰੀਰਕ ਸਮਰਥਾ ਤੇ ਜ਼ੋਰ ਦਿੱਤਾ ਜਾਂਦਾ ਹੈ ਤੇ ਉਸ ਦੀ ਟਰੇਨਿੰਗ ਸਮਾਜੀ ਜ਼ਿਮੇਵਾਰੀ ਅਤੇ ਲੋਕਤੰਤਰਿਕ ਕਲਿਆਣਕਾਰੀ ਅਧਾਰ ਤੇ ਨਹੀਂ ਹੁੰਦੀ ਇਸ ਤੋਂ ਇਲਾਵਾ ਫਿਰਕੂ ਦੰਗਿਆਂ ਦੇ ਬਾਦ ਲੀਡਰਾਂ ਜਾਂ ਹੋਰ ਰਾਜਸੀ ਆਗੂਆਂ ਦੇ ਜ਼ੋਰ ਦੇਣ ਤੇ ਪੁਲਸ ਦੇ ਉਚ ਅਧਿਕਾਰੀਆਂ ਦੇ ਵਾਰ ਵਾਰ ਤਬਦਾਲਿਆਂ ਦੀ ਵਜ੍ਹਾ ਨਾਲ ਵੀ ਪਸਤ ਕਰਮਚਾਰੀਆਂ ਦੇ ਹੌਂਸਲੇ ਪਸਤ ਹੁੰਦੇ ਹਨ।

## ਸਿੱਖਿਆ ਅਤੇ ਟੀ. ਵੀ.

ਸਿੱਖਿਆ ਅਤੇ ਸੂਚਨਾ ਮਾਧਿਅਮਾਂ ਵਿਚ ਫਿਰਕੂਪੁਣੇ ਦੇ ਤੱਤਾਂ ਤੇ ਬੁਲਾਰਿਆਂ ਨੇ ਇਹ ਰਾਇ ਦਿੱਤੀ ਕਿ 'ਆਰਗੇਨਾਈਜ਼ਰ' ਅਤੇ 'ਰੈਡੀਐਂਸ' ਵਰਗੇ ਫਿਰਕੂ ਅਖਬਾਰਾਂ ਦੀ ਛਪਣ ਗਿਣਤੀ ਕੋਈ ਬਹੁਤ ਨਹੀਂ ਹੈ। ਇਸ ਦੇ ਉਲਟ ਉਨ੍ਹਾਂ ਅਖਬਾਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਜੋ ਫਿਰਕੂਪੁਣੇ ਅਤੇ ਸੈਕਸ ਨੂੰ ਆਪਣਾ ਪ੍ਰਕਾਸ਼ਨ ਵਧਾਉਣ ਲਈ ਕਦੀ ਕਦੀ ਵਰਤ ਲੈਂਦੇ ਹਨ। ਬਦਕਿਸਮਤੀ ਨਾਲ ਹੁਣ ਇਹ ਖਬਰਾਂ ਦੀ ਜਾਣਕਾਰੀ ਨਹੀਂ ਦੇ ਰਹੇ ਬਲਕਿ ਸੂਚਨਾ ਮਾਧਿਅਮ ਦੀ ਮਾਰਕੀਟ ਵਿਚ ਵਿਕਣ ਵਾਲੀ ਇਕ ਵਸਤ ਬਣ ਗਏ ਹਨ।

ਉਨ੍ਹਾਂ ਨੇ ਸ਼ਾਇਦ ਇਸ ਗੱਲ ਨੂੰ ਅੱਖੋਂ ਪਰੋਖੇ ਕਰ ਦਿੱਤਾ ਹੈ ਕਿ ਫਿਰਕੂਪੁਣੇ ਨੂੰ ਹਵਾ ਦੇਣ ਵਿਚ ਅਖਬਾਰਾਂ ਦਾ ਰੋਲ ਬੜਾ ਖਤਰਨਾਕ ਰਿਹਾ ਹੈ। ਮਿਸਾਲ ਦੇ ਤੌਰ ਤੇ ਸ਼ਾਹਬਾਨੋ ਦੇ ਕੇਸ ਵਿਚ ਸੁਪਰੀਮ ਕੋਰਟ ਦੇ ਫੈਸਲੇ ਨੇ ਸਨਸਨੀਖੇਜ ਦੱਸ ਕੇ ਜਾਂ ਉਸ ਨੂੰ ਮੁਸਲਮਾਨਾਂ ਦੀਆਂ ਸਮਾਜਕ ਪਰੰਪਰਾਵਾਂ ਦੀ ਜ਼ਬਰਦਸਤ ਕਮਜ਼ੋਰੀ ਬਣਾ ਕੇ ਪੇਸ਼ ਕਰਨ ਵਿਚ ਅਖਬਾਰਾਂ ਦਾ ਰੋਲ ਸਲਾਹੁਣਯੋਗ ਨਹੀਂ ਕਿਹਾ ਜਾ ਸਕਦਾ ਅਜਿਹੇ ਫੈਸਲੇ ਸੁਪਰੀਮ ਕੋਰਟ ਅਤੇ ਹਾਈ ਕੋਰਟ ਨੇ ਦਿੱਤੇ ਸਨ ਪਰ ਉਸ ਸਮੇਂ ਉਨ੍ਹਾਂ ਵੱਲ ਧਿਆਨ ਨਹੀਂ ਦਿਤਾ ਗਿਆ ਸੀ। ਨਾਲ ਹੀ ਇਹ ਵੀ ਹੋਇਆ ਕਿ ਸ਼ਾਹਬਾਨੋ ਦੇ ਮੁਕੱਦਮੇ ਦੇ ਫੈਸਲੇ ਦੇ ਫੌਰਨ ਬਾਅਦ ਦੇਸ਼ ਭਰ ਤੋਂ ਤਲਾਕਸ਼ੁਦਾ ਮੁਸਲਮਾਨ ਔਰਤਾਂ ਦੇ ਮੁਕਦਮਿਆਂ ਦੀਆਂ ਰਿਪੋਰਟਾਂ ਦੀ ਅਖਬਾਰਾਂ ਵਿਚ ਭਰਮਾਰ ਹੋ ਗਈ।

ਇਸ ਦਾ ਸਿੱਟਾ ਹੀ ਸੀ ਕਿ ਮੁਸਲਮਾਨ ਰੋਹ ਵਿਚ ਆ ਗਏ ਤੇ ਫਿਰਕੂ ਤੱਤਾਂ ਨੇ ਇਸ ਤੋਂ ਖੂਬ ਫਾਇਦਾ ਲਿਆ। ਸਿਨੇਮਾ, ਦੂਰਦਰਸ਼ਨ ਅਤੇ ਰੇਡੀਓ ਦੇ ਬਾਰੇ ਵਿਚ ਬੁਲਾਰਿਆਂ ਨੇ ਕਿਹਾ ਕਿ ਇਨ੍ਹਾਂ ਸੂਚਨਾ

ਬਾਕੀ ਪੰਨਾ 5 ਤੇ

**Immigration and Citizenship Matters**
**JAMES SUE & COMPANY**

**Immigration Advocates**

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact:
**BABU JIM NARAIN** of James, Sue & Company who was 18 years of experience on Immigration and Citizenship matters with top Immigration Lawyers.

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ!

**Evening Office:**
433-4685

#210 - 535 W. 10th Ave. Vancouver, B.C.
**Tel: Off. 873-9441**

# ਮੁਰਦਾ ਜ਼ਮੀਰਾਂ ਵਾਲਿਆਂ ਚੌਵੀ ਬੇਗੁਨਾਹ ਕਤਲ ਕਰ ਦਿੱਤੇ

ਈਸਟ ਇੰਡੀਅਨ ਵੰਰਕਰਜ਼ ਐਸੋ: ਆਫਿ ਕੈਨੇਡਾ, 30 ਨਵੰਬਰ ਦੇ ਦਿਨ ਪੰਜਾਬ ਵਿਚ 24 ਬੇਗੁਨਾਹ ਬੱਸ ਮੁਸਾਫਰਾਂ ਨੂੰ ਮੁਰਦਾਂ ਜ਼ਮੀਰਾਂ ਵਾਲੇ ਖਾਲਿਸਤਾਨੀ-ਵਖਵਾਦੀਆਂ ਵਲੋਂ, ਕਤਲ ਕਰਨ ਦੇ ਗੈਰ ਮਨੁਖੀ, ਘਿਨਾਉਣੇ ਅਤੇ ਬੇਰਹਿਮੀ ਵਾਲੇ ਗੰਦੇ ਕੁਕਰਮ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।

ਖਾਲਿਸਤਾਨੀ ਹਤਿਆਰੇ ਜਿਨ੍ਹਾਂ ਨੂੰ ਅਮਰੀਕੀ ਸਾਮਰਾਜ ਵਲੋਂ ਪਾਕਿਸਤਾਨ ਦੁਆਰਾ ਟਰੇਨਿੰਗ, ਹਥਿਆਰ ਅਤੇ ਪੈਸਾ ਦਿਤਾ ਜਾਂਦਾ ਹੈ, ਭਾਰਤ ਵਿਚ ਅਸਥਿਰਤਾ ਵਾਲੇ ਹਾਲਾਤ ਪੈਦਾ ਕਰਨ ਲਈ ਹੋਰਨਾਂ ਵਖਵਾਦੀ ਟੋਲਿਆਂ ਵਾਂਗ ਪੂਰਾ ਤਾਣ ਲਾ ਕੇ ਪੰਜਾਬੀਆਂ ਵਿਚ ਪਾੜਾ ਪਾਉਣ ਲਈ, ਘੱਟ ਗਿਣਤੀ ਫਿਰਕੇ ਨੂੰ ਪੰਜਾਬੋਂ ਕੱਢਣ ਲਈ ਅਤੇ ਭਾਰਤ ਵਿਚ ਵਸਦੇ ਪੰਜਾਬੀ ਸਿੱਖਾਂ ਨੂੰ ਉਜਾੜਨ ਦੇ ਨਿਸਾਨੇ ਨਾਲ ਕਤਲੋਗਾਰਤ ਕਰ ਰਹੇ ਹਨ ਤਾਂ ਜੋ ਉਹ ਉਜੜ ਕੇ ਪੰਜਾਬ ਆ ਜਾਣ।

ਪੰਜਾਬ ਵਿਚ ਦੇ ਵੱਖਵਾਦੀ ਹਤਿਆਰੇ ਕਦੀ ਵੀ ਅੱਜ ਵਾਲੇ ਹਾਲਾਤ ਪੈਦਾ ਨਾ ਕਰ ਸਕਦੇ ਜੇਕਰ ਪੰਜਾਬੀਆਂ ਦੀਆਂ ਮੰਗਾਂ ਪਹਿਲਾਂ ਪਰਵਾਨ ਕਰ ਲਈਆਂ ਜਾਂਦੀਆਂ। ਫਿਰ ਵੀ ਹੁਣ ਜਦੋਂ ਪੰਜਾਬ ਦੇ ਲੋਕਾਂ ਨੂੰ ਲੌਂਗੋਵਾਲ-ਰਾਜੀਵ ਸਮਝੌਤੇ ਦੇ ਪੱਖ ਵਿਚ ਵਖਵਾਦੀਆਂ ਦੇ ਬਾਈਕਾਟ ਨੂੰ ਕਰਾਰੀ ਹਾਰ ਦੇਕੇ, ਪਰਵਾਨ ਕੀਤਾ। ਪ੍ਰੰਤੂ ਰਾਜੀਵ ਗਾਂਧੀ ਸਰਕਾਰ ਨੇ ਪੰਜਾਬ ਸਮਝੌਤੇ ਉਪਰ ਅੱਖਰ ਅੱਖਰ ਅਮਲ ਨਾ ਕਰਕੇ ਅਤਿਵਾਦੀ-ਵਖਵਾਦੀ ਤੱਤਾਂ ਨੂੰ ਤਕੜਾ ਕਰਨ ਲਈ ਇਕ ਤਰ੍ਹਾਂ ਨਾਲ ਰਾਜਨੀਤਕ ਸਹਾਇਤਾ ਹੀ ਕੀਤੀ ਹੈ। ਜਿਸ ਨਾਲ ਇਨ੍ਹਾਂ ਤੱਤਾਂ ਅਤੇ ਬਾਗੀ ਅਕਾਲੀਆਂ ਨੂੰ ਮਜ਼ਬੂਤ ਕਰਕੇ ਬਰਨਾਲਾ ਸਰਕਾਰ ਨੂੰ ਰਾਜਨੀਤਕ ਤੌਰ ਉਪਰ ਕਮਜ਼ੋਰ ਕੀਤਾ ਹੈ।

ਅਤਿਵਾਦੀਆਂ ਵਲੋਂ ਆਏ ਦਿਨ ਕੀਤੇ ਜਾ ਰਹੇ ਕਤਲਾਂ ਦੇ ਕਾਰਨ, ਪੰਜਾਬ ਦੇ ਆਮ ਲੋਕ ਹੀ ਦੁਖੀ ਹਨ। ਪੰਜਾਬ ਦੇ ਲੋਕ ਇਸ ਭੈਦਾਇਕ-ਕਾਤਲਾਨਾ ਮਾਹੌਲ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਪ੍ਰੰਤੂ ਹਤਿਆਰੇ, ਸਿੱਖ ਧਰਮ ਦੀ ਆੜ ਲੈ ਕੇ ਭੋਲੇ ਭਾਲੇ ਸਿੱਖ ਲੋਕਾਂ ਨੂੰ ਗੁੰਮਰਾਹ ਕਰਦੇ ਰਹੇ ਹਨ। ਹੁਣ ਲੋਕ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ਬੇਗੁਨਾਹਾਂ ਦੇ ਕਤਲ ਇਕ ਵੱਡਾ ਗੈਰ ਮਨੱਖੀ ਗੁਨਾਹ ਹੈ, ਜੋ ਕਿ ਸਿੱਖ ਧਰਮ ਦੇ ਅਸੂਲਾਂ ਦਾ ਵੀ ਘੋਰ ਅਪਮਾਨ ਹੈ। ਇਹੋ ਨਹੀਂ ਇਨ੍ਹਾਂ ਕਾਤਲ ਗਰੋਹਾਂ ਨੂੰ ਔਰੰਗਜ਼ੇਬ, ਮੱਸੇ ਰੰਘੜ, ਅਤੇ ਮੰਨੂੰ ਦੇ ਜ਼ੁਲਮਾਂ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਿੱਖ ਇਤਿਹਾਸ ਵਿਚ ਤਾਂ ਬੇਗੁਨਾਹ ਤੇ ਬੇਸਹਾਰਾ ਲੋਕਾਂ ਦੀ ਸਹਾਇਤਾ ਅਤੇ ਸੇਵਾ ਸੰਭਾਲ ਦਾ ਉਪਦੇਸ਼ ਹੈ। ਸੋ ਇਹ ਕੁਕਰਮ ਸਿੱਖ ਧਰਮ ਨੂੰ ਕਲੰਕਤ ਕਰਨ ਵਾਲੇ ਹਨ।

ਈਸਟ ਇੰਡੀਅਨ ਵਰਕਰਜ਼ ਐਸੋ: ਆਫਿ ਕੈਨੇਡਾ ਇਨ੍ਹਾਂ ਬੇਰਹਿਮ ਕਤਲਾਂ ਦੇ ਸ਼ਿਕਾਰ ਹੋਏ ਪਰਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੀ ਹੈ ਅਤੇ ਵਖਵਾਦੀ ਪ੍ਰਚਾਰ ਅਤੇ ਵਖਵਾਦੀਆਂ ਦੇ ਵਿਰੁਧ ਭਾਈਚਾਰਕ ਏਕਤਾ ਉਸਾਰਨ ਲਈ ਸੱਦਾ ਦਿੰਦੀ ਹੈ।

---

ਪੰਨਾ 4 ਦੀ ਬਾਕੀ

ਮਾਧਿਆਮਾਂ ਨੇ ਪ੍ਰਤੱਖ ਰੂਪ ਨਾਲ ਫਿਰਕੂਪੁਣੇ ਨੂੰ ਹਵਾ ਨਹੀਂ ਦਿਤੀ ਹੈ ਪਰ ਇਹ ਜ਼ਰੂਰ ਹੈ ਕਿ ਇਨ੍ਹਾਂ ਮਾਧਿਅਮਾਂ ਨੇ ਫਿਰਕੂਪੁਣੇ ਬਾਰੇ ਕੋਈ ਸਪੱਸ਼ਟ ਨੀਤੀ ਨਹੀਂ ਅਪਣਾਈ ਅਤੇ ਇਸ ਦਾ ਭਰਪੂਰ ਵਿਰੋਧ ਨਹੀਂ ਕੀਤਾ। ਪਰ ਬੁਲਾਰਿਆਂ ਨੇ ਇਸ ਗੱਲ ਵੱਲ ਕੋਈ ਇਸ਼ਾਰਾ ਤਕ ਨਹੀਂ ਦਿਤਾ ਕਿ ਰੇਡੀਓ ਤੇ ਟੀ ਵੀ ਦੇ ਪਰੋਗਰਾਮਾਂ ਵਿਚ ਖਾਮੀਆਂ ਹਨ। ਮਿਸਾਲ ਦੇ ਤੌਰ ਤੇ ਗੰਗਾ ਨਦੀ ਨੂੰ ਪ੍ਰਦੂਸ਼ਣ ਤੋਂ ਪਵਿਤਰ ਕਰਨ ਲਈ ਮੁਹਿਮ ਬਾਰੇ ਵਿਸਥਾਰਪੂਰਵਕ ਦੱਸਿਆ ਜਾਂਦਾ ਹੈ ਕਿ ਉਥੇ ਪੂਜਾ ਪਾਠ ਹੋ ਰਹੇ ਹਨ। ਇਸ ਪੂਜਾ ਪਾਠ ਨਾਲ ਪ੍ਰਦੂਸ਼ਣ ਦਾ ਕੀ ਸਬੰਧ ? ਇਕ ਪਾਸੇ ਇਹ ਖਬਰ ਦਿੱਤੀ ਜਾਂਦੀ ਹੈ ਕਿ ਇਕ ਸ਼ਹਿਰ ਵਿਚ ਰੱਥ ਯਾਤਰਾ ਨਿਕਲਣ ਬਾਦ ਫਿਰਕੂ ਦੰਗੇ ਹੋਏ ਤੇ ਏਨੇ ਆਦਮੀ ਮਾਰੇ ਗਏ ਅਤੇ ਦੂਜੇ ਪਾਸੇ ਦੂਜੇ ਸ਼ਹਿਰਾਂ ਦੀਆਂ ਰੱਥ ਯਾਤਰਾਵਾਂ ਦਿਖਾਈਆਂ ਜਾਂਦੀਆਂ ਹਨ। ਇਸ ਪਰੋਗਰਾਮ ਨੂੰ ਪੇਸ਼ ਕਰਨ ਵਾਲਿਆਂ ਨੇ ਇਹ ਨਹੀਂ ਸੋਚਿਆ ਹੋਏਗਾ ਕਿ ਇਨ੍ਹਾਂ ਦੰਗਿਆਂ ਵਿਚ ਮਾਰੇ ਗਏ ਖਾਨਦਾਨਾਂ ਤੇ ਇਸ ਦਾ ਕੀ ਅਸਰ ਪਵੇਗਾ ਜਾਂ ਇਕ ਪਾਸੇ ਰੇਡੀਓ ਤੇ ਇਹ ਐਲਾਨ ਕੀਤਾ ਜਾਂਦਾ ਹੈ ਕਿ ਫਲਾਨੇ ਸ਼ਹਿਰ ਵਿਚ ਧਾਰਮਿਕ ਜਲੂਸ ਤੇ ਰੋਕ ਲਾ ਦਿਤੀ ਗਈ ਹੈ ਅਤੇ ਇਸਦੇ ਨਾਲ ਹੀ ਦੂਜੇ ਸ਼ਹਿਰਾਂ ਵਿਚ ਧਾਰਮਕ ਜਲੂਸਾਂ ਦੀ ਰਨਿੰਗ ਕੁਮੈਂਟਰੀ ਪ੍ਰਸਾਰਤ ਕੀਤੀ ਜਾਂਦੀ ਹੈ। ਇਸ ਕੁਮੈਂਟਰੀ ਦਾ ਉਨ੍ਹਾਂ ਲੋਕਾਂ ਤੇ ਕੀ ਮਨੋਵਿਗਿਆਨਕ ਪ੍ਰਭਾਵ ਪੈਦਾ ਹੋਵੇਗਾ ਜਿਨ੍ਹਾਂ ਨੂੰ ਸਰਕਾਰ ਨੇ ਜਲੂਸ ਕੱਢਣ ਤੋਂ ਰੋਕ ਦਿਤਾ ?

---

# ਖਾਲਿਸਤਾਨ ਕਮਾਂਡੋ ਫੋਰਸ ਨੇ ਜ਼ਿਲ੍ਹੇ ਵਾਰ ਹਿੱਟ ਲਿਸਟ ਬਣਾਈ

ਰੋਪੜ — 'ਖਾਲਿਸਤਾਨ ਕਮਾਂਡੋ ਫੋਰਸ' ਨੇ ਹੁਣ ਆਪਣੇ ਜ਼ਿਲਾ ਪੱਧਰ 'ਤੇ ਯੂਨਿਟ ਕਾਇਮ ਕਰਕੇ ਲੈਫਟੀਨੈਂਟ ਜਨਰਲ ਨਿਯੁਕਤ ਕਰ ਦਿੱਤੇ ਹਨ ਅਤੇ ਉਨ੍ਹਾਂ ਦੀਆਂ ਆਪਣੇ ਆਪਣੇ ਜ਼ਿਲੇ ਵਿਚ 'ਗਦਾਰ' ਸਿਆਸੀ ਨੇਤਾਵਾਂ ਨੂੰ ਸੋਧਣ ਦੀਆਂ ਡਿਊਟੀਆਂ ਲਗਾ ਦਿੱਤੀਆਂ ਹਨ। ਡਾਕ ਰਾਹੀਂ ਪ੍ਰੈਸ ਨੂੰ ਜਾਰੀ ਕੀਤੇ ਇਕ ਪੱਤਰ ਵਿਚ ਕਿਹਾ ਗਿਆ ਹੈ ਕਿ ਇਸ ਸਬੰਧੀ ਨਿਯੁਕਤੀਆਂ ਕਰਨ ਲਈ ਬੀਤੇ ਦਿਨੀਂ ਲੁਧਿਆਣੇ ਵਿਚ ਅਣਦੱਸੀ ਥਾਂ ਤੇ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਲਾਭ ਸਿੰਘ ਨੇ ਕੀਤੀ ਅਤੇ ਜ਼ਿਲਾ ਪੱਧਰ 'ਤੇ ਥਾਪੇ ਗਏ ਮੁਖੀਆਂ ਨੂੰ ਆਪਣੇ ਜ਼ਿਲੇ ਦੇ ਗਦਾਰਾਂ ਨੂੰ ਸੋਧਣ ਲਈ ਪਰੋਗਰਾਮ ਉਲੀਕਿਆ ਗਿਆ। ਲੈਫਟੀਨੈਂਟ ਜਨਰਲ ਭਾਈ ਖੜਕ ਸਿੰਘ ਨੂੰ ਜ਼ਿਲਾ ਰੋਪੜ ਦਾ ਮੁਖੀਆ ਥਾਪਿਆ ਗਿਆ ਹੈ। ਇਸ ਤੋਂ ਬਾਅਦ ਕਮਾਂਡੋ ਫੋਰਸ ਰੋਪੜ ਦੀ ਮੀਟਿੰਗ 12 ਨਵੰਬਰ ਨੂੰ ਕਿਸੇ ਅਣਦੱਸੀ ਥਾਂ 'ਤੇ ਹੋਈ ਜਿਸ ਵਿਚ 24 ਨੌਜਵਾਨ ਸ਼ਾਮਲ ਹੋਏ। ਮੀਟਿੰਗ ਵਿਚ ਰੋਪੜ ਜ਼ਿਲੇ ਦੇ ਦਸ ਵਿਅਕਤੀਆਂ ਦੀ ਹਿੱਟ ਲਿਸਟ ਤਿਆਰ ਕੀਤੀ ਗਈ। ਪ੍ਰੈਸ ਨੋਟ ਵਿਚ ਇਨ੍ਹਾਂ ਦੇ ਨਾਂ ਵੀ ਦਰਜ ਕੀਤੇ ਗਏ ਹਨ। ਮੀਟਿੰਗ ਵਿਚ ਇਨ੍ਹਾਂ ਨੂੰ ਆਪਣੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਮਾਫੀ ਮੰਗਣ ਲਈ ਕਿਹਾ ਗਿਆ ਹੈ।

---

# ਫਿਰਕੂ ਸੰਗਠਨ ਅਤਿਵਾਦ ਲਈ ਜ਼ਿੰਮੇਵਾਰ

ਪਟਿਆਲਾ — ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਜ਼ਿਲਾ ਇਕਾਈ ਵਲੋਂ ਇਥੇ "ਅਤਿਵਾਦ" ਉਤੇ ਵਿਚਾਰ ਗੋਸ਼ਟੀ ਕੀਤੀ ਗਈ ਜਿਸ ਵਿਚ ਬੁਲਾਰਿਆਂ ਨੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਪੰਜਾਬ ਦੀ ਵਰਤਮਾਨ ਸਥਿਤੀ ਦਾ ਮੁਖ ਕਾਰਨ ਰਾਜ ਵਿਚ ਫੈਲ ਰਹੇ ਫਿਰਕੂ ਸੰਗਠਨਾਂ, ਖਾਲਿਸਤਾਨੀ ਅਤਿਵਾਦ ਤੇ ਕਾਂਗਰਸ(ਆਈ) ਅਤੇ ਅਕਾਲੀ ਦਲ ਹਨ। ਸਭਾ ਨੇ ਇਨ੍ਹਾਂ ਅਤਿਵਾਦੀ ਤਾਕਤਾਂ ਤੇ ਵਿਰੁਧ ਸਮੂਹ ਲੋਕਾਂ ਅਤੇ ਜਮਹੂਰੀ ਜਥੇਬੰਦੀਆਂ ਨੂੰ ਡਟਣ ਦਾ ਸੱਦਾ ਦਿੱਤਾ। ਗੋਸ਼ਟੀ ਵਿਚ ਪ੍ਰੋ: ਗੋਬਿੰਦ ਸਿੰਘ ਨੇ ਕਿਹਾ ਕਿ ਇਸ ਮਸਲੇ ਦਾ ਹੱਲ ਸਮਾਜਵਾਦੀ ਢੰਗ ਨਾਲ ਕੀਤਾ ਜਾ ਸਕਦਾ ਹੈ। ਡਾ. ਸੁਰਜੀਤ ਸਿੰਘ ਨੇ ਕਿਹਾ ਕਿ ਸਰਕਾਰ ਵਲੋਂ ਇਸ ਸਮੇਂ ਫਿਰਕੂ ਘੱਟ ਗਿਣਤੀਆਂ ਅਤੇ ਵੱਧ ਗਿਣਤੀਆਂ ਨਾਲ ਨਜਿੱਠਣ ਲਈ ਅਪਣਾਈ ਨੀਤੀ ਨੂੰ ਰੋਕਿਆ ਜਾਣਾ ਚਾਹੀਦਾ ਹੈ ਜਿਹੜੀ ਕਿ ਸਮਾਜ ਲਈ ਭਾਰੀ ਨੁਕਸਾਨਦੇਹ ਹੈ। ਡਾ. ਪ੍ਰੇਮ ਖੋਸਲਾ, ਭਗਵੰਤ ਸਿੰਘ (ਪੀ. ਆਰ. ਟੀ. ਸੀ.) ਰਛਪਾਲ ਸਿੰਘ ਐਸ. ਐਫ. ਆਈ., ਚੰਦਰੇਸ਼ਵਰ, ਡਾ. ਦਰਸ਼ਨਪਾਲ ਸਿੰਘ ਤੇ ਡਾ. ਚਮਨ ਲਾਲ ਨੇ ਵੀ ਆਪਣੇ ਵਿਚਾਰ ਰੱਖੇ। ਇਸ ਮੌਕੇ ਉਤੇ ਪੰਜਾਬੀ ਦੇ ਲੋਕ ਕਵੀ ਸ੍ਰੀ ਸੰਤ ਰਾਮ ਉਦਾਸੀ ਅਤੇ ਆਂਧਰਾ ਪ੍ਰਦੇਸ਼ ਸਿਵਲ ਲਿਬਰਟੀ ਕੌਂਸਲ ਦੇ ਜ਼ਿਲਾ ਪ੍ਰਧਾਨ ਜੇ. ਲਕਸ਼ਮਨਰੇਡੀ ਨੂੰ ਸ਼ਰਧਾਂਜਲੀ ਭੇਂਟ ਕੀਤੀ

ROKKO SAREES & FABRICS
6201 Fraser Street
VANCOUVER
Tel: 327-3033
ਰੋਕੋ ਸਾੜ੍ਹੀਜ਼ ਹ਼ਫ਼ਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ

ROKKO SAREES
ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਪੰਜਾਬ ਸਮਝੌਤੇ 'ਤੇ ਅਮਲ ਬਰਨਾਲਾ ਲਈ ਸਹਾਈ ਹੋਣਾ ਸੀ

ਚੰਡੀਗੜ੍ਹ — ਭਾਰਤੀ ਮਾਰਕਸੀ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਏ. ਐਮ. ਐਸ. ਨਮੂੰਦਰੀ ਪਾਦ ਨੇ ਕਿਹਾ ਹੈ ਕਿ ਜੇ ਰਾਜੀਵ-ਲੌਂਗੋਵਾਲ ਸਮਝੌਤੇ ਤੇ ਪੂਰੀ ਤਰ੍ਹਾਂ ਅਮਲ ਕੀਤਾ ਜਾਂਦਾ ਤਾਂ ਅਸਥਿਰਤਾ ਪੈਦਾ ਕਰਨ ਵਾਲੀਆਂ ਅਤੇ ਵਿਘਨਕਾਰੀ ਤਾਕਤਾਂ ਵਿਰੁਧ ਲੜਾਈ ਲਈ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਦੂਸਰੀਆਂ ਤਾਕਤਾਂ ਦੇ ਹੱਥ ਮਜ਼ਬੂਤ ਹੋ ਜਾਂਦੇ। ਮਾਰਕਸੀ ਲੀਡਰ ਨੇ ਕਿਹਾ ਕਿ ਇਹ ਸਮਝੌਤਾ ਏਕਤਾ ਦੀਆਂ ਤਾਕਤਾਂ ਦੇ ਇਕਮੁਠ ਹੋਣ ਅਤੇ ਦੇਸ਼ ਦੀ ਅਖੰਡਤਾ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਉਹਨਾਂ ਕਿਹਾ ਕਿ ਫਿਰਕੂ ਤਾਕਤਾਂ ਵਿਰੁਧ ਇਕੱਲਿਆਂ ਲੜਾਈ ਨਹੀਂ ਲੜੀ ਜਾ ਸਕਦੀ। ਸਾਰੀਆਂ ਰਾਜਸੀ ਪਾਰਟੀਆਂ ਦੇਸ਼ ਦੀ ਏਕਤਾ ਤੇ ਅਖੰਡਤਾ ਵਿਚ ਵਿਸ਼ਵਾਸ ਰੱਖਣ ਵਾਲੀਆਂ ਤਾਕਤਾਂ ਨੂੰ ਮਿਲਕੇ ਵਖਵਾਦ ਵਿਰੁਧ ਲੜਨਾ ਚਾਹੀਦਾ ਹੈ।

# ਪੰਜਾਬ ਦੀ ਤਬਾਹ ਹੋਈ ਸਨਅਤ ਨੂੰ ਰਿਆਇਤਾਂ ਦੇਣ ਦਾ ਸੁਝਾਅ

ਨਵੀਂ ਦਿੱਲੀ — ਪੰਜਾਬ ਦੀ ਆਰਥਿਕਤਾ ਤੇ ਦਹਿਸ਼ਤਵਾਦ ਦਾ ਕੀ ਪ੍ਰਭਾਵ ਪਿਆ ਹੈ ਇਸ ਬਾਰੇ ਇਕਨਾਮਿਕਸ ਸਟੱਡੀ ਦੇ ਇੰਸਟੀਚਿਊਟ ਵਲੋਂ ਜੋ ਅਧਿਐਨ ਕਰਾਇਆ ਗਿਆ ਉਸਨੇ ਸਿਫਾਰਸ਼ ਕੀਤੀ ਹੈ ਕਿ ਪੰਜਾਬ ਨੂੰ ਆਰਥਕ ਤੌਰ ਤੇ ਖੜਾ ਕਰਨ ਲਈ ਇਸਦੀ ਤਬਾਹ ਹੋਈ ਆਰਥਿਕਤਾ ਨੂੰ ਮੁੱਖ ਰੱਖਦਿਆਂ ਇਸਦਾ ਮੁੜ ਵਸੇਬਾ ਕੀਤਾ ਜਾਏ। ਸਾਰੀ ਹਾਲਤ ਦਾ ਅਧਿਐਨ ਕਰਨ ਵਾਲਿਆਂ ਨੇ ਸਿਫਾਰਸ਼ ਕੀਤੀ ਹੈ ਕਿ ਰਾਜ ਦੀਆਂ ਵਿੱਤੀ ਸੰਸਥਾਵਾਂ, ਕਮਰਸ਼ੀਅਲ ਬੈਂਕਾਂ ਤੇ ਹੋਰ ਸਰਕਾਰੀ ਏਜੰਸੀਆਂ ਨੂੰ ਛੋਟੀਆਂ ਵੱਡੀਆਂ ਸਨਅਤਾਂ ਤੇ ਵਪਾਰਕ ਯੂਨਿਟਾਂ ਨੂੰ ਜੋ ਕਰਜ਼ੇ ਦਿਤੇ ਹੋਏ ਹਨ, ਉਹ ਸਾਰੇ ਖਤਮ ਕਰ ਦਿਤੇ ਜਾਣੇ ਚਾਹੀਦੇ ਹਨ। ਇਹ ਵੀ ਸਿਫਾਰਸ਼ ਕੀਤੀ ਗਈ ਹੈ ਕਿ ਸਨਅਤੀ ਯੂਨਿਟਾਂ ਤੋਂ ਵਿਕਰੀ ਕਰ, ਐਕਸਾਈਜ਼ ਡਿਊਟੀਜ਼ ਤੇ ਹੋਰ ਟੈਕਸਾਂ ਦੀ ਵਸੂਲੀ ਵਿਚ ਰਿਲੀਫ ਦਿਤੀ ਜਾਏ। ਰਾਜ ਦੇ ਦਹਿਸ਼ਤਵਾਦੀ ਖੇਤਰਾਂ ਵਿਚ ਜਿਹੜੇ ਯੂਨਿਟ ਹਨ, ਉਹਨਾਂ ਨੂੰ ਸਪੈਸ਼ਲ ਸਬਸਿਡੀ ਤੇ ਕਰਜੇ ਰਿਆਇਤਾਂ ਦਿਤੀਆਂ ਜਾਣ ਕਿਉਂਕਿ ਪਿਛਲੇ ਕੁਝ ਸਾਲਾਂ ਤੋਂ ਮਾੜੇ ਹਾਲਾਤ ਕਾਰਨ ਕਾਰੋਬਾਰ ਬਿਲਕੁਲ ਠੱਪ ਹੋ ਗਿਆ ਹੈ। ਅਧਿਐਨ ਅਨੁਸਾਰ ਪੰਜਾਬ ਵਿਚ 343 ਛੋਟੇ ਵੱਡੇ ਕਾਰਖਾਨੇ ਹਨ ਜਿਨ੍ਹਾਂ ਤੇ 1200 ਕਰੋੜ ਰੁਪੈ ਦੀ ਲਾਗਤ ਆਈ ਹੋਈ ਹੈ, ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਕਰਕੇ ਬਿਮਾਰ ਪਏ ਹਨ। ਕੰਮ ਨਾ ਹੋਣ ਕਾਰਨ ਮਜ਼ਦੂਰਾਂ ਨੂੰ ਸੰਭਾਲਣਾ ਇਹਨਾਂ ਲਈ ਔਖਾ ਹੋ ਗਿਆ ਹੈ ਲੁਧਿਆਣਾ ਜਿਸਨੂੰ ਦੇਸ਼ ਦਾ 'ਮਾਨਚੈਸਟਰ' ਕਿਹਾ ਜਾਂਦਾ ਹੈ, ਵਿਚੋਂ ਕਈ ਵਪਾਰੀ ਕਾਰਖਾਨੇਦਾਰ ਬਾਹਰ ਜਾ ਰਹੇ ਹਨ। ਕੋਈ 200 ਕਰੋੜ ਦਾ ਸਰਮਾਇਆ ਦਿੱਲੀ ਤੇ ਹੋਰਨਾਂ ਖੇਤਰਾਂ ਵਿਚ ਚਲਾ ਗਿਆ ਹੈ। ਦਹਿਸ਼ਤਵਾਦ ਕਾਰਨ ਜਲੰਧਰ ਦੀ ਖੇਡਾਂ ਦੀ ਸਨਅਤ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਥੋਂ ਦਾ 75 ਫੀਸਦੀ ਖੇਡਾਂ ਦਾ ਸਮਾਨ ਬਦੇਸ਼ਾਂ ਨੂੰ ਜਾਂਦਾ ਸੀ ਪਰ ਹੁਣ 25 ਫੀਸਦੀ ਜਾ ਰਿਹਾ ਹੈ। ਬੈਂਕਾਂ ਦੀ ਵਸੂਲੀ 62 ਫੀਸਦੀ ਤੋਂ ਘਟਕੇ 57 ਫੀਸਦੀ ਰਹਿ ਗਈ ਹੈ। ਹਾਲਾਤ ਨੂੰ ਸੁਧਾਰਨ ਲਈ ਸਰਕਾਰ ਨੂੰ ਪੰਜਾਬ ਸਮਝੌਤਾ ਪੂਰੀ ਤਰ੍ਹਾਂ ਲਾਗੂ ਕਰਨ ਦੇ ਇਸ ਲਈ ਸਬੰਧਤ ਪਾਰਟੀਆਂ ਦੀ ਗੋਲਮੇਜ਼ ਕਾਨਫਰੰਸ ਬੁਲਾਈ ਜਾਏ ਤਾਂਕਿ ਪੰਜਾਬ ਮਸਲਾ ਹੱਲ ਹੋ ਸਕੇ।

# ਧਾਰਮਿਕ ਵਖਰੇਵੇਂ ਕਾਰਨ ਕਤਲ

—ਸੁਰਜੀਤ ਖੁਰਸ਼ੀਦੀ—

ਕਿਸੇ ਵੱਡੀ ਤੋਂ ਵੱਡੀ ਜੰਗ ਵਿਚ ਵੀ ਉਤਨੇ ਬੰਦੇ ਨਹੀਂ ਮਰੇ ਜਿਤਨੇ ਕਿ ਧਰਮ ਦੇ ਮੰਨਣ ਵਾਲਿਆਂ ਨੇ ਅੱਜ ਤੱਕ ਧਾਰਮਿਕ ਵਖਰੇਵੇਂ ਕਰ ਕੇ ਮਾਰੇ ਹਨ।

ਯਹੂਦੀਆਂ ਦਾ ਕਤਲ ਕੀਤੇ ਜਾਣਾ ਅਜੇ ਵੀ ਸ਼ਾਇਦ ਖਤਮ ਨਹੀਂ ਹੋਇਆ। ਈਸਾਈਆਂ ਅਤੇ ਇਸਲਾਮ ਦੇ ਪੈਰੋਕਾਰਾਂ ਵਿਚ ਬਾਕਾਇਦਾ ਜੰਗਾਂ ਹੁੰਦੀਆਂ ਰਹੀਆਂ ਹਨ ਜਿਨ੍ਹਾਂ ਨੂੰ ਕਿ ਸਨੀਬੀ ਜੰਗਾਂ ਦਾ ਨਾਂ ਦਿੱਤਾ ਗਿਆ ਹੈ।

ਇਸਲਾਮ ਦੇ ਧਾਰਨੀਆਂ ਸੁੰਨੀਆਂ ਅਤੇ ਸ਼ਈਆ ਮੁਸਲਮਾਨਾਂ ਵਿਚ ਖੜਕਾ-ਦੜਕਾ ਅਜੇ ਚਲ ਹੀ ਰਿਹਾ ਹੈ।

ਰੋਮਨ ਕੈਥੋਲਿਕ ਅਤੇ ਪ੍ਰੋਟੈਸਟੈਂਟ ਈਸਾਈਆਂ ਨੇ ਇਸ ਦੂਸਰੇ ਫਿਰਕੇ ਦੇ ਬੰਦਿਆਂ ਨੂੰ ਜ਼ਿੰਦਾ ਜਲਾ ਦੇਣ ਵਿਚ ਰੱਬ ਦਾ ਖੌਫ ਨਹੀਂ ਖਾਧਾ।

ਈਸਾਈ ਧਰਮ ਦੀਆਂ ਮੁਢਲੀਆਂ ਸ਼ਤਾਬਦੀਆਂ ਵਿਚ ਸ਼ਹੀਦੀਆਂ ਦਾ ਕੋਈ ਅੰਤ ਨਹੀਂ ਸੀ ਰਿਹਾ।

ਖੁਦ ਸਾਡੇ ਭਾਰਤ ਵਿਚ ਮੁਗਲ ਸਮਰਾਟਾਂ ਨੇ ਸਿੱਖ ਗੁਰੂ ਸਾਹਿਬਾਨ ਅਤੇ ਸਿਰਕੱਢ ਸਿੱਖਾਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ। ਹੋਰ ਤਾਂ ਹੋਰ ਸੂਫੀ ਸਰਮਦ ਤਕ ਨੂੰ ਵੀ ਔਰੰਗਜ਼ੇਬ ਨੇ ਨਹੀਂ ਸੀ ਬਖਸ਼ਿਆ। ਮਨਸੂਰ-ਅਲ-ਹਾਜ ਦਾ ਨਾਂ ਕਿਸ ਨੇ ਨਹੀਂ ਸੁਣਿਆ ਹੋਵੇਗਾ।

ਧਰਮ ਦੇ ਨਾਂ 'ਤੇ ਮਾਰੇ ਗਏ ਬੰਦਿਆਂ ਦੀ ਸੂਚੀ ਕਿਵੇਂ ਵੀ ਮੁਕੰਮਲ ਨਹੀਂ ਕੀਤੀ ਜਾ ਸਕਦੀ। ਇਨ੍ਹਾਂ ਸ਼ਹੀਦੀਆਂ ਦੇ ਇਤਿਹਾਸ ਦਾ ਆਰੰਭ ਧਰਮ ਦੇ ਇਤਿਹਾਸ ਦੇ ਨਾਲ ਹੀ ਹੋ ਜਾਂਦਾ ਹੈ।

ਭਾਰਤ ਵਿਚ ਰਿਕਾਰਡ ਰੱਖਣ ਜਾਂ ਇਤਿਹਾਸ ਲਿਖਣ ਦਾ ਰਿਵਾਜ ਹੀ ਨਹੀਂ ਸੀ। ਮੁਗਲਾਂ ਦੇ ਆਣ ਨਾਲ ਹੀ ਇਸ ਦਾ ਅਰੰਭ ਹੋਇਆ। ਸਾਡਾ ਇਤਿਹਾਸ ਸਾਡੇ ਮਿਥਿਹਾਸ ਵਿਚ ਰਲਗਡ ਹੈ। ਹਾਂ, ਬਾਲਮੀਕ ਦੇ ਮਹਾਂ ਕਾਵਿ 'ਰਮਾਇਣ' ਵਿਚ ਧਰਮ ਹੇਤ ਕੀਤੇ ਗਏ ਸੰਬੂਕ ਦੇ ਕਤਲ ਦਾ ਜ਼ਿਕਰ ਜ਼ਰੂਰ ਹੈ।

ਸਾਡੇ ਇਥੇ ਧਰਮ ਦੇ ਨਾਂ ਉਤੇ ਆਮ ਦੰਗੇ ਫਸਾਦ ਹੁੰਦੇ ਰਹਿੰਦੇ ਹਨ। ਇਸ ਮਾਮਲੇ ਵਿਚ ਪਾਕਿਸਤਾਨ ਵੀ ਕਿਸੇ ਨਾਲੋਂ ਘੱਟ ਨਹੀਂ ਹੈ।

ਯੂਰਪੀ ਕੌਮਾਂ, ਖਾਸ ਕਰਕੇ ਈਸਾਈ ਧਰਮ ਵਾਲਿਆਂ ਵਿਚ ਰਿਕਾਰਡ ਰੱਖਣ ਤੇ ਇਤਿਹਾਸ ਦੀ ਸੰਭਾਲ ਦਾ ਆਮ ਰਿਵਾਜ ਹੈ। ਉਨ੍ਹਾਂ ਦੀਆਂ ਲਿਖਤਾਂ ਵਿਚ ਉਦਾਹਰਣ ਵਜੋਂ, ਧਰਮ ਦੇ ਨਾਂ 'ਤੇ ਕੀਤੇ ਗਏ ਕੁਝ ਇਕ ਕਤਲਾਂ ਦਾ ਵੇਰਵਾ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਤੋਂ ਪ੍ਰੇਰਿਤ ਹੋ ਕੇ ਪਾਠਕ ਖੁਦ ਖੋਜ ਕਰਨ ਕਿ ਧਰਮ ਦੇ ਮੰਨਣ ਵਾਲਿਆਂ ਨੇ ਧਰਮ ਦੇ ਵਖਰੇਵੇਂ ਕਾਰਨ ਮਨੁੱਖ 'ਤੇ ਕਿਸ ਕਿਸ ਪ੍ਰਕਾਰ ਦੇ ਜ਼ੁਲਮ ਢਾਏ ਹਨ।

1. ਈਸਾਈਆਂ ਦਾ ਪੈਗੰਬਰ - 660 ਪੂਰਬ ਈਸਾ ਵਿਚ ਆਰੇ ਨਾਲ ਚੀਰਿਆ ਗਿਆ ਸੀ। 2. ਸੁਕਰਾਤ — 399 ਈਸਾ ਪੂਰਬ ਵਿਚ ਜ਼ਹਿਰ ਪਿਲਾ ਕੇ ਮਾਰਿਆ ਗਿਆ ਸੀ। 3. ਈਸਾ ਮਸੀਹ — ਸੰਨ 33 ਵਿਚ ਸੂਲੀ ਚੜ੍ਹਾਇਆ ਗਿਆ ਸੀ। 4. ਜ਼ੇਮਜ਼ (ਧਰਮ ਪ੍ਰਚਾਰਕ) — 43 ਵਿਚ ਸੂਲੀ ਟੰਗਿਆ ਗਿਆ ਸੀ। 5. ਸੇਂਟ ਜ਼ੇਮਜ਼ — 44 ਵਿਚ ਸੰਗਸਾਰ ਕੀਤਾ ਗਿਆ ਸੀ। 6. ਸੇਂਟ ਪੀਟਰ — 67 ਵਿਚ ਸੂਲੀ ਟੰਗਿਆ ਗਿਆ ਸੀ। 7. ਸੇਂਟ ਇਗਨਾਤੀਅਸ — 110 ਵਿਚ ਭੁੱਖੇ ਸ਼ੇਰਾਂ ਅੱਗੇ ਸੁੱਟਿਆ ਗਿਆ ਸੀ। 8. ਸੇਂਟ ਸੈਕੁਨਡਸ — 119 ਵਿਚ ਮੂੰਹ ਵਿਚ ਖੌਲਦਾ ਤਾਰਪੀਨ ਦਾ ਤੇਲ ਅਤੇ ਗੰਦਾ ਬਰੋਜ਼ਾ ਪਾ ਕੇ ਮਾਰਿਆ ਗਿਆ। 9. ਸੇਂਟ ਪੌਲੀਕਾਰਪ — 166 ਵਿਚ ਜ਼ਿੰਦਾ ਜਲਾ ਦਿਤਾ ਗਿਆ ਸੀ। 10. ਸੇਂਟ ਸੈਸੀਲੀਆ — 230 ਵਿਚ ਕਤਲ ਕੀਤੀ ਗਈ ਸੀ। 11. ਸੇਂਟ ਐਂਡਰਿਊ — 235 ਵਿਚ ਸੂਲੀ ਟੰਗਿਆ ਗਿਆ। 12. ਸੇਂਟ ਅਗਾਥਾ — 251 ਵਿਚ ਉਸ ਦੀਆਂ ਛਾਤੀਆਂ ਕੱਟ ਕੇ ਮਾਰ ਦਿੱਤਾ ਗਿਆ ਸੀ। ਮਰਨ ਸਮੇਂ ਉਸ ਨੇ ਕਿਹਾ ਸੀ : ਜ਼ਾਲਮ ਹਤਿਆਰਿਓ ਤੁਹਾਨੂੰ ਮੇਰੇ ਸਰੀਰ ਦਾ ਉਹ ਅੰਗ ਕੱਟਦਿਆਂ ਕੋਈ ਸ਼ਰਮ-ਹਿਆ ਨਹੀਂ ਆਈ ਔਰਤ ਦੇ ਜਿਸ ਅੰਗ ਤੋਂ ਤੁਸੀਂ ਆਪ ਦੁੱਧ ਚੁੰਘਿਆ ਹੈ। 13. ਸੇਂਟ ਲਾਗਰ — 678 ਵਿਚ ਕਤਲ ਕੀਤਾ ਗਿਆ। 14. ਸੇਂਟ ਬੋਨਾਡੇਸ — 755 ਵਿਚ ਸੰਘ ਘੁੱਟ ਕੇ ਮਾਰਿਆ ਗਿਆ। 15. ਸੇਂਟ ਜੇਰੋਮ — 1416 ਵਿਚ ਜ਼ਿੰਦਾ ਜਲਾ ਦਿਤਾ ਗਿਆ। 16. ਪੋਪ ਲੀਊ ਦਸਵਾਂ — 1521 ਵਿਚ ਜ਼ਹਿਰ ਦੇ ਦਿੱਤੀ ਗਈ ਸੀ। 17. ਫਾਦਰ ਜਾਨ ਹੌਟਨ — 1535 ਵਿਚ ਕੈਥੋਲਿਕ ਧਰਮ ਨਾ ਤਿਆਗਣ ਕਰ ਕੇ ਫਾਹੇ ਲਗਾ ਦਿਤਾ ਗਿਆ ਸੀ। ਪਹਿਲਾਂ ਉਸ ਦੀ ਛਾਤੀ ਫਾੜ ਕੇ ਉਸ ਦਾ ਦਿਲ ਬਾਹਰ ਕੱਢਿਆ ਗਿਆ ਸੀ। 18. ਵਿਲੀਅਮ ਹਿਟਲਰ (ਪ੍ਰੋਟੈਸਟੈਂਟ ਸ਼ਹੀਦ) — 1536 ਵਿਚ ਗਲ ਘੁੱਟ ਕੇ ਮਾਰਿਆ ਗਿਆ। 19. ਸ਼ਹੀਦ ਜਾਨ ਲਾਮਬਰ — 1538 ਵਿਚ ਜ਼ਿੰਦਾ ਜਲਾਇਆ ਗਿਆ। 20. ਵਿਲੀਅਮ ਹੰਟਰ (ਪ੍ਰੋਟੈਸਟੈਂਟ) — 1555 ਵਿਚ ਜ਼ਿੰਦਾ ਜਲਾਇਆ ਗਿਆ। 21. ਲਾਰੰਸ ਸਾਂਡਰਸ (ਪ੍ਰੋਟੈਸਟੈਂਟ) — 1555 ਵਿਚ ਜ਼ਿੰਦਾ ਜਲਾਇਆ ਗਿਆ। 22. ਪਾਦਰੀ ਹੂਪਰ (ਪ੍ਰੋਟੈਸਟੈਂਟ) 1555 ਵਿਚ ਜ਼ਿੰਦਾ ਜਲਾਇਆ ਗਿਆ। 23. ਹੱਫ ਲਾਤੀਮਾਰ (ਪ੍ਰੋਟੈਸਟੈਂਟ) — 1555 ਵਿਚ ਜ਼ਿੰਦਾ ਜਲਾਇਆ ਗਿਆ। 24. ਜਾਨ ਨੋਯੇਨ (ਪ੍ਰੋਟੈਸਟੈਂਟ) — 1555 ਵਿਚ ਜ਼ਿੰਦਾ ਜਲਾਇਆ ਗਿਆ। 25. ਅਨਥੋਨੀ ਪੀਆਰਸਨ (ਪ੍ਰੋਟੈਸਟੈਂਟ) — 1555 ਵਿਚ ਉਸ ਨਾਲ ਫੂਸ ਬੰਨ੍ਹ ਕੇ ਜ਼ਿੰਦਾ ਜਲਾਇਆ ਗਿਆ। 26. ਨਿਕੋਲਸ ਰਿਡਲੀ (ਪ੍ਰੋਟੈਸਟੈਂਟ)— 1555 ਵਿਚ ਜ਼ਿੰਦਾ ਜਲਾਇਆ ਗਿਆ। 27. ਮਾਈਕਲ ਸਰਵੇਡਸ (ਪ੍ਰੋਟੈਸਟੈਂਟ) — 1553 ਵਿਚ ਗਿੱਲੀਆਂ ਲੱਕੜਾਂ ਵਿਚ ਰੱਖ ਕੇ ਫੂਕਿਆ ਗਿਆ। 28. ਸਟੀਫਨ ਗਾਰਡੀਲਰ (ਪਾਦਰੀ) — 1555 ਵਿਚ ਜ਼ਿੰਦਾ ਜਲਾਇਆ ਗਿਆ। 29. ਅਰਲ ਆਫ ਅਰਨਾਡੇਲ (ਕੈਥੋਲਿਕ) — 1580 ਵਿਚ ਕਤਲ ਕੀਤਾ ਗਿਆ। 30. ਗੀਓਰਡਾਨੋ ਬਰੂਨੋ — 1600 ਵਿਚ ਸਥਾਪਤ ਧਰਮ ਵਿਰੁੱਧ ਵਿਚਾਰ ਰੱਖਣ ਕਰਕੇ ਜ਼ਿੰਦਾ ਜਲਾਇਆ ਗਿਆ। 31. ਏਸੇਬੀਅਸ ਐਂਡੇਰਿਊਜ਼ (ਸਾਧੂ) — 1650 ਵਿਚ ਕਤਲ ਕੀਤਾ ਗਿਆ।

ਇਸ ਤੋਂ ਇਲਾਵਾ ਉਹ ਬੰਦੇ ਵੀ ਹਨ ਜਿਨ੍ਹਾਂ ਨੂੰ ਧਰਮ ਦੇ ਠੇਕੇਦਾਰਾਂ ਨੇ ਛੇਕ ਦਿਤਾ ਹੁੰਦਾ ਸੀ ਅਤੇ ਉਨ੍ਹਾਂ ਦੀ ਜ਼ਿੰਦਗੀ ਮੋਇਆਂ ਨਾਲੋਂ ਵੀ ਭੈੜੀ ਹੋ ਜਾਂਦੀ ਸੀ। ਪ੍ਰਸਿੱਧ ਯਹੂਦੀ ਦਾਰਸ਼ਨਿਕ ਸਪੀਨੋਜ਼ਾ ਇਸ ਦੀ ਇਕ ਉਦਾਹਰਣ ਸਮਝੀ ਜਾ ਸਕਦੀ ਹੈ।

ਧਰਮ ਦੇ ਮਗਰ-ਜਬਾੜੇ ਨੂੰ ਸਮਾਜਵਾਦੀ ਪ੍ਰਣਾਲੀ ਨੇ ਹੀ ਖੁੰਢਾ ਕੀਤਾ ਹੈ। ਸਰਮਾਏਦਾਰ ਪ੍ਰਬੰਧ ਵਿਚ ਧਰਮ ਰਾਜਨੀਤੀ ਨਾਲ ਰਲਗੱਡ ਹੋ ਕੇ ਅਜੇ ਮਨੁੱਖੀ ਖੂਨ ਉਸ ਤਰ੍ਹਾਂ ਹੀ ਡੋਲ੍ਹ ਰਿਹਾ ਹੈ। ਬੰਦੇ ਨੇ ਅਜੇ ਬੰਦਾ ਬਣਨਾ ਹੈ।

# ਈਰਾਨ ਨੂੰ ਹਥਿਆਰਾਂ ਦੀ ਸਪਲਾਈ ਦਾ ਮਾਮਲਾ ਤਿੰਨ ਮੈਂਬਰੀ ਕਮੇਟੀ ਹਵਾਲੇ

ਵਸ਼ਿੰਗਟਨ — ਅਮਰੀਕਾ ਵਲੋਂ ਈਰਾਨ ਨੂੰ ਹਥਿਆਰਾਂ ਦੀ ਸਪਲਾਈ ਅਤੇ ਇਸ ਮੁਨਾਫੇ ਵਿਚੋਂ ਨਿਕਾਰਗੁਆ ਦੇ ਵਿਦਰੋਹੀਆਂ ਨੂੰ ਮਦਦ ਦੇ ਮਾਮਲੇ ਦੀ ਹੁਣ ਵਾਟਰਗੇਟ ਸਕੈਂਡਲ ਵਾਂਗ ਜਾਂਚ ਹੋਵੇਗੀ ਅਤੇ ਸੰਭਵ ਹੈ ਕਿ ਇਹ ਜਾਂਚ ਪ੍ਰਧਾਨ ਰੀਗਨ ਲਈ ਮਾਰੂ ਸਿਧ ਹੋਵੇ।

ਪ੍ਰਧਾਨ ਰੀਗਨ ਦੇ ਜਾਂਚ ਕਰਾਉਣ ਦੇ ਫੈਸਲੇ ਤੋਂ ਇਕ ਦਮ ਬਾਅਦ ਤਿੰਨ ਜੱਜਾਂ 'ਤੇ ਅਧਾਰਤ ਇਕ ਕਮੇਟੀ ਕਾਇਮ ਕੀਤੀ ਗਈ ਹੈ ਜੋ ਅਜਾਦਾਨਾ ਤੌਰ 'ਤੇ ਇਸ ਸਕੈਂਡਲ ਦੀ ਜਾਂਚ ਕਰੇਗੀ।

ਪ੍ਰਧਾਨ ਰੀਗਨ ਨੇ ਕਿਹਾ ਕਿ ਇਸ ਵਾਦ ਵਵਾਦੀ ਮਾਮਲੇ 'ਤੇ ਵਿਚਾਰ ਕਰਨ ਲਈ ਕਾਂਗਰਸ ਦਾ ਵਿਸ਼ੇਸ਼ ਸਮਾਗਮ ਸੱਦਣ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਰੀਪਬਲਿਕ ਪਾਰਟੀ 'ਤੇ ਇਹ ਜ਼ੋਰ ਪੈ ਰਿਹਾ ਹੈ ਕਿ ਰੀਗਨ ਨਾਲ ਸਬੰਧਤ ਇਸ ਗੰਭੀਰ ਮਾਮਲੇ ਦੀ ਤਹਿ ਤੱਕ ਜਾਂਚ ਕਰਾਈ ਜਾਵੇ।

ਤਿੰਨ ਜੱਜਾਂ 'ਤੇ ਅਧਾਰਤ ਜਾਂਚ ਕਰਨ ਲਈ ਬਣਾਈ ਗਈ ਇਹ ਕਮੇਟੀ 1973 'ਚ ਵਾਟਰਗੇਟ ਸਕੈਂਡਲ ਦੀ ਜਾਂਚ ਕਰਨ ਵਾਲੀ ਕਮੇਟੀ ਵਾਂਗ ਹੋਵੇਗੀ। ਰੀਗਨ ਵਲੋਂ ਪਿਛਲੇ ਹਫਤੇ ਬਣਾਏ ਗਏ ਰਿਵੀਊ ਬੋਰਡ ਨੂੰ ਨੈਸ਼ਨਲ ਸਕਿਉਰਿਟੀ ਕੌਂਸਲ ਦੇ ਇਸ ਮਾਮਲੇ 'ਤੇ ਰੋਲ ਨੂੰ ਜਾਂਚਣ ਦਾ ਕੰਮ ਸੌਂਪਿਆ ਗਿਆ ਸੀ। ਹੁਣ ਬਣਾਈ ਗਈ ਇਹ ਕਮੇਟੀ ਉਸ ਬੋਰਡ ਨਾਲੋਂ ਕਾਫੀ ਸ਼ਕਤੀਸ਼ਾਲੀ ਹੋਵੇਗੀ ਅਤੇ ਸੰਭਵ ਹੈ ਕਿ ਇਹ ਜਾਂਚ ਕਮੇਟੀ ਰੀਗਨ ਨੂੰ ਲੈ ਡੁੱਬੇ।

---

ਇਕ ਔਰਤ ਟਾਈਪਿਸਟ ਨੇ ਦੂਜੀ ਨੂੰ ਕਿਹਾ,
"ਸਾਡੇ ਬਾਸ ਕਿੰਨੇ ਅੱਛੇ ਕੱਪੜੇ ਪਾਉਂਦੇ ਨੇ।"
"ਹਾਂ।—ਤੇ ਪਾ ਵੀ ਕਿੰਨੀ ਜਲਦੀ ਲੈਂਦੇ ਨੇ"
ਦੂਜੀ ਨੇ ਕਿਹਾ।

---


FRIENDS AUTO BODY & PAINTING LTD.

5605 BYRNE RD. BURNABY, B.C.

Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU

# ਬਾਹਰਲੇ ਰਾਜਾਂ ਤੋਂ ਸਿੱਖਾਂ ਦਾ ਆਉਣਾ ਜਾਰੀ

ਅੰਮ੍ਰਿਤਸਰ — ਪੰਜਾਬ ਵਿਚ ਦੂਜੇ ਰਾਜਾਂ ਤੋਂ ਸਿੱਖਾਂ ਦਾ ਪ੍ਰਵਾਸ ਲਗਾਤਾਰ ਜਾਰੀ ਰਹਿਣ ਕਾਰਨ ਰਾਜ ਵਿਚ ਅਮਨ ਨੂੰ ਖਤਰਾ ਖੜ੍ਹਾ ਹੋ ਰਿਹਾ ਹੈ। ਜੇ ਬਾਹਰਲੇ ਰਾਜਾਂ ਦੀਆਂ ਸਰਕਾਰਾਂ ਨੇ ਆਪਣੇ ਰਾਜਾਂ ਵਿਚ ਰਹਿ ਰਹੇ ਸਿੱਖਾਂ ਦਾ ਵਿਸ਼ਵਾਸ ਬਹਾਲ ਕਰਨ ਲਈ ਅਸਰਦਾਰ ਕਦਮ ਨਾ ਚੁਕੇ ਤਾਂ ਪ੍ਰਵਾਸ ਨੂੰ ਰੋਕਿਆ ਨਹੀਂ ਜਾ ਸਕੇਗਾ। ਇਹ ਮੁਲਾਂਕਣ ਰਾਜ ਸਰਕਾਰ ਦਾ ਹੈ। ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਸਾਲ 14 ਫਰਵਰੀ ਤੱਕ 26087 ਪ੍ਰਵਾਸੀ ਪਰਿਵਾਰ ਰਜਿਸਟਰ ਹੋਏ ਤੇ 31 ਜੁਲਾਈ ਤੱਕ 670 ਅਰਜ਼ੀਆਂ ਬਾਰੇ ਫੈਸਲਾ ਹੋਣਾ ਬਾਕੀ ਸੀ।

ਸਭ ਤੋਂ ਵੱਧ ਪ੍ਰਵਾਸੀ ਪਰਿਵਾਰ ਲੁਧਿਆਣਾ ਵਿਚ ਰਜਿਸਟਰ ਹੋਏ ਜਿਨ੍ਹਾਂ ਦੀ ਗਿਣਤੀ 10,283 ਸੀ। ਇਸ ਤੋਂ ਬਾਅਦ ਰੋਪੜ ਵਿਚ 3,718 ਤੇ ਅੰਮ੍ਰਿਤਸਰ ਵਿਚ 2894 ਪਰਿਵਾਰ ਰਜਿਸਟਰ ਹੋਏ। ਬੁਲਾਰੇ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਰਾਜ ਵਿਚੋਂ ਘੱਟ ਗਿਣਤੀ ਫਿਰਕੇ ਦੇ ਲੋਕਾਂ ਦੇ ਪ੍ਰਵਾਸ ਨੂੰ ਠੱਲ੍ਹ ਪਾਉਣ ਵਿਚ ਕਾਮਯਾਬ ਹੋ ਗਈ ਹੈ। ਪ੍ਰਚਾਰ ਸਾਧਨ ਰਾਜ ਵਿਚੋਂ ਹਿੰਦੂਆਂ ਦੇ ਪ੍ਰਵਾਸ ਸਬੰਧੀ ਵਧਾ-ਖੜ੍ਹਾ ਕੇ ਖਬਰਾਂ ਦੇ ਰਹੇ ਹਨ।

ਰਾਜ ਵਿਚੋਂ 1253 ਹਿੰਦੂ ਪਰਿਵਾਰ ਬਾਹਰ ਗਏ ਸਨ ਜਿਨ੍ਹਾਂ ਵਿਚੋਂ ਸਭ ਤੋਂ ਵੱਧ 614 ਗਵਾਂਢੀ ਰਾਜ ਹਰਿਆਣਾ ਵਿਚ ਗਏ। ਕੁਝ ਪਰਿਵਾਰ ਪੰਜਾਬ ਦੇ ਅੰਦਰ ਹੀ ਪੇਂਡੂ ਇਲਾਕਿਆਂ ਵਿਚੋਂ ਉਠ ਕੇ ਸ਼ਹਿਰਾਂ ਵਿਚ ਜਾ ਵਸੇ ਜਿਨ੍ਹਾਂ ਦੀ ਗਿਣਤੀ 159 ਹੈ। ਦਿੱਲੀ ਵਿਚ ਇਸ ਵੇਲੇ 151 ਅਜਿਹੇ ਪਰਿਵਾਰ ਠਹਿਰੇ ਹੋਏ ਹਨ ਜਿਨ੍ਹਾਂ ਨੂੰ ਸਰਕਾਰ ਨੇ ਸਹੂਲਤਾਂ ਦਿੱਤੀਆਂ ਹਨ। ਸਰਕਾਰੀ ਬੁਲਾਰੇ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਅਤਿਵਾਦ ਵਿਰੋਧੀ ਮੁਹਿਮ ਵਿਚ ਲੋਕਾਂ ਨੂੰ ਸ਼ਾਮਲ ਕਰ ਕੇ ਕਾਫੀ ਠੱਲ੍ਹ ਪਾਈ ਹੈ।

# ਅਤਿਵਾਦੀਆਂ ਦਾ ਪਤਾ ਲਾਉਣ ਲਈ 'ਸਰਵੇਖਣ'

ਚੰਡੀਗੜ੍ਹ — ਚੰਡੀਗੜ੍ਹ ਵਿਚ ਛੁਪੇ ਅਤਿਵਾਦੀਆਂ ਦਾ ਪਤਾ ਲਗਾਉਣ ਲਈ ਸਥਾਨਕ ਪੁਲੀਸ ਨੇ ਸ਼ਹਿਰ ਦੇ ਵੱਖ ਵੱਖ ਸੈਕਟਰਾਂ ਵਿਚ ਘਰ ਘਰ ਜਾ ਕੇ ਪੁੱਛ ਗਿੱਛ ਕੀਤੀ ਹੈ। ਜਾਣਕਾਰ ਸੂਤਰਾਂ ਤੋਂ ਪਤਾ ਲੱਗਿਆ ਹੈ ਕਿ ਪੁਲੀਸ ਘਰ ਘਰ ਜਾ ਕੇ ਮਾਲਕ ਮਕਾਨਾਂ ਤੋਂ ਇਹ ਪਤਾ ਕਰ ਰਹੀ ਹੈ ਕਿ ਉਨ੍ਹਾਂ ਦੇ ਮਕਾਨਾਂ ਵਿਚ ਕਿਹੜੇ ਕਿਹੜੇ ਵਿਅਕਤੀ ਕਿਰਾਏ 'ਤੇ ਰਹਿੰਦੇ ਹਨ ਅਤੇ ਕਦੋਂ ਤੋਂ ਰਹਿੰਦੇ ਹਨ। ਇਹ ਸਰਵੇਖਣ ਚੰਡੀਗੜ੍ਹ ਦੇ ਦੂਜੇ ਫੇਜ਼ ਦੇ ਸੈਕਟਰਾਂ, ਵਿਸ਼ੇਸ਼ ਕਰਕੇ ਸੈਕਟਰ 44, 45, 42, 41, 35, 36 ਤੇ 34 ਵਿਚ ਕੀਤਾ ਜਾ ਰਿਹਾ ਹੈ। ਕੁਝ ਦਿਨ ਪਹਿਲਾਂ ਪੰਜਾਬ ਪੁਲਸ ਨੇ ਸੈਕਟਰ 35 ਦੀ ਇਕ ਕੋਠੀ ਉਤੇ ਛਾਪਾ ਮਾਰ ਕੇ ਕੁਝ ਯੁਵਕਾਂ ਨੂੰ ਗ੍ਰਿਫਤਾਰ ਕੀਤਾ ਸੀ। ਇਸ ਮਗਰੋਂ ਵੱਖ ਵੱਖ ਥਾਣਿਆਂ ਦੇ ਮੁਖੀਆਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਆਪੋ ਆਪਣੇ ਇਲਾਕਿਆਂ ਦਾ ਸਰਵੇਖਣ ਕਰਨ।

# ਵਿਲੀਅਮਜ਼ਲੇਕ ਦੀ ਡਾਇਰੀ




ਮਿਊਂਸਪੈਲਿਟੀ ਚੋਣਾਂ — ਐਤਕੀਂ ਮੇਅਰ ਦੀ ਚੋਣ ਨਾ ਹੋਣ ਕਰਕੇ ਟੱਕਰ ਸਿਰਫ ਐਲਡਰਮੈਨਾਂ ਵਿਚਕਾਰ ਹੀ ਸੀ। ਤਿੰਨਾਂ ਸੀਟਾਂ ਲਈ ਪੰਜ ਉਮੀਦਵਾਰ ਸਨ। ਤਿੰਨ ਪੁਰਾਣੇ, ਦੋ ਨਵੇਂ। ਪਿਛਲੇ ਤਿੰਨੇ ਚੁਣੇ ਗਏ। ਰੇ ਵੁੱਡ ਸਭ ਤੋਂ ਉਪਰ, ਗੁਰਬਖਸ਼ ਸਿੰਘ ਸੈਣੀ ਉਸ ਤੋਂ ਪਿਛੋਂ ਅਤੇ ਜਾਨ ਤੀਜੇ ਨੰਬਰ 'ਤੇ।

ਮਹਿਲਾ ਟਾਊਨਜੇਂਡ ਤੇ ਰਾਜਿੰਦਰ ਸਿੰਘ ਸੁੰਨੜ ਦੀ ਕਿਸਮਤ ਨਹੀਂ ਉਘੜ ਸਕੀ। ਸੁੰਨੜ 567 ਵੋਟਾਂ ਹੀ ਹਾਸਲ ਕਰ ਸਕਿਆ ਜੋ ਕਿ ਪਹਿਲੀ ਝੜਪ ਨਾਲੋਂ ਭੀ ਘੱਟ ਸਨ।

ਕਾਰਣ ਇਹੋ ਲੱਗਦਾ ਹੈ ਕਿ ਦੋਵੇਂ ਉਮੀਦਵਾਰ ਸੋਕਰਡ ਪਾਰਟੀ ਵਲੋਂ ਸਨ ਇਕ ਆਫੀਸ਼ਲ ਤੇ ਦੂਜਾ ਨਾਨ-ਆਫੀਸ਼ੀਅਲ।

**ਦੂਜਾ ਗੁਰੂ ਘਰ** — ਵਿਲੀਅਮਜ਼ਲੇਕ ਵਿਚ ਇਕ ਗੁਰੂ ਘਰ ਤਾਂ ਹੈ ਹੀ ਪਰ ਹੁਣ ਦੂਜੇ ਗੁਰੂ ਘਰ ਲਈ ਜ਼ਮੀਨ ਖਰੀਦੀ ਜਾ ਚੁੱਕੀ ਹੈ। ਜਾਇਦਾਦ ਸਿੰਘ ਸਭਾ ਦੇ ਨਾਂ ਤੇ ਰਜਿਸਟਰ ਹੋਈ ਹੈ। ਤੇ ਰੀਜ਼ੋਨਿੰਗ ਲਈ ਅਰਜ਼ੀ ਕੌਂਸਲ ਪਾਸ ਪਹੁੰਚ ਚੁੱਕੀ ਹੈ।

ਯਾਦ ਰਹੇ ਇਹ ਉਹ ਗਰੁੱਪ ਹੈ ਜਿਸ ਵਿਚ ਸਿੰਘ ਸਭਾ, ਸਟੂਡੈਂਟਸ ਫੈਡਰੇਸ਼ਨ ਤੇ ਡਬਲਯੂ ਐਸ ਓ ਦਾ ਮਿਲਗੋਭਾ ਹੈ। ਸਿੰਘ ਸਭਾ ਵਲੋਂ ਕਿਸ਼ਨ ਸਿੰਘ ਪਰਮਾਰ ਤੇ ਸਟੂਡੈਂਟ ਫੈਡਰੇਸ਼ਨ ਵਲੋਂ ਕੁਲਦੀਪ ਦਿਓਲ ਤੇ ਰਾਜਿੰਦਰ ਸੁੰਨੜ ਅਤੇ ਡਬਲਯੂ ਐਸ ਓ ਵਲੋਂ ਗਿਆਨ ਸਿੰਘ ਸੰਧੂ ਇਸ ਗਰੁੱਪ ਦੀ ਦੇਖ-ਭਾਲ ਕਰਦੇ ਰਹੇ ਹਨ।

ਗੁਰਦੁਵਾਰਾ ਸਾਹਿਬ ਲਈ ਸੇਵਾਦਾਰਾਂ ਦੀ ਚੋਣਾਂ ਲਈ ਇਹ ਧੜਾ ਤਿੰਨ ਵੇਰੀਂ ਲਗਾਤਾਰ ਹਾਰ ਖਾਂਦਾ ਰਿਹਾ। ਸੁਪਰੀਮ ਕੋਰਟ ਭੀ ਦੇਖੀ। ਜਾਣੀ ਕਹਿ ਲਉ ਕਿਹੜਾ ਦਾਰੂ ਨਹੀਂ ਕੀਤਾ। ਪਰ ਗੱਲ ਨਾ ਬਣੀ। ਅਖੀਰ ਲੀਡਰਾਂ ਸੋਚ-ਵਿਚਾਰ ਕੀਤੀ ਕਿ ਕਿਵੇਂ ਲੋਕਾਂ ਵਿਚ ਕੰਧ ਪੱਕੀ ਕੀਤੀ ਜਾ ਸਕਦੀ ਹੈ — ਬੱਸ ਨਵੇਂ ਗੁਰਦੁਆਰੇ ਲਈ ਹੋਕਾ ਦੇ ਦਿੱਤਾ। ਵੱਡੇ ਲੀਡਰ ਕੰਮ ਦੱਸ ਕੇ ਆਪਣੇ ਕੰਮੀਂ ਲੱਗ ਗਏ, ਛੋਟੇ ਗਭਰੋਟ ਕੰਮ ਤੇ ਜੁਟ ਪਏ ਹਨ ਤੇ ਅਗਲੇ ਵਰ੍ਹੇ ਨਵੀਂ ਬਿਲਡਿੰਗ ਅੰਦਰ ਜੈਕਾਰਾ ਛੱਡ ਹੁੰਦਾ ਚਾਹੁਣਗੇ।

ਗੱਲ ਚਲਾਈ ਸੀ ਕਿ ਕਮਿਊਨਿਟੀ ਹਾਲ ਬਣਾ ਲਓ ਜਿਸਦੀ ਲੋੜ ਹੈ। ਪਰ ਇਹ ਗੱਲ ਉਨ੍ਹਾਂ ਨੂੰ ਰਾਸ ਨਹੀਂ ਸੀ ਆਉਂਦੀ। ਨਾਲੇ ਜਿਹੜੇ ਗਰੁੱਪ ਬਣਾ ਕੇ ਰਾਜ ਕਰਨਾ ਚਾਹੁਣ ਉਹ ਕਦੋਂ ਮਿਲਣ ਦੀ ਗੱਲ ਕਰਦੇ ਹਨ। ਜਿਹੜੇ ਲੋਕੀਂ ਖਿਆਲ ਕਰਦੇ ਹਨ ਕਿ ਝਗੜੇ ਮੁੱਕ ਜਾਣਗੇ — ਉਹ ਗਲਤ ਸੋਚਣੀ ਦੇ ਧਾਰਨੀ ਹਨ। ਝਗੜੇ ਤਾਂ ਮਨੁੱਖ ਦੇ ਨਾਲ ਹੀ ਰਹਿਣੇ ਹਨ ਤੇ ਹੱਲ ਭੀ ਇਸੇ ਨੇ ਕਰਨੇ ਹਨ। ਕਿਵੇਂ ਵੀ ਹੈ ਸ਼ਾਂਤੀ ਤੇ ਪਿਆਰ ਚਾਹੁਣ ਵਾਲਿਆਂ ਦੀ ਚਾਹ ਪੂਰੀ ਨਹੀਂ ਹੁੰਦੀ ਦਿਸਦੀ — ਉਹ ਹੱਸਣ ਕਿ ਰੋਣ — ਸਮਝ ਨਹੀਂ ਆਉਂਦਾ।

ਗੁਰਮੇਲ ਸਿੰਘ

ਕੀ ਕਰਨਾ ਮੈਂ ਅਜ ਅਦਰ ਦੇ,
ਭਰ ਵਗਦੇ ਦਰਿਆ ਦਾ
ਮੇਰਾ ਆਪਾ ਕਿਰਦਾ ਜਾਵੇ
ਬਣ ਬਣ ਕੇ ਜਦ ਰੇਤਾ!


# ਖਾਲਸਾ ਦੀਵਾਨ ਸੁਸਾਇਟੀ, ਨਿਊਵੈਸਟਮਿਨਸਟਰ ਦੀ ਚੋਣ ਬਾਰੇ ਫੈਸਲਾ 9 ਦਸੰਬਰ ਨੂੰ ਹੋਵੇਗਾ

ਗੁਰੂ ਦੀ ਸਾਜੀ ਨਿਵਾਜੀ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ॥

ਅਸੀਂ ਆਪ ਜੀ ਨੂੰ ਸੂਚਨਾ ਦੇਣਾ ਚਾਹੁੰਦੇ ਹਾਂ ਕਿ ਮੌਜੂਦਾ ਪ੍ਰਬੰਧਕ ਕਮੇਟੀ ਵਲੋਂ ਜੋ ਚੋਣ ਬਾਰੇ ਚਿੱਠੀਆਂ ਕੱਢੀਆਂ ਹਨ ਕਿ ਚੋਣ 14 ਦਸੰਬਰ ਨੂੰ ਹੋਵੇਗੀ ਅਤੇ ਗੁਰਨਾਮ ਸਿੰਘ ਗਿੱਲ ਬਿਨਾਂ ਮੁਕਾਬਲਾ ਪ੍ਰਧਾਨ ਚੁਣਿਆ ਗਿਆ ਹੈ — ਇਹ ਮੌਜੂਦਾ ਪ੍ਰਬੰਧਕ ਕਮੇਟੀ ਦੀ ਇਕ ਹੋਰ ਧੱਕੇਸ਼ਾਹੀ ਵਾਲੀ ਕਾਰਵਾਈ ਹੈ।

ਇਸ ਧੱਕੇਸ਼ਾਹੀ ਵਤੀਰੇ ਵਿਰੁੱਧ ਲੜਨ ਦਾ ਹੋਰ ਕੋਈ ਰਾਹ ਨਾ ਰਹਿਣ ਕਾਰਨ ਆਖਰ ਸਾਨੂੰ ਕੋਰਟ ਵਿਚ ਮਜਬੂਰਨ ਜਾਣਾ ਪਿਆ ਹੈ ਕਿਉਂਕਿ ਗ਼ੈਰਕਾਨੂੰਨੀ ਚੋਣਾਂ ਹੋਣੀਆਂ ਸੰਗਤਾਂ ਨਾਲ ਸਿੱਧਾ ਧੱਕਾ ਹੈ।

ਬੀ. ਸੀ. ਦੀ ਸੁਪਰੀਮ ਕੋਰਟ ਵਿਚ ਇਕ ਅਰਜ਼ੀ ਇਨ੍ਹਾਂ ਆਧਾਰਾਂ ਉਤੇ ਦਿੱਤੀ ਗਈ ਹੈ:

1. ਕਿ ਭਾਈ ਮਲਕੀਤ ਸਿੰਘ ਮੁੱਤੀ ਦੇ ਨੌਮੀਨੇਸ਼ਨ ਪੇਪਰ ਗ਼ਲਤ ਢੰਗ ਨਾਲ ਰੱਦ ਕੀਤੇ ਗਏ ਹਨ ਇਸ ਲਈ ਨੌਮੀਨੇਸ਼ਨ ਬਰਕਰਾਰ ਰੱਖੀ ਜਾਵੇ।
2. ਕਿ ਐਗਜ਼ੇਕਟਿਵ ਕਮੇਟੀ ਦੀ 14 ਦਸੰਬਰ ਦੀ ਸਾਲਾਨਾ ਮੀਟਿੰਗ ਉਤੇ ਰੋਕ ਲਾਈ ਜਾਵੇ ਅਤੇ ਇਹ ਮੀਟਿੰਗ ਅੱਗੇ ਪਾਈ ਜਾਵੇ।
3. ਵੋਟਰਾਂ ਦੀ ਲਿਸਟ ਸਹੀ ਢੰਗ ਨਾਲ ਬਣਾਈ ਜਾਵੇ ਤਾਂਕਿ ਮੈਂਬਰਾਂ ਦੀ ਸਹੀ ਪਹਿਚਾਣ ਹੋ ਸਕੇ।
4. ਸੁਸਾਇਟੀ ਦੇ ਨੇਮਾਂ ਅਨੁਸਾਰ ਸਹੀ ਢੰਗ ਅਪਣਾ ਕੇ ਸਹੀ ਮੈਂਬਰਸ਼ਿਪ ਬਨਾਉਣ ਲਈ ਹਦਾਇਤਾਂ ਜਾਰੀ ਹੋਣ।
5. ਕਿ ਚੋਣਾਂ ਹੋਣ ਤੱਕ ਮੌਜੂਦਾ ਪ੍ਰਬੰਧਕ ਕਮੇਟੀ ਨੂੰ ਸੁਸਾਇਟੀ ਦੀ ਕਿਸੇ ਜਾਇਦਾਦ ਵੇਚਣ ਤੋਂ ਤੇ ਹੋਰ ਫੰਡ ਖਰਚਣ ਤੋਂ ਰੋਕਿਆ ਜਾਵੇ।
6. ਇਹ ਹੁਕਮ ਦਿਤਾ ਜਾਵੇ ਕਿ ਪੁਰਾਣੀ ਐਗਜ਼ੇਕਟਿਵ ਕਮੇਟੀ ਕੋਲ ਕੋਈ ਹੱਕ ਨਹੀਂ ਹਨ ਤੇ ਉਹ ਹੁਣ ਐਗਜ਼ੇਕਟਿਵ ਕਮੇਟੀ ਨਹੀਂ ਰਹੀ।
7. ਚੋਣਾਂ ਤੱਕ ਅੰਤਰਮ ਕਮੇਟੀ ਨਾਮਜ਼ਦ ਕੀਤੀ ਜਾਵੇ।
8. 31 ਅਕਤੂਬਰ 1986 ਤੱਕ ਸਾਰੇ ਮੈਂਬਰਸ਼ਿਪ ਕਾਰਡ ਜਾਰੀ ਨਹੀਂ ਕੀਤੇ ਗਏ ਤੇ ਉਹ ਜਲਦੀ ਜਾਰੀ ਕੀਤੇ ਜਾਣ।

**ਉਪਰੋਕਤ ਮੱਦਾਂ ਉਤੇ ਫੈਸਲਾ 9 ਸਤੰਬਰ, 1986 ਨੂੰ ਸਵੇਰੇ ਦਸ ਵਜੇ ਬੀ. ਸੀ. ਸੁਪਰੀਮ ਕੋਰਟ, ਵੈਨਕੂਵਰ ਵਿਚ ਹੋਵੇਗਾ।**

ਸੰਗਤਾਂ ਦੇ ਸੇਵਾਦਾਰ
ਮਲਕੀਤ ਸਿੰਘ ਮੁੱਤੀ ਸਲੇਟ ਦੇ ਸੇਵਾਦਾਰ

# ਫਾਜ਼ਿਲਕਾ-ਅਬੋਹਰ ਦੇ ਇਲਾਕਿਆਂ 'ਤੇ ਹਰਿਆਣਾ ਦਾ ਦਾਅਵਾ ਅਜੇ ਵੀ — ਬੰਸੀ ਲਾਲ

ਝਜਾਰੀ — ਹਰਿਆਣਾ ਦੇ ਮੁਖ ਮੰਤਰੀ ਬੰਸੀ ਲਾਲ ਨੇ ਸਪੱਸ਼ਟ ਕੀਤਾ ਹੈ ਕਿ ਭਾਵੇਂ ਹਰਿਆਣਾ ਨੇ ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਸਵੀਕਾਰ ਕਰ ਲਈ ਹੈ, ਫਿਰ ਵੀ ਇਸ ਨੇ ਫਾਜ਼ਿਲਕਾ ਤੇ ਅਬੋਹਰ ਦੇ ਹਿੰਦੀ ਬੋਲਦੇ ਇਲਾਕਿਆਂ ਤੋਂ ਆਪਣਾ ਦਾਅਵਾ ਨਹੀਂ ਛੱਡਿਆ। ਇਥੇ ਕੋਈ 45 ਹਜ਼ਾਰ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਵੈਂਕਟਰਮਈਆ ਕਮਿਸ਼ਨ ਦੀ ਰਿਪੋਰਟ ਉਨ੍ਹਾਂ ਨੇ ਦੇਸ਼ ਦੇ ਵਿਸ਼ਾਲ ਹਿਤਾਂ ਲਈ ਸਵੀਕਾਰ ਕੀਤੀ ਸੀ।

ਪੰਜਾਬ ਦੇ ਇਲਾਕੇ ਵਿਚ ਸਤਲੁਜ-ਜਮੁਨਾ ਲਿੰਕ ਨਹਿਰ ਦੀ ਉਸਾਰੀ ਬਾਰੇ ਬੋਲਦਿਆਂ ਮੁਖ ਮੰਤਰੀ ਨੇ ਕਿਹਾ ਕਿ ਜਿਸ ਰਫਤਾਰ ਨਾਲ ਨਹਿਰ ਤਿਆਰ ਹੋ ਰਹੀ ਹੈ, ਉਸ ਤੋਂ ਉਨ੍ਹਾਂ ਦੀ ਸਰਕਾਰ ਸੰਤੁਸ਼ਟ ਨਹੀਂ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਨਹਿਰ ਦੀ ਉਸਾਰੀ ਦਾ ਕੰਮ ਦਿਨ ਰਾਤ ਲਗ ਕੇ ਛੇਤੀ ਨਿਬੇੜਿਆ ਜਾਵੇ ਤਾਂ ਜੋ ਅਗਲੇ ਸਾਲ ਦੇ ਅੱਧ ਤੱਕ ਹਰਿਆਣਾ ਨੂੰ ਰਾਵੀ-ਬਿਆਸ ਪਾਣੀਆਂ ਦਾ ਆਪਣਾ ਹਿੱਸਾ ਮਿਲ ਜਾਵੇ। ਉਨ੍ਹਾਂ ਕਿਹਾ ਕਿ ਰਾਵੀ-ਬਿਆਸ ਦਰਿਆਵਾਂ ਦਾ ਪਾਣੀ ਤਾਂ ਹਰਿਆਣਾ ਲਈ ਸ਼ਾਹ-ਰਾਹ ਹੈ ਜਿਸ ਦੇ ਬਿਨਾ ਮਹਿੰਦਰਗੜ੍ਹ, ਗੁੜਗਾਉਂ, ਸੋਨੀਪਤ, ਰੋਹਤਕ ਤੇ ਭਿਵਾਨੀ ਜ਼ਿਲੇ ਸੋਕੇ ਦਾ ਸ਼ਿਕਾਰ ਹੋ ਜਾਣਗੇ। ਉਨ੍ਹਾਂ ਨੇ ਲੋਕ ਦਲ ਨੇਤਾ ਚੌਧਰੀ ਦੇਵੀ ਲਾਲ ਉਤੇ ਲੋਕਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਉਨ੍ਹਾਂ ਨੇ ਲੋਕਾਂ ਕੋਲੋਂ ਕਰੋੜਾਂ ਰੁਪਏ ਇਕੱਠੇ ਕਰ ਲਏ ਹਨ। ਉਨ੍ਹਾਂ ਨੇ ਰੋਹਤਕ ਤੇ ਸੋਨੀਪਤ ਜ਼ਿਲਿਆਂ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਮੁੱਚੇ ਹਰਿਆਣੇ ਦੇ ਵਿਕਾਸ ਲਈ ਮੁਖ ਧਾਰਾ ਵਿਚ ਸ਼ਾਮਲ ਹੋਣ।

# ਭੂਤ ਪਰੇਤ ਕੱਢਦਿਆਂ ਨੌਜਵਾਨ ਮਾਰ ਦਿੱਤਾ

ਸ਼ੇਰਪੁਰ — ਇਥੋਂ ਦਸ ਕਿਲੋਮੀਟਰ ਦੂਰ ਪਿੰਡ ਜਹਾਂਗੀਰ ਦੇ ਭੂਤ ਪਰੇਤਾਂ ਵਿਚ ਵਿਸ਼ਵਾਸ ਰੱਖਣ ਵਾਲੇ ਪਰਿਵਾਰ ਨੇ ਆਪਣਾ 22 ਸਾਲਾ ਲੜਕਾ ਮਰਵਾ ਲਿਆ। ਕਹਾਣੀ ਇਸ ਤਰ੍ਹਾਂ ਦੱਸੀ ਜਾਂਦੀ ਹੈ ਕਿ ਧਰਮ ਸਿੰਘ ਨਾਂ ਦਾ ਲੜਕਾ ਬਰਨਾਲਾ ਵਿਖੇ ਟੈਕਸੀ ਚਲਾਉਂਦਾ ਸੀ। ਦਿਵਾਲੀ ਤੋਂ ਦੂਜੇ ਦਿਨ ਉਹ ਬਿਮਾਰ ਹੋ ਗਿਆ ਤਾਂ ਉਸ ਦੇ ਘਰ ਵਾਲੇ ਉਸ ਨੂੰ ਹਸਪਤਾਲ ਲਿਜਾਣ ਦੀ ਥਾਂ ਭੂਤ ਪਰੇਤ ਕੱਢਣ ਵਾਲੇ ਭਗਤ ਕੋਲ ਲੈ ਗਏ। ਭਗਤ ਨੇ ਧਰਮ ਸਿੰਘ ਦੇ ਪੜ੍ਹੇ ਲਿਖੇ ਭਰਾਵਾਂ ਦੀ ਸਹਾਇਤਾ ਲੈ ਕੇ ਆਪ ਉਸ ਵਿਚੋਂ ਕੁਟ ਕੇ ਭੂਤ ਕੱਢਣ ਲਗ ਪਿਆ। ਧਰਮ ਸਿੰਘ ਬੇਹੋਸ਼ ਹੋ ਗਿਆ ਪਰ ਭਗਤ ਨੇ ਭੂਤ ਕੱਢਣ ਦੇ ਆਪਣੇ ਯਤਨ ਜਾਰੀ ਰੱਖੇ ਤਾਂ ਸਵੇਰੇ ਤਿੰਨ ਵਜੇ ਧਰਮ ਸਿੰਘ ਪੂਰਾ ਹੋ ਗਿਆ। ਉਸ ਦੇ ਭਰਾ ਰੱਬ ਦਾ ਭਾਣਾ ਮੰਨ ਕੇ ਸੰਸਕਾਰ ਕਰਨ ਲੈ ਤੁਰੇ। ਮਰਨ ਵਾਲੇ ਦੇ ਮਾਸੀ ਦੇ ਪੁੱਤ ਸੱਜਨ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸੰਸਕਾਰ ਕਰਨ ਤੋਂ ਪਹਿਲਾ ਧਰਮੇ ਦੇ ਮੂੰਹ ਵਿਚ ਕੱਪੜਾ ਸੀ ਕੁਟ ਨਾਲ ਪਸਲੀਆਂ ਟੁਟੀਆਂ ਹੋਈਆਂ ਸਨ। ਗੁਟ ਟੁਟਿਆ ਹੋਇਆ ਸੀ ਤੇ ਗਰਮ ਚਿਪਟੀ ਮਾਰ ਮਾਰ ਭਗਤ ਨੇ ਕੰਨ ਵੀ ਨਾਲੋਂ ਲਾਹ ਦਿਤੇ ਸਨ। ਪਰਿਵਾਰ ਵਾਲੇ ਅਜੇ ਤੱਕ ਇਹ ਨਹੀਂ ਸਮਝ ਸਕੇ ਕਿ ਧਰਮੇ ਦੀ ਮੌਤ ਭੂਤ ਪਰੇਤਾਂ ਕਰਕੇ ਹੋਈ ਹੈ ਜਾਂ ਕਿਸੇ ਹੋਰ ਕਾਰਨ।

# ਫਿਰਕੂ ਪਾੜਾ ਕਿਵੇਂ ਘਟੇ

**ਸੁਖਦੇਵ ਸਿੰਘ ਪਟਵਾਰੀ**

ਪੰਜਾਬ ਮਸਲੇ ਦੀ ਝੰਜੋੜ 'ਚ ਆਏ ਅਤੇ ਇਸ ਦਾ ਦੁਖ ਝੱਲਣ ਵਾਲੇ 90 ਪ੍ਰਤੀਸ਼ਤ ਲੋਕ ਅਸਲੀ ਪੰਜਾਬੀਅਤ ਦੀ ਭਾਵਨਾ ਨਾਲ ਭਰੇ ਹੋਏ ਹਨ ਪਰ ਇਸ ਮਸਲੇ ਦੀਆਂ ਮੁਹਾਰਾਂ ਪੰਜਾਬੀਆਂ ਨਾਲੋਂ ਵੱਧ ਧਾਰਮਿਕ ਕੱਟੜਪੰਥੀ ਤੇ ਫਿਰਕੂ ਲੋਕਾਂ ਦੇ ਹੱਥ ਹਨ ਜੋ ਇਸ ਨੂੰ ਪੰਜਾਬੀ ਮਸਲੇ ਤੋਂ ਤਿਲਕਾ ਕੇ ਹਿੰਦੂ-ਸਿਖ ਦੇ ਮਸਲੇ ਤਕ ਲੈ ਗਏ ਹਨ। ਉਨ੍ਹਾਂ ਲੋਕਾਂ ਦੀ ਘਾਟ ਬਹੁਤ ਰੜਕ ਰਹੀ ਹੈ ਜਾਂ ਉਹ ਬਹੁਤ ਪਿੱਛੇ ਖੜ੍ਹੇ ਹਨ ਜੋ ਪੰਜਾਬ ਦੇ ਮਸਲੇ ਨੂੰ "ਪੰਜਾਬੀ ਮਸਲਾ" ਬਣਾਉਣ ਲਈ ਆਪਣਾ ਜ਼ੋਰ ਲਾ ਰਹੇ ਹਨ। ਪੰਜਾਬ ਦੁਸ਼ਮਣ ਤਾਕਤਾਂ ਦਾ ਸਾਰਾ ਜ਼ੋਰ ਪੰਜਾਬੀ ਮਾਨਸਿਕਤਾ, ਪੰਜਾਬੀ ਮੁਹਾਂਦਰਾ ਤੇ ਪੰਜਾਬੀ ਸਭਿਆਚਾਰ ਨੂੰ ਜੜ੍ਹੋਂ ਪੁੱਟ ਕੇ ਇਸ ਨੂੰ ਹਿੰਦੂ ਤੇ ਸਿਖ ਮਾਨਸਿਕਤਾ ਵੱਲ ਵਧਾਉਣ ਲਈ ਲਗ ਰਿਹਾ ਹੈ।

ਪੰਜਾਬ ਮਸਲੇ ਦੀ ਮਜ਼ਬੂਤ ਤੰਦ ਪੰਜਾਬੀ ਬੋਲੀ ਦੇ ਵਿਕਾਸ ਅਤੇ ਇਸ ਨੂੰ ਦਿੱਤੀ ਜਾ ਰਹੀ ਮਹੱਤਤਾ 'ਚੋਂ ਲੰਘਦੀ ਹੈ। ਪੰਜਾਬ ਦੇ ਲੋਕਾਂ ਦਾ ਇਕ ਹਿਸਾ ਤਾਂ ਇਸ ਨੂੰ ਆਪਣੀ ਮਾਂ-ਬੋਲੀ ਮੰਨਣ ਤੋਂ ਹੀ ਇਨਕਾਰੀ ਹੈ। ਦੂਜਾ ਹਿਸਾ ਅਜਿਹਾ ਹੈ ਜੋ ਇਸ ਦੀ ਮਾਂ-ਬੋਲੀ ਵਜੋਂ ਤਾਂ ਮੰਨਦਾ ਹੈ ਪਰ ਉਹ ਇਸ ਦੇ ਵਿਕਾਸ ਵਿਚ ਕੋਈ ਖਾਸ ਹਿਸਾ ਪਾਉਣ ਨੂੰ ਤਿਆਰ ਨਹੀਂ। ਉਹ ਆਪ ਇਸ ਤੋਂ ਪਰ੍ਹੇ ਜਾ ਕੇ ਆਪਣੀਆਂ ਤੰਦਾਂ ਅੰਗਰੇਜ਼ੀ ਨਾਲ ਜੋੜਨ ਲਈ ਅਹੁਲ ਰਿਹਾ ਹੈ ਪਰ ਲੋਕਾਂ ਦੀਆਂ ਭਾਵਨਾਵਾਂ ਆਪਣੇ ਹਿਤਾਂ ਲਈ ਵਰਤਣ ਖਾਤਰ ਪੰਜਾਬੀ ਲਈ ਰੌਲਾ ਸਭ ਤੋਂ ਵੱਧ ਪਾਉਂਦਾ ਹੈ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਣਾ ਇਨ੍ਹਾਂ ਲੋਕਾਂ ਦੀ ਰਵਾਇਤ ਬਣ ਚੁੱਕੀ ਹੈ ਪਰ ਇਹ ਆਪਣੇ ਆਪ ਨੂੰ ਪੰਜਾਬੀ ਵਿਰਸੇ ਤੇ ਸਭਿਆਚਾਰ ਨਾਲੋਂ ਅਲਹਿਦਾ ਨਹੀਂ ਕਰ ਸਕਦੇ। ਇਹ ਇਨ੍ਹਾਂ ਦੀ ਮਜ਼ਬੂਰੀ ਹੈ।

ਪੰਜਾਬੀ ਬੋਲੀ ਨਾਲ ਮੁੱਢ-ਕਦੀਮੀ ਸਾਂਝਾ ਰੱਖਣ ਵਾਲੀ ਆਰੀਆ ਸਮਾਜੀ ਲਾਬੀ ਦਾ ਪੰਜਾਬੀ ਹਿੰਦੂਆਂ ਨੂੰ ਪੰਜਾਬੀਅਤ ਤੋਂ ਦੂਰ ਰੱਖਣ ਵਿਚ ਮੋਹਰੀ ਰੋਲ ਰਿਹਾ ਹੈ। ਪੰਜਾਬੀ ਸੂਬੇ ਦੇ ਵਿਰੋਧ ਤੋਂ ਪ੍ਰਚਾਰ ਸ਼ੁਰੂ ਕਰਕੇ ਇਸ ਨੇ ਪੰਜਾਬੀ ਹਿੰਦੂਆਂ ਨੂੰ ਆਪਣੀ ਮਾਂ-ਬੋਲੀ ਹਿੰਦੀ ਲਿਖਵਾਉਣ ਲਈ ਉਕਸਾਇਆ। ਪੰਜਾਬੀ ਨੂੰ ਸਿੱਖਾਂ ਦੀ ਬੋਲੀ ਕਹਿ ਕੇ, ਹਿੰਦੂਆਂ ਨੂੰ ਹਿੰਦੂ ਧਰਮ ਦਾ ਵਾਸਤਾ ਪਾ ਕੇ ਹਿੰਦੀ ਨੂੰ ਅਪਨਾਉਣ ਲਈ ਪ੍ਰੇਰਿਆ। ਹਿੰਦੂਆਂ ਨੂੰ ਪੰਜਾਬੀ ਸੂਬੇ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ। ਕਦੇ "ਮਹਾਂ ਪੰਜਾਬ" ਦਾ ਨਾਅਰਾ ਲਾ ਕੇ ਪੰਜਾਬ ਨੂੰ ਦੋ-ਭਾਸ਼ੀ ਖੇਤਰ (ਹਿੰਦੀ ਤੇ ਪੰਜਾਬੀ) ਕਰਾਰ ਦਿਵਾਇਆ। 1921 ਤੋਂ 1961 ਤਕ ਦੀ ਮਰਦਮਸ਼ੁਮਾਰੀ ਦੇ ਅੰਕੜੇ ਦੱਸਦੇ ਹਨ ਕਿ ਪੰਜਾਬ ਵਿਚ ਰਹਿਣ ਵਾਲੇ ਹਿੰਦੂਆਂ ਨੇ ਕਿਵੇਂ ਪੰਜਾਬੀ ਨਾਲੋਂ ਦੂਰ ਹੋ ਕੇ ਹਿੰਦੀ ਵੱਲ ਹੱਥ ਵਧਾਇਆ ਭਾਵੇਂ ਬੋਲਦੇ ਉਹ ਅਜੇ ਵੀ ਪੰਜਾਬੀ ਹੀ ਹਨ। 1921 ਤੋਂ 1961 ਤਕ ਹਿੰਦੀ ਬੋਲਣ ਵਾਲੇ ਲੋਕਾਂ ਵਿਚ ਵਾਧਾ 13.61 ਤੋਂ 55.84% ਅਤੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ 54.8% ਤੋਂ 41.09% ਸੀ। ਪੰਜਾਬੀ ਸੂਬੇ ਦੀ ਪਾਕਿਸਤਾਨ ਨਾਲ ਤੁਲਨਾ ਕਰਕੇ ਇਸ ਲਾਬੀ ਨੇ ਹਿੰਦੂਆਂ ਦਾ ਪੰਜਾਬ ਨਾਲੋਂ, ਪੰਜਾਬ ਦੇ ਵਿਕਾਸ ਨਾਲੋਂ ਅਤੇ ਪੰਜਾਬੀ ਸਭਿਆਚਾਰ ਨਾਲੋਂ ਰਿਸ਼ਤਾ ਹੀ ਤੋੜਨ ਵਿਚ ਕੋਈ ਕਸਰ ਨਹੀਂ ਛੱਡੀ। ਇਹੀ ਕਾਰਨ ਹੈ ਕਿ ਪੰਜਾਬ ਦੇ ਹਿੱਤਾਂ ਲਈ ਉਠੇ ਕਿਸੇ ਵੀ ਘੋਲ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਅਤੇ ਨਾ ਸ਼ਾਮਲ ਹੋਣ ਵਾਲੇ ਲੋਕਾਂ 'ਚ ਫਰਕ ਆਉਣਾ ਕੁਦਰਤੀ ਸੀ। ਉਦਾਹਰਣ ਵਜੋਂ ਪਹਿਲਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਚਾਰ ਜ਼ਿਲਿਆਂ ਦੇ ਕਾਲਜ ਜੋੜਨ ਦਾ ਤੇ ਹੁਣ ਸਾਰੀਆਂ ਯੂਨੀਵਰਸਿਟੀਆਂ ਵਿਚ ਡਿਗਰੀ ਪੱਧਰ ਤਕ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਕਰਾਰ ਦੇਣ ਨਾਲ ਇਸ ਲਾਬੀ ਨੇ ਫਿਰ ਹਿੰਦੀ ਦੀ ਕਦਰ-ਘਟਾਈ ਦਾ ਰੌਲਾ ਪਾ ਕੇ ਵਿਰੋਧ ਕੀਤਾ ਹੈ।

ਬੋਲੀ ਦੇ ਆਧਾਰ 'ਤੇ ਬਣੇ ਸੂਬਿਆਂ ਨੂੰ ਮਾਨਤਾ ਦੇਣ ਦੇ ਬਾਵਜੂਦ ਕੇਂਦਰੀ ਹਾਕਮਾਂ ਨੇ ਪੰਜਾਬੀ ਸੂਬੇ ਤਕ ਦੇ ਨਾਅਰੇ ਦੀ ਮਨਾਹੀ ਕਰ ਦਿੱਤੀ ਨਹਿਰੂ ਤੇ ਸ੍ਰੀਮਤੀ ਇੰਦਰਾ ਗਾਂਧੀ ਨੇ ਪੰਜਾਬੀ ਸੂਬਾ ਬਣਨ ਦਾ ਹਰੇਕ ਢੰਗ ਨਾਲ ਵਿਰੋਧ ਕੀਤਾ। ਪੰਡਿਤ ਨਹਿਰੂ ਨੇ 'ਲੰਡਨ ਟਾਈਮਜ਼' ਨਾਲ ਇਕ ਭੇਂਟ ਵਿਚ ਪੰਜਾਬੀ ਦੇ ਆਧਾਰ 'ਤੇ ਪੰਜਾਬੀ ਸੂਬੇ ਦਾ ਵਿਰੋਧ ਪ੍ਰਗਟ ਕਰਦਿਆਂ ਕਿਹਾ ਸੀ, "ਮੈਂ ਪੰਜਾਬੀ ਬੋਲਦੇ ਰਾਜ ਦੇ ਮਸਲੇ 'ਤੇ ਸਿਵਲ ਵਾਰ (ਘਰੇਲੂ ਖਾਨਾਜੰਗੀ) ਸਹਿਣ ਨੂੰ ਤਿਆਰ ਹਾਂ।" ਇਸੇ ਤਰ੍ਹਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਕੋਲ ਰੋਸ ਪ੍ਰਗਟ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਸ੍ਰੀ ਹੁਕਮ ਸਿੰਘ ਸਾਬਕਾ ਸਪੀਕਰ ਨੂੰ ਪੰਜਾਬੀ ਸੂਬੇ ਦੀ ਪਾਰਲੀਮੈਂਟ ਕਮੇਟੀ ਦਾ ਪ੍ਰਧਾਨ ਨਿਯੁਕਤ ਕਰਕੇ ਬਹੁਤ ਗਲਤੀ ਕੀਤੀ ਹੈ। ਸ੍ਰੀ ਹੁਕਮ ਸਿੰਘ ਸਾਬਕਾ ਸਪੀਕਰ ਪਾਰਲੀਮੈਂਟ ਬਾਰੇ ਇਹ ਬਿਆਨ ਇੰਦਰਾ ਗਾਂਧੀ ਦਾ ਇਰਾਦਾ ਸਾਫ ਕਰ ਦਿੰਦਾ ਹੈ, "ਬਦਕਿਸਮਤੀ ਨਾਲ ਸ੍ਰੀ ਸ਼ਾਸਤਰੀ ਨੇ ਸਰਦਾਰ ਹੁਕਮ ਸਿੰਘ ਨੂੰ ਲੋਕ ਸਭਾ ਦਾ ਸਪੀਕਰ ਅਤੇ ਪੰਜਾਬੀ ਸੂਬੇ ਦੀ ਪਾਰਲੀਮੈਂਟ ਕਮੇਟੀ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ। ਭਾਵੇਂ ਉਹ ਪੰਜਾਬੀ ਸੂਬੇ ਦੇ ਪੱਖ ਵਿਚ ਪੱਖਪਾਤੀ ਸਨ। ਮੈਂ ਸ੍ਰੀ ਚਵਾਨ ਕੋਲ ਗਈ ਤੇ ਕਿਹਾ : "ਮੈਂ ਸੁਣਿਆ ਹੈ ਕਿ ਸਰਦਾਰ ਹੁਕਮ ਸਿੰਘ ਪੰਜਾਬੀ ਸੂਬੇ ਦੇ ਹੱਕ ਵਿਚ ਰਿਪੋਰਟ ਦੇਣ ਜਾ ਰਿਹਾ ਹੈ। ਸੋ ਉਸ ਨੂੰ ਰੋਕਿਆ ਜਾਵੇ .... । ਇਕ ਵਾਰੀ ਜੇ ਪ੍ਰਧਾਨ ਮੰਤਰੀ ਦੇ ਨਿਯੁਕਤ ਕੀਤੇ ਬੰਦੇ ਨੇ ਪੰਜਾਬੀ ਸੂਬੇ ਦੇ ਹੱਕ ਵਿਚ ਐਲਾਨ ਕਰ ਦਿੱਤਾ ਤਾਂ ਅਸੀਂ "ਇਸ 'ਚੋਂ" ਕਿਵੇਂ ਬਾਹਰ ਨਿਕਲਾਂਗੇ .... ਨਿਰਸੰਦੇਹ, ਇਕ ਵਾਰ ਜੇ ਰਿਪੋਰਟ ਆ ਗਈ ਇਸ ਨੂੰ ਬਦਲਣਾ ਫਿਰ ਬਹੁਤ ਲੇਟ ਹੋਵੇਗਾ।" ਹਿੰਦੂ ਤੇ ਹਿੰਦੀ ਮਾਨਸਿਕਤਾ 'ਚ ਗ੍ਰਸੇ ਕੇਂਦਰੀ ਹਾਕਮ ਸ਼ਾਇਦ ਦੂਜੀ ਕਿਸੇ ਵੀ ਬੋਲੀ ਦੇ ਵਿਕਾਸ ਨੂੰ ਨਹੀਂ ਜਰ ਸਕਦੇ। ਉਹ ਹਮੇਸ਼ਾਂ ਕੇਂਦਰੀ ਅਦਾਰਿਆਂ ਰਾਹੀਂ ਹਿੰਦੀ ਠੋਸਣ ਦੀ ਤਾਕ 'ਚ ਰਹਿੰਦੇ ਹਨ। ਰੇਡੀਓ ਤੇ ਦੂਰਦਰਸ਼ਨ ਦੀ ਵੀ ਇਸੇ ਕੰਮ ਲਈ ਸਭ ਤੋਂ ਵੱਧ ਵਰਤੋਂ ਕੀਤੀ ਜਾਂਦੀ ਹੈ। ਪਟਿਆਲੇ 'ਚ ਖੋਲ੍ਹਿਆ ਉਤਰੀ ਜ਼ੋਨ ਦਾ ਸਭਿਆਚਾਰਕ ਕੇਂਦਰ ਵੀ ਪੰਜਾਬੀ ਪਛਾਣ ਨੂੰ ਧੁੰਦਲਾ ਕਰਨ ਦਾ ਹੀ ਕੰਮ ਕਰੇਗਾ। ਲੋਕਾਂ 'ਚ ਪਾੜਾ ਪਾ ਕੇ ਤੇ ਉਨ੍ਹਾਂ ਦੇ ਵਿਰੋਧ 'ਚੋਂ ਸਿਆਸੀ ਲਾਹਾ ਖੱਟਣ ਦੇ ਮਕਸਦ ਨਾਲ ਕੇਂਦਰ ਹਮੇਸ਼ਾ ਇਹੋ ਜਿਹੇ ਵਿਰੋਧਾਂ ਨੂੰ ਵਰਤਦਾ ਆ ਰਿਹਾ ਹੈ। ਪੰਜਾਬ 'ਚ "ਪੰਜਾਬੀ ਪਛਾਣ" ਦੇ ਮਸਲੇ ਨੂੰ ਹਿੰਦੂ ਸਿਖ ਮਸਲਾ ਬਣਾ ਕੇ ਰਜੀਵ ਗਾਂਧੀ ਗੱਦੀ 'ਤੇ ਪਹੁੰਚਿਆ ਹੈ। ਇੰਦਰਾ ਦੀ ਮੌਤ 'ਤੇ ਭੜਕੇ ਦੰਗੇ ਸਿਖ ਵਿਰੋਧੀ ਹਿੰਦੂ ਲਾਬੀ ਦੇ ਪ੍ਰਚਾਰ ਦਾ ਸਿੱਟਾ ਸੀ।

ਸੰਤ ਲੌਂਗੋਵਾਲ ਤੇ ਰਾਜੀਵ ਗਾਂਧੀ ਵਿਚਕਾਰ ਹੋਇਆ ਪੰਜਾਬ ਸਮਝੌਤਾ ਵੀ ਕੇਂਦਰ ਦੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਵਿਰੋਧੀ ਰਵੱਈਏ ਦੀ ਭੇਟ ਚੜ੍ਹ ਚੁਕਿਆ ਹੈ। ਹੁਣ ਇਹ ਗੱਲ ਬਿਲਕੁਲ ਸਾਫ ਹੈ ਕਿ ਪੰਜਾਬ ਸਮਝੌਤਾ ਨਾਂ ਦੀ ਕੋਈ ਚੀਜ਼ ਬਾਕੀ ਰਹੀ ਹੀ ਨਹੀਂ। ਭਾਵੇਂ ਸੰਤ ਲੌਂਗੋਵਾਲ ਨੇ ਉਹ ਸਮਝੌਤਾ ਵੀ ਪੰਜਾਬ ਦੇ ਕਈ ਹਿਤਾਂ ਨੂੰ ਬਲੀ ਚਾੜ੍ਹ ਕੇ ਹੀ ਕੀਤਾ ਸੀ ਪਰ ਦੇਸ਼ 'ਚ ਸਿੱਖ ਵਿਰੋਧੀ ਲਾਬੀ ਸਰਗਰਮ ਹੋਣ ਕਰਕੇ ਉਹ ਨਿਗੂਣੇ ਲਿਖਤੀ ਇਕਰਾਰ ਵੀ ਪੂਰੇ ਨਹੀਂ ਹੋ ਸਕੇ ਜਿਸ ਦੀ ਤੋਤਾ ਰਟ ਰਾਜੀਵ ਗਾਂਧੀ ਨੇ ਸੰਸਾਰ ਪੱਧਰ 'ਤੇ ਕੀਤੀ ਸੀ।

ਕਾਂਗਰਸੀ ਹਾਕਮ ਇਸ ਗੱਲੋਂ ਡਰਦੇ ਹਨ ਕਿ ਪੰਜਾਬ ਨੂੰ ਦਿੱਤੀ ਕੋਈ ਰਿਆਇਤ ਸਿੱਖਾਂ ਦੇ ਨਾਂ ਚੜ੍ਹ ਜਾਣੀ ਹੈ ਜਿਨ੍ਹਾਂ ਨੂੰ ਉਸ ਨੇ ਚੋਣਾਂ ਦੌਰਾਨ ਦੇਸ਼ ਭਰ 'ਚ ਗਦਾਰਾਂ ਵਜੋਂ ਸਾਬਤ ਕੀਤਾ ਸੀ। ਕਾਂਗਰਸ ਨੇ ਲੋਕਾਂ ਦੀਆਂ ਭਾਵਨਾਵਾਂ ਵੋਟਾਂ ਵੇਲੇ ਹਿੰਦੂਵਾਦ ਨੂੰ ਉਕਸਾ ਕੇ ਵਰਤੀਆਂ ਸਨ ਤੇ ਇਹ ਬੀ. ਜੇ. ਪੀ. ਨੂੰ ਮਾਤ ਪਾ ਕੇ ਹਿੰਦੂਆਂ ਦੀ ਪਾਰਟੀ ਵਜੋਂ ਸਥਾਪਤ ਹੋਈ ਸੀ। ਕਾਂਗਰਸ ਦੀ ਉਸ ਸਥਾਪਤੀ 'ਤੇ ਆਂਚ ਆਉਂਦੀ ਦਿਸਦੀ ਹੈ। ਆਪਣਾ ਹਿੰਦੂਆਂ 'ਚੋਂ ਖੁੱਸ ਚੁੱਕਿਆ ਆਧਾਰ ਪ੍ਰਾਪਤ ਕਰਨ ਲਈ ਬੀ. ਜੇ. ਪੀ. ਤੇ ਲੋਕ ਦਲ ਵਰਗੀਆਂ ਪਾਰਟੀਆਂ ਕਾਂਗਰਸ ਸਾਹਮਣੇ ਲੰਗੋਟੇ ਕੱਸੀ ਖੜ੍ਹੀਆਂ ਹਨ।

ਅੱਜ ਪੰਜਾਬ ਹਿਤੈਸ਼ੀ ਜਮਹੂਰੀ ਤਾਕਤਾਂ 'ਤੇ ਵੱਡੀ ਜ਼ਿਮੇਵਾਰੀ ਆ ਪਈ ਹੈ। ਪੰਜਾਬੀ ਸਭਿਆਚਾਰ ਤੇ ਪੰਜਾਬੀਅਤ ਦਾ ਅਸਲੀ ਮੁਹਾਂਦਰਾ ਪੇਸ਼ ਕਰਕੇ ਹੀ ਹਿੰਦੂ-ਸਿਖ ਏਕਤਾ ਸਾਕਾਰ ਹੋ ਸਕਦੀ ਹੈ। ਫਿਰਕੂ ਅਨਸਰਾਂ ਨਾਲ ਲੋਹਾ ਲੈਣ ਲਈ ਇਸ ਵਾਸਤੇ ਵੱਡੇ ਹੰਭਲੇ ਦੀ ਲੋੜ ਹੈ। ਮਾਂ ਬੋਲੀ ਪੰਜਾਬੀ ਦੀ ਪਛਾਣ ਕਰਾਉਂਦਿਆਂ ਇਸ ਨੂੰ ਫਿਰਕੂ ਰੰਗਤ ਦੇਣ ਵਾਲੇ ਫਿਰਕੂ ਅਨਸਰਾਂ ਦੇ ਮਨਸੂਬਿਆਂ ਨੂੰ ਖੋਲ੍ਹ ਕੇ ਦੱਸਣਾ ਚਾਹੀਦਾ ਹੈ। ਪੰਜਾਬੀ, ਪੰਜਾਬੀ ਹੀ ਹਨ ਭਾਵੇਂ ਉਹ ਹਿੰਦੂ ਹੋਣ ਜਾਂ ਸਿਖ। ਪੰਜਾਬੀ ਦੇ ਵਿਕਾਸ ਨਾਲ ਹਿੰਦੂਆਂ ਦਾ, ਹਿੰਦੂ ਧਰਮ ਦਾ ਕੋਈ ਨੁਕਸਾਨ ਨਹੀਂ ਹੁੰਦਾ ਸਵੇਰ ਦੇ ਭੁੱਲਿਆਂ ਨੂੰ ਜੇ ਸ਼ਾਮ ਨੂੰ ਘਰ ਦਾ ਰਾਹ ਲੱਭ ਪਵੇ ਤਾਂ ਕੋਈ ਵੱਡੀ ਗੱਲ ਨਹੀਂ। ਪੰਜਾਬੀ ਸਭਿਆਚਾਰ ਦੀ ਸਾਂਝੀ ਤੰਦ ਹੀ ਅਜਿਹੀ ਕੜੀ ਹੈ ਜੋ ਹਿੰਦੂ ਸਿੱਖਾਂ 'ਚ ਪਾੜਾ ਘਟਾ ਸਕਦੀ ਹੈ।


ਸਮਰਾ ਬਰਦਰਜ਼ ਰੂਫਿੰਗ ਐਂਡ ਇਨਸੂਲੇਸ਼ਨ ਲਿਮ: ਨੂੰ

## ਸ਼ੇਕ ਰੂਫਰਜ਼ ਦੀ ਲੋੜ ਹੈ

- ਤਜਰਬਾਕਾਰ ਸ਼ੇਕ ਰੂਫਰਜ਼ ਲਈ ਵਧੀਆ ਤਨਖਾਹ
- ਸ਼ੇਕ ਰੂਫਰਜ਼ ਦਾ ਕੰਮ ਸਿੱਖਣ ਵਾਲੇ ਵੀ ਅਰਜ਼ੀ ਦੇ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

**273-4473**

**Samra Bros. Roofing and Insulation Ltd.**

# ਸਿੱਖ ਵਕੀਲਾਂ ਵਲੋਂ ਪੰਜਾਬ ਦੀ ਖੁਦਮੁਖਤਿਆਰੀ ਤੱਕ ਲੜਾਈ ਜਾਰੀ ਰੱਖਣ ਦਾ ਪ੍ਰਣ

ਲੁਧਿਆਣਾ — ਪੰਜਾਬ ਸਿਖ ਲੋਈਅਰਜ ਕੌਂਸਲ ਦੀ ਸਾਲਾਨਾ ਕਨਵੈਨਸ਼ਨ ਦੌਰਾਨ ਇਥੇ ਇਹ ਨੋਟ ਕਰਦੇ ਹੋਏ ਕਿ ਪੰਜਾਬ ਸਮਝੌਤਾ ਆਪਣੀ ਮੌਤੇ ਆਪ ਹੀ ਮਰ ਚੁਕਿਆ ਹੈ — ਸਮੁੱਚੀ ਸਿਖ ਲੀਡਰਸ਼ਿਪ ਨੂੰ ਇਹ ਹਕੀਕਤ ਪ੍ਰਵਾਨ ਕਰ ਲੈਣ ਲਈ ਅਤੇ ਇਸ ਸਮਝੌਤੇ ਨੂੰ ਰੱਦ ਕਰ ਦੇਣ ਲਈ ਸੱਦਾ ਦਿੱਤਾ ਗਿਆ ਹੈ। ਇਹ ਕਨਵੈਨਸ਼ਨ ਸਥਾਨਕ ਜ਼ਿਲਾ ਕਚਹਿਰੀਆਂ ਦੇ ਹਾਲ ਵਿਚ ਆਯੋਜਿਤ ਕੀਤੀ ਗਈ। ਇਸ ਦੀ ਪ੍ਰਧਾਨਗੀ ਕੌਂਸਲ ਦੇ ਕਨਵੀਨਰ ਸ. ਮੇਵਾ ਸਿੰਘ ਗਿੱਲ ਮੈਂਬਰ ਪਾਰਲੀਮੈਂਟ (ਅਕਾਲੀ ਦਲ ਬਾਦਲ) ਨੇ ਕੀਤੀ ਅਤੇ ਇਸ ਦਾ ਸਮਾਪਤੀ ਭਾਸ਼ਨ ਸਾਬਕਾ ਜਸਟਿਸ ਸ. ਅਜੀਤ ਸਿੰਘ ਬੈਂਸ ਨੇ ਕੀਤਾ।

ਸੰਮੇਲਨ ਨੂੰ ਸੰਬੋਧਨ ਕਰਦਿਆਂ ਸ. ਗਿੱਲ ਨੇ ਪੰਜਾਬ ਅੰਦਰ ਵਿਆਪਕ ਮੌਜੂਦਾ ਬੇਚੈਨੀ ਦੀ ਸਥਿਤੀ ਅਤੇ ਸਮਾਜਿਕ — ਪ੍ਰਸ਼ਾਸਨਿਕ ਜੀਵਨ ਵਿਚ ਫੈਲੇ ਰਿਕਾਰਡ ਤੋੜ ਭ੍ਰਿਸ਼ਟਾਚਾਰ ਲਈ 'ਬਰਨਾਲਾ - ਬਲਵੰਤ ਸਿੰਘ ਜੁੰਡਲੀ' ਦੀ ਸਭ ਅਸੂਲਾਂ ਨੂੰ ਛਿੱਕੇ ਟੰਗ ਕੇ ਗੱਦੀ 'ਤੇ ਚਿੰਬੜੇ ਰਹਿਣ ਦੀ ਹਿਰਸ ਨੂੰ ਜ਼ਿਮੇਵਾਰ ਠਹਿਰਾਇਆ। ਉਨ੍ਹਾਂ ਨੇ ਸਿਖ ਨੇਤਾਵਾਂ ਨੂੰ ਕੇਂਦਰ ਸਰਕਾਰ ਵਲੋਂ ਪੰਜਾਬ ਵਿਚਲੇ ਜੀ. ਐਮ. ਸ਼ਾਹ ਦੀ ਅਸਫਲਤਾ ਤੋਂ ਬਾਅਦ ਪੰਜਾਬ ਸਮਝੌਤੇ ਨੂੰ ਇਸ ਦੀ ਲਾਗਤ ਕੀਮਤ ਉਪਰ ਹੀ ਕੁਝ ਸ਼ੇਖ ਅਬਦੁੱਲਿਆਂ ਕੋਲ ਵੇਚਣ ਲਈ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ ਤੋਂ ਵੀ ਪੂਰੀ ਤਰ੍ਹਾਂ ਸਾਵਧਾਨ ਰਹਿਣ ਲਈ ਸੱਦਾ ਦਿੱਤਾ ਕਨਵੈਨਸ਼ਨ ਦੌਰਾਨ ਆਨੰਦਪੁਰ ਸਾਹਿਬ ਮਤੇ ਦੀ ਹਮਾਇਤ ਕਰਦਿਆਂ ਸਮੂਹ ਸਿਖਾਂ ਅਤੇ ਹੋਰ ਸਭ ਜਮਹੂਰੀ ਸ਼ਕਤੀਆਂ ਨੂੰ ਪੰਜਾਬ ਦੀ ਖੁਦਮੁਖਤਾਰੀ ਦਾ ਮਿਸ਼ਨ ਪੂਰਾ ਹੋਣ ਤਕ ਲੜਾਈ ਜਾਰੀ ਰੱਖਣ ਵਾਸਤੇ ਆਖਿਆ ਗਿਆ।

ਇਸੇ ਤਰ੍ਹਾਂ ਇਕ ਹੋਰ ਮਹਤੱਵਪੂਰਨ ਮਤੇ ਵਿਚ ਸਿਖਾਂ ਨੂੰ ਭਾਰਤ ਦੇ ਵੱਖ ਵੱਖ ਖਿਤਿਆਂ ਵਿਚ ਆਪਣੀਆਂ ਵਿਲੱਖਣ ਧਾਰਮਿਕ ਅਤੇ ਸਭਿਆਚਾਰਕ ਹਸਤੀਆਂ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਪ੍ਰਾਪਤੀ ਖਾਤਰ ਲੜ ਰਹੇ ਸੰਗਠਨਾਂ ਦੀ ਹਮਾਇਤ ਵਿਚ ਡਟਣ ਦੀ ਅਪੀਲ ਕੀਤੀ ਗਈ।

ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਸਰਹੱਦੀ ਜ਼ਿਲਿਆਂ ਅੰਦਰ ਬਿਨਾਂ ਅਦਾਲਤ ਵਿਚ ਪੇਸ਼ ਕੀਤੇ ਜਾਂ ਮੁਕੱਦਮਾ ਚਲਾਏ ਬਗੈਰ 'ਝੂਠੇ ਮੁਕਾਬਲਿਆਂ' ਰਾਹੀਂ ਖਾੜਕੂ ਸਿੱਖਾਂ ਨੂੰ ਮਾਰ ਮੁਕਾਏ ਜਾਣ ਦੀਆਂ ਘਟਨਾਵਾਂ 'ਤੇ ਟਿਪਣੀ ਕਰਦਿਆਂ ਕੌਂਸਲ ਵਲੋਂ ਇਸ ਵਰਤਾਰੇ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਅਤੇ ਸਮੂਹ ਜਮਹੂਰੀਅਤਪਸੰਦਾਂ ਨੂੰ ਇਸ 'ਹਕੂਮਤੀ ਦਹਿਸ਼ਤਗਰਦੀ' ਵਿਰੁਧ ਆਵਾਜ਼ ਬੁਲੰਦ ਕਰਨ ਲਈ ਕਿਹਾ ਗਿਆ। ਇਸ ਸਬੰਧ ਵਿਚ ਸੰਮੇਲਨ ਦੌਰਾਨ ਚੰਡੀਗੜ੍ਹ ਰਾਜ ਭਵਨ ਅੱਗੇ ਅਜਿਹੇ ਮੁਕਾਬਲਿਆਂ ਵਿਰੁਧ ਪ੍ਰਦਰਸ਼ਨ ਕਰਨ ਅਤੇ ਰਾਜਪਾਲ ਨੂੰ ਮੈਮੋਰੰਡਮ ਦੇਣ ਦਾ ਫੈਸਲਾ ਵੀ ਕੀਤਾ ਗਿਆ।

ਪੰਜਾਬ ਵਿਚ ਗਾਹੇ ਬਗਾਹੇ ਨਿਹੱਥੇ ਬੇਗੁਨਾਹ ਵਿਅਕਤੀਆਂ ਦੀ ਹੱਤਿਆ ਦੀਆਂ ਵਾਰਦਾਤਾਂ ਨੂੰ ਬਹੁਤ ਹੀ ਅਫਸੋਸਨਾਕ ਦੱਸਿਆ ਗਿਆ ਅਤੇ ਕਿਹਾ ਗਿਆ ਕਿ ਇਨ੍ਹਾਂ ਪਿੱਛੇ ਜੇਕਰ ਕਿਸੇ ਸਿਖ ਸੰਗਠਨ ਦਾ ਵੀ ਹੱਥ ਹੈ ਤਾਂ ਉਸ ਦੇ ਰਹਿਨੁਮਾਵਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਿਖ ਧਰਮ, ਇਤਿਹਾਸ ਅਤੇ ਮਰਿਆਦਾ ਵਿਚ ਅਜਿਹੇ ਵਰਤਾਰੇ ਦੀ ਕਿਧਰੇ ਵੀ ਕੋਈ ਜਗ੍ਹਾ ਨਹੀਂ ਹੈ। ਪ੍ਰੰਤੂ ਇਸ ਦੇ ਨਾਲ ਹੀ ਸੰਮੇਲਨ ਦੌਰਾਨ ਕੇਂਦਰ ਸਰਕਾਰ ਵਲੋਂ ਨਵੰਬਰ 1984 ਦੇ ਸਿਖ ਵਿਰੋਧੀ ਦੰਗਿਆਂ ਲਈ ਜ਼ਿਮੇਵਾਰ ਦੋਸ਼ੀਆਂ ਨੂੰ ਅਜੇ ਤਕ ਵੀ ਕਾਬੂ ਕਰ ਕੇ ਸਜ਼ਾਵਾਂ ਨਾ ਦਿਤੇ ਜਾਣ ਨੂੰ ਵੀ ਨਿਹਾਇਤ ਹੀ ਗੈਰਜਮਹੂਰੀ, ਅਣਮਨੁੱਖੀ ਤੇ ਬੁਰੀ ਗੱਲ ਆਖਿਆ ਗਿਆ ਅਤੇ ਸਿਖ ਨੌਜਵਾਨਾਂ ਅੰਦਰ ਮੌਜੂਦਾ ਬੇਚੈਨੀ ਲਈ ਬਹੁਤ ਹੱਦ ਤੱਕ ਸਰਕਾਰ ਦੀ ਇਸੇ ਹੀ ਬੇਰੁਖੀ ਨੂੰ ਜ਼ਿਮੇਵਾਰ ਕਰਾਰ ਦਿੱਤਾ ਗਿਆ।

ਧਾਰਮਿਕ ਅਸਥਾਨਾਂ ਵਿਚ ਪੁਲੀਸ ਦਾਖਲੇ ਦਾ ਵਿਰੋਧ ਕਰਦਿਆਂ ਪੰਜਾਬ ਵਿਧਾਨ ਸਭਾ ਨੂੰ ਇਸ ਸਬੰਧ ਵਿਚ ਰੋਕ ਲਗਾਉਣ ਬਾਰੇ ਕਾਨੂੰਨ ਹੀ ਬਣਾ ਦਿਤੇ ਜਾਣ ਦੀ ਮੰਗ ਕੀਤੀ ਗਈ। ਸੰਮੇਲਨ ਦੇ ਅਖੀਰ ਵਿਚ ਆਪਣੇ ਸਮਾਪਤੀ ਭਾਸ਼ਨ ਦੌਰਾਨ ਜਸਟਿਸ ਬੈਂਸ ਨੇ ਸਭ ਅਕਾਲੀ ਧੜਿਆਂ ਨੂੰ ਇਹ ਚੇਤੇ ਰੱਖਣ ਲਈ ਆਖਿਆ ਕਿ ਪੰਜਾਬ ਵਿਚ ਸਥਾਈ ਅਮਨ ਹੁਣ ਬੁਨਿਆਦੀ ਮਸਲੇ ਨੂੰ ਹੱਲ ਕਰਕੇ ਹੀ ਹੋ ਸਕੇਗਾ। ਅਤੇ ਮਹਿਜ ਵੱਖ ਵੱਖ ਧੜਿਆਂ ਦੇ ਇਕ ਮੁਕ ਹੋ ਜਾਣ ਨਾਲ ਨਹੀਂ।

ਸੰਮੇਲਨ ਦੌਰਾਨ ਵਕੀਲਾਂ ਦੇ ਕੋਈ 200 ਦੇ ਕਰੀਬ ਨੁਮਾਇੰਦੇ ਸ਼ਾਮਲ ਹੋਏ ਅਤੇ ਇਸ ਦੌਰਾਨ ਜ਼ਬਰ ਵਿਰੋਧੀ ਫਰੰਟ ਦੇ ਸੈਕਟਰੀ ਡਾ. ਰਜਿੰਦਰਪਾਲ ਸਿੰਘ ਵਲੋਂ ਡੇਰਾ ਬਾਬਾ ਨਾਨਕ ਵਿਖੇ ਮੁਕਾਬਲੇ ਦੌਰਾਨ ਮਾਰੇ ਗਏ ਦਸ ਸਿਖ ਨੌਜਵਾਨਾਂ ਦੇ ਮਸਲੇ ਬਾਰੇ ਤਿਆਰ ਕੀਤੀ ਗਈ ਜਾਂਚ ਰਿਪੋਰਟ ਵੀ ਤਿਆਰ ਕੀਤੀ ਗਈ।

# 4 ਰਾਜਾਂ 'ਚ ਚੋਣਾਂ ਅਪਰੈਲ ਮਹੀਨੇ

ਨਵੀਂ ਦਿੱਲੀ — ਅਜਿਹਾ ਲੱਗਦਾ ਹੈ ਕਿ ਕੇਂਦਰ ਦੀ ਹੁਕਮਰਾਨ ਪਾਰਟੀ ਚਾਰ ਰਾਜਾਂ ਵਿਚ ਇਕੋ ਵੇਲੇ ਅਗਲੇ ਸਾਲ ਅਪ੍ਰੈਲ ਵਿਚ ਚੋਣਾਂ ਕਰਾਉਣ ਤੇ ਵਿਚਾਰ ਕਰ ਰਹੀ ਹੈ। ਉਂਜ ਪੱਛਮੀ ਬੰਗਾਲ ਵਿਚ ਚੋਣਾਂ ਫਰਵਰੀ ਵਿਚ ਤੇ ਬਾਕੀ ਤਿੰਨ ਰਾਜਾਂ ਵਿਚ ਸਾਲ ਦੇ ਅਗਾਮੀ ਮਹੀਨਿਆਂ ਵਿਚ ਚੋਣਾਂ ਹੋਣੀਆਂ ਨਿਸ਼ਚਿਤ ਹਨ। ਇਹ ਵੀ ਵਿਚਾਰ ਹੈ ਕਿ ਜੇ ਚਾਰ ਰਾਜਾਂ ਦੇ ਨਤੀਜੇ ਇਕੱਠੇ ਮਿਲ ਜਾਣ ਤਾਂ ਇਹ ਮਿਨੀ ਆਮ ਚੋਣਾਂ ਦੀ ਸ਼ਕਲ ਵਿਚ ਲੋਕਾਂ ਦਾ ਫਤਵਾ ਦੇ ਸਕਣਗੇ। ਇਸ ਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦੀ ਲੋਕ-ਪ੍ਰਿਯਤਾ ਦਾ ਪਤਾ ਵੀ ਲਗ ਜਾਵੇਗਾ ਕਿਉਂਕਿ ਉਨ੍ਹਾਂ ਨੇ ਆਪਣੀ ਪੰਜ ਸਾਲਾਂ ਮਿਆਦ ਦਾ ਲਗਪਗ ਅੱਧਾ ਪੈਂਡਾ ਤਹਿ ਕਰ ਲਿਆ ਹੈ। ਭਾਵੇਂ ਮਾਰਕਸੀ ਪਾਰਟੀ ਪੱਛਮੀ ਬੰਗਾਲ ਵਿਚ ਫਰਵਰੀ ਵਿਚ ਚੋਣਾਂ ਕਰਾਉਣ ਦੇ ਹੱਕ ਵਿਚ ਹੈ ਪਰ ਕਾਂਗਰਸ ਚਾਹੁੰਦੀ ਹੈ ਕਿ ਇਹ ਚੋਣਾਂ ਅਪ੍ਰੈਲ ਵਿਚ ਕਰਾਈਆਂ ਜਾਣ ਕਿਉਂਕਿ ਉਦੋਂ ਤੱਕ ਸ਼ਾਇਦ ਗੋਰਖਾ ਰਾਸ਼ਟਰੀ ਮੁਕਤੀ ਮੋਰਚੇ ਦਾ ਅੰਦੋਲਨ ਕੁਝ ਠੰਡਾ ਪੈ ਜਾਵੇਗਾ ਤੇ ਕਾਂਗਰਸ (ਇ) ਮਾਰਕਸੀ ਪਾਰਟੀ ਨੂੰ ਚੰਗੀ ਲੜਾਈ ਦੇ ਸਕੇਗੀ। ਕੇਰਲ ਅਤੇ ਹਰਿਆਣਾ ਵਿਚ ਬਾਰਾਂ ਮਈ 1982 ਨੂੰ ਚੋਣਾਂ ਹੋਈਆਂ ਸਨ ਤੇ ਹੁਣ ਇਨ੍ਹਾਂ ਦੋਹਾਂ ਰਾਜਾਂ ਵਲੋਂ ਵੀ ਚੋਣਾਂ ਵਿਚ ਕਾਹਲ ਨਹੀਂ ਦਿਖਾਈ ਜਾ ਰਹੀ। ਸੰਭਵ ਹੈ ਕਿ ਹਰਿਆਣਾ, ਕੇਰਲ, ਪੱਛਮੀ ਬੰਗਾਲ ਅਤੇ ਜੰਮੂ-ਕਸ਼ਮੀਰ ਵਿਚ ਅਪ੍ਰੈਲ ਮਹੀਨੇ ਦੌਰਾਨ ਹੀ ਇਕੋ ਵੇਲੇ ਚੋਣਾਂ ਕਰਵਾਈਆਂ ਜਾਣਗੀਆਂ। ਜੰਮੂ-ਕਸ਼ਮੀਰ ਵਿਚ ਡਾ: ਫਾਰਕੂ ਅਬਦੁੱਲਾ ਦੀ ਅਗਵਾਈ ਵਿਚ ਇੰਕਾ-ਨੈਕਾ ਸਾਂਝੀ ਸਰਕਾਰ ਦੇ ਹਲਫ ਲੈਣ ਤੋਂ ਤੁਰੰਤ ਪਿਛੋਂ ਮੁਖ ਮੰਤਰੀ ਦੇ ਕਹਿਣ ਤੇ ਰਾਜ ਵਿਧਾਨ ਸਭਾ ਨੂੰ ਭੰਗ ਕਰ ਦਿੱਤਾ ਗਿਆ ਸੀ।

# ਚੀਨੀ ਕੁੜੀ ਦਾ ਚਮਤਕਾਰੀ ਚੇਤਾ

ਬੀਜਿੰਗ — ਚੀਨ ਦੀ ਇਕ ਛੱਬੀਆਂ ਸਾਲਾਂ ਦੀ ਟੈਲੀਫੋਨ ਅਪਰੇਟਰ ਨੂੰ ਦਸ ਸ਼ਹਿਰਾਂ ਦੇ ਪੰਦਰਾਂ ਹਜ਼ਾਰ ਟੈਲੀਫੋਨ ਨੰਬਰ ਜ਼ਬਾਨੀ ਯਾਦ ਹਨ। ਚੀਨੀ ਖਬਰ ਏਜੰਸੀ 'ਸਿਨਹੂਆ' ਅਨੁਸਾਰ ਕੁਮਾਰੀ ਗੌਉ ਯਾਂਲਿੰਗ ਨੇ ਆਪਣੀ ਪ੍ਰਤਿਭਾ ਦਾ ਵਿਖਾਵਾ ਉਸ ਵੇਲੇ ਕੀਤਾ ਜਦੋਂ ਉਸ ਨੇ ਬੀਜਿੰਗ, ਡਾਲੀਆ, ਸ਼ੰਘਈ, ਤਿਆਜਿਨ ਤੇ ਹੋਰਨਾਂ ਸ਼ਹਿਰਾਂ ਦੇ ਫੋਨ ਨੰਬਰ ਬਿਨਾਂ ਕਿਸੇ ਭੁੱਲ ਦੇ ਦੁਹਰਾਏ।

ਕੁਮਾਰੀ ਗੌਉ ਨੇ 1981 ਵਿਚ ਟੈਲੀਫੋਨ ਅਪਰੇਟਰ ਵਜੋਂ ਕੰਮ ਸ਼ੁਰੂ ਕੀਤਾ ਤੇ ਉਸ ਨੇ ਫੋਨ ਨੰਬਰ ਯਾਦ ਕਰਨ ਲਈ ਛੇ ਤਰੀਕੇ ਅਪਣਾਏ। ਉਸ ਦਾ ਕਹਿਣਾ ਹੈ "ਮੈਂ ਟੈਲੀਵੀਜ਼ਨ ਵੇਖਦਿਆਂ, ਇਸਤਿਹਾਰ, ਪੜ੍ਹਦਿਆਂ ਜਾਂ ਦੁਕਾਨਾਂ ਤੇ ਫੈਕਟਰੀਆਂ ਕੋਲੋਂ ਦੀ ਲੰਘਣ ਸਮੇਂ ਵੱਖ ਵੱਖ ਅਦਾਰਿਆਂ ਦੇ ਫੋਨ ਨੰਬਰ ਵੇਖ ਕੇ ਆਪਣੇ ਚੇਤੇ 'ਚ ਵਸਾ ਲੈਂਦੀ ਹਾਂ।" ਉਸ ਦਾ 18 ਹਜ਼ਾਰ ਫੋਨ ਨੰਬਰ ਯਾਦ ਕਰਨ ਦਾ ਟੀਚਾ ਹੈ।

ਆਣ ਬਹਾਰਾਂ ਜਾਣ ਬਹਾਰਾਂ
ਬਾਗੀਂ ਫੁਲ ਖਿੜਾਣ ਬਹਾਰਾਂ
ਪਰ ਇਕ ਫੁਲ ਦੀਆਂ ਅੱਖਾਂ ਵਿਚੋਂ
ਪੀੜ ਉਮਰ ਭਰ ਛਣੀ ਵੇ ਮਾਹੀਆ......

'ਟੇਬਲ' ਤੇ ਫੁਲਾਂ ਨੂੰ ਚੁਣ ਕੇ,
ਕੌਣ ਭਲਾ ਅਜ ਰਖਦਾ,
ਪਹਿਲਾਂ ਹੀ ਅਖਬਾਰਾਂ ਦਾ,
ਜਦ ਰਖਿਆ ਹੋਵੇ ਬਸਤਾ !

ਨਵਾਂ ਅਤੇ ਦਿਲਚਸਪ ਇੰਡੋ-ਕਨੇਡੀਅਨ

**ਰੇਡੀਓ ਪ੍ਰੋਗਰਾਮ**

**"ਸਮੇਂ ਦੀ ਆਵਾਜ਼" FM 102.7**

ਵੈਨਕੂਵਰ ਦੇ ਪ੍ਰਸਿੱਧ **ਕੋ-ਆਪ** ਰੇਡੀਓ ਸਟੇਸ਼ਨ ਤੋਂ ਹਰ ਹਫ਼ਤੇ ਪ੍ਰਸਾਰਤ ਕੀਤਾ ਜਾਂਦਾ ਹੈ।

**FM 102.7 ਸ਼ਨਿਚਰਵਾਰ 3 ਤੋਂ 4 ਵਜੇ ਤੱਕ**

**ਪ੍ਰੋਗਰਾਮ ਵਿਚ ਭਖਦੇ ਕਮਿਊਨਿਟੀ ਮਸਲੇ ਪੇਸ਼ ਕੀਤੇ ਜਾਂਦੇ ਹਨ :**

- ਇਮੀਗਰੇਸ਼ਨ ਤੇ ਕਾਨੂੰਨ, ਸ਼ਰਾਬ ਦੀ ਸਮੱਸਿਆ, ਵਿਦਿਆ, ਸਿਹਤ ਬਾਰੇ ਜਾਣਕਾਰੀ, ਔਰਤਾਂ ਦੀ ਹਾਲਤ, ਬੱਚਿਆਂ ਅਤੇ ਬਜ਼ੁਰਗਾਂ ਦੀਆਂ ਸਮੱਸਿਆਵਾਂ ਆਦਿ।

**ਕਮਿਊਨਿਟੀ ਮਸਲਿਆਂ ਤੋਂ ਬਿਨਾਂ ਪ੍ਰੋਗਰਾਮ ਵਿਚ :**

- ਗੀਤ ਸੰਗੀਤ, ਹਰਮਨ ਪਿਆਰੇ ਫਿਲਮੀਂ ਗਾਣੇ, ਡਰਾਮੇ ਅਤੇ ਕਵਿਤਾਵਾਂ ਵੀ ਪੇਸ਼ ਕੀਤੀਆਂ ਜਾਂਦੀਆਂ ਹਨ।

ਇਹ ਪ੍ਰੋਗਰਾਮ ਤੁਹਾਡਾ ਆਪਣਾ, ਸਾਰੀ ਕਮਿਊਨਿਟੀ ਦਾ ਹੈ। ਇਸ ਵਿਚ ਬੱਚਿਆਂ, ਬਜ਼ੁਰਗਾਂ, ਔਰਤਾਂ ਅਤੇ ਮਰਦਾਂ ਨੂੰ ਬਰਾਬਰ ਖੁਲ੍ਹ ਕੇ ਹਿਸਾ ਲੈਣ ਲਈ ਸੱਦਾ ਪੱਤਰ ਦਿੱਤਾ ਜਾਂਦਾ ਹੈ। ਇਸ ਨੂੰ ਹੋਰ ਦਿਲਚਸਪ ਅਤੇ ਲਾਭਦਾਇਕ ਬਨਾਉਣ ਲਈ ਤੁਹਾਡੀ ਸਹਾਇਤਾ ਦੀ ਲੋੜ ਹੈ। ਸੁਝਾ ਦੇਣ ਲਈ ਜਾਂ ਹੋਰ ਜਾਣਕਾਰੀ ਲਈ ਫ਼ੋਨ ਕਰੋ :

**ਚਰਨਪਾਲ ਗਿੱਲ : 576-2307**

**ਕੋ-ਆਪ ਰੇਡੀਓ : 684-8494**

# ਸਿੱਖਾਂ ਦਾ ਸ਼ਾਨਾਂ ਮੱਤਾ ਵਿਰਸਾ ਅਤੇ ਅਜੋਕੀ ਸਥਿਤੀ ਉਤੇ ਇਕ ਝਾਤ

—ਹਰਦੇਵ ਵਿਰਕ—

ਐਡਮਿੰਟਨ, ਅਲਬਰਟਾ।

ਸਿੱਖਾਂ ਦੇ ਪੰਜ ਸੌ ਸਾਲਾਂ ਦੇ ਇਤਿਹਾਸ ਵਿਚ ਅਨੇਕਾਂ ਲਹਿਰਾਂ ਚੱਲੀਆਂ, ਜਿਨ੍ਹਾਂ ਵਿਚੋਂ ਕੁਝ ਧਾਰਮਿਕ ਅਤੇ ਕੁਝ ਰਾਜਸੀ ਲਹਿਰਾਂ ਸਨ। ਇਹਨਾਂ ਲਹਿਰਾਂ ਨੇ ਆਪਣੇ ਆਪਣੇ ਸਮੇਂ ਅਜਿਹੀਆਂ ਸੁਚੱਜੀਆਂ ਪਿਰਤਾਂ ਪਾਈਆਂ ਜਿਨ੍ਹਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਜਦੋਂ ਅਸੀਂ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਅਤੇ ਬਾਣੀ ਘੋਖਦੇ ਹਾਂ ਤਾਂ ਉਸ ਵਿਚੋਂ ਸਾਨੂੰ ਉਸ ਵਕਤ ਦੀ ਖੇਰੂੰ ਖੇਰੂੰ ਹੋਈ ਹਿੰਦੋਸਤਾਨੀ ਕੌਮੀਅਤ ਨੂੰ ਆਪਣੇ ਪ੍ਰਸਪਰ ਵੈਰ ਭਾਵ ਛੱਡ ਕੇ ਇਕ ਹੋਣ ਦਾ ਸੁਨੇਹਾ ਮਿਲਦਾ ਹੈ। ਇਸ ਸਾਂਝੀਵਾਲਤਾ ਦੇ ਸੁਨੇਹੇ ਨੂੰ ਅਗਲੇ ਸਿੱਖ ਗੁਰੂਆਂ ਅਤੇ ਨੇਤਾਵਾਂ ਨੇ ਅੱਗੇ ਤੋਰਿਆ। ਸਾਂਝੀਵਾਲਤਾ ਦੀ ਇਸ ਭਾਵਨਾ ਦੀ ਬਦੌਲਤ ਅੱਗੇ ਚੱਲ ਕੇ ਕੂਕਾ ਲਹਿਰ ਹੋਂਦ ਵਿਚ ਆਈ। ਇਸ ਲਹਿਰ ਦੇ ਬਾਨੀ ਬਾਬਾ ਰਾਮ ਸਿੰਘ ਨੇ 1870 ਦੌਰਾਨ ਅੰਗਰੇਜ਼ ਹਕੂਮਤ ਦਾ ਪੂਰਨ ਬਾਈਕਾਟ ਕਰਦੇ ਹੋਏ ਉਨ੍ਹਾਂ ਨੂੰ ਹਿੰਦੁਸਤਾਨ ਛੱਡਣ ਦਾ ਨਾਅਰਾ ਬੁਲੰਦ ਕੀਤਾ। ਇਸ ਤੋਂ ਭੈਭੀਤ ਹੋ ਕੇ ਅੰਗਰੇਜ਼ ਹਕੂਮਤ ਨੇ ਬਾਬਾ ਰਾਮ ਸਿੰਘ ਦੇ ਪੰਜਾਹ ਸਾਥੀਆਂ, ਜਿੰਨ੍ਹਾਂ ਵਿਚ ਇਕ ਤੇਰ੍ਹਾਂ ਸਾਲਾਂ ਦਾ ਲੜਕਾ ਵੀ ਸੀ, ਨੂੰ ਬਿਨਾਂ ਮੁਕੱਦਮਾ ਚਲਾਏ ਮਲੇਰ ਕੋਟਲੇ ਵਿਚ ਤੋਪਾਂ ਨਾਲ ਉਡਾ ਦਿਤਾ ਅਤੇ 16 ਸਾਥੀਆਂ ਨੂੰ ਪਟਿਆਲਾ ਰਿਆਸਤ ਦੇ ਪਿੰਡ ਮਲੌਦ ਵਿਚ ਫਾਂਸੀ ਉਪਰ ਟੰਗ ਦਿਤਾ। ਬਾਬਾ ਰਾਮ ਸਿੰਘ ਅਤੇ ਚਾਰ ਹੋਰ ਸਾਥੀਆਂ ਨੂੰ ਗ੍ਰਿਫਤਕਾਰ ਕਰਕੇ ਪਹਿਲਾਂ ਇਲਾਹਾਬਾਦ ਤੇ ਫਿਰ ਰੰਗੂਨ ਜੇਲ੍ਹ ਵਿਚ ਭੇਜ ਦਿਤਾ ਗਿਆ।

ਭਾਵੇਂ ਇਕ ਧਾਰਮਕ ਅਤੇ ਸੁਧਾਰਕ ਲਹਿਰ ਦੇ ਤੌਰ 'ਤੇ ਕੂਕਾ ਲਹਿਰ ਬਾਅਦ ਵਿਚ ਕਾਫੀ ਕਮਜ਼ੋਰ ਹੋ ਗਈ, ਪਰ ਜਿਹੜੀ ਬਰਤਾਨਵੀ ਸਾਮਰਾਜ ਦੇ ਖਿਲਾਫ ਚੰਗਿਆੜੀ ਮਘੀ ਸੀ, ਉਸਨੇ ਹੋਰ ਵੀ ਪਰਚੰਡ ਰੂਪ ਧਾਰ ਲਿਆ। ਪਿਛਲੀਆਂ ਨਿਰੋਲ ਧਾਰਮਕ ਤੇ ਸਮਾਜਕ ਲਹਿਰਾਂ ਦਾ ਸੀਮਤ ਘੇਰਾ ਵਿਸ਼ਾਲ ਕਰਕੇ ਇਕੱਲੇ ਸਿੱਖਾਂ ਜਾਂ ਪੰਜਾਬੀਆਂ ਤੱਕ ਹੀ ਸੀਮਤ ਨਾ ਕਰਕੇ ਹਿੰਦੁਸਤਾਨ ਤੋਂ ਹਜ਼ਾਰਾਂ ਮੀਲ ਦੂਰ ਅਮਰੀਕਾ ਦੀ ਧਰਤੀ ਨੂੰ ਸੰਘਰਸ਼ ਦਾ ਅੱਡਾ ਮਿੱਥ ਕੇ ਗ਼ਦਰ ਪਾਰਟੀ ਹੋਂਦ ਵਿਚ ਆਈ। ਗ਼ਦਰ ਪਾਰਟੀ ਨੇ ਸਾਂਝੀਵਾਲਤਾ ਦੇ ਵਿਸ਼ਾਲ ਅਸੂਲਾਂ 'ਤੇ ਚੱਲਦਿਆਂ ਹਿੰਦੁਸਤਾਨ ਦੀ ਜੰਤਾ ਨੂੰ ਰਾਜਸੀ ਤੌਰ 'ਤੇ ਬਹੁਤ ਚੇਤੰਨ ਕੀਤਾ ਅਤੇ ਅੰਗਰੇਜ਼ ਹਕੂਮਤ ਦੀ ਕੌਮਾਂ ਨੂੰ 'ਪਾੜੋ ਤੇ ਰਾਜ ਕਰੋ' ਦੀ ਬਦਨੀਤੀ ਨੂੰ ਡੂੰਘੇ ਤੇ ਵਿਗਿਆਨਕ ਰੂਪ ਵਿਚ ਪਰਖਣ ਲਈ ਰਾਹ ਖੋਹਲਿਆ।

ਬਾਅਦ ਵਿਚ ਗੁਰਦੁਆਰਿਆਂ ਦੀ ਆਜ਼ਾਦੀ ਬਾਰੇ ਲੱਗਿਆ ਗੁਰਦੁਆਰਾ ਸੁਧਾਰ ਲਹਿਰ ਮੋਰਚਾ ਇਕ ਧਾਰਮਕ ਮੋਰਚਾ ਸੀ ਜੋ ਕਿ ਤੱਤ ਰੂਪ ਵਿਚ ਧਾਰਮਕ ਹੀ ਰਿਹਾ। ਅੰਗਰੇਜ਼ਾਂ ਵੱਲੋਂ ਚੱਲੀਆਂ ਅਨੇਕਾਂ ਕੋਝੀਆਂ ਚਾਲਾਂ ਦੇ ਬਾਵਜੂਦ ਵੀ ਇਨ੍ਹਾਂ ਕੋਈ ਅਜੇਹੀ ਕਮਜ਼ੋਰੀ ਨਾ ਆਉਣ ਦਿੱਤੀ ਜਿਸ ਨਾਲ ਦੁਸ਼ਮਣ ਸਿੱਖਾਂ ਭਾਵ ਅਕਾਲੀਆਂ ਨੂੰ ਹਿੰਦੂ-ਮੁਸਲਮਾਨਾਂ ਨਾਲੋਂ ਤੋੜ ਸਕਦਾ। ਉਲਟਾ ਸਗੋਂ ਸਾਮਰਾਜ ਦੇ ਖਿਲਾਫ ਲੜਾਈ ਵਿਚ ਉਸ ਵਕਤ ਦੀ ਸਭ ਤੋਂ ਵੱਡੀ ਰਾਜਸੀ ਪਾਰਟੀ ਕਾਂਗਰਸ ਦੇ ਨੁਮਾਇੰਦੇ ਨਹਿਰੂ ਵਰਗੇ ਲੀਡਰਾਂ ਵੀ ਜੈਤੋ ਦੇ ਬਜ਼ਾਰਾਂ ਵਿਚ ਹੱਥਕੜੀਆਂ ਲਵਾ ਕੇ ਅਕਾਲੀਆਂ ਨਾਲ ਏਕੇ ਦਾ ਸਬੂਤ ਦਿੱਤਾ। ਇਸੇ ਤਰ੍ਹਾਂ ਹੀ ਕਿਚਲੂ ਵਰਗੇ ਕੌਮ-ਪ੍ਰਸਤਾਂ ਵੀ ਆਪਣੇ ਵਿਤ ਮੁਤਾਬਕ ਹਾਂ-ਪੱਖੀ ਰੋਲ ਨਿਭਾਇਆ।

## ਅਜੋਕੇ ਧਰਮਯੁੱਧ ਮੋਰਚੇ ਦੀ ਅਸਫਲਤਾ ਤੇ ਕੁਝ ਕਾਰਨ :

ਅੱਜ ਪੰਜਾਬੀਆਂ ਦੀਆਂ ਸਾਂਝੀਆਂ ਮੰਗਾਂ ਨੂੰ ਇਕੱਲੇ ਸਿੱਖ ਧਰਮ ਨਾਲ ਰਲਗੱਡ ਕਰਕੇ ਅਕਾਲੀਆਂ ਨੇ ਸਾਰੇ ਹਿੰਦੁਸਤਾਨ ਵਿਚ ਵਸਦੇ ਸਿੱਖਾਂ ਨੂੰ ਪ੍ਰਵਾਸੀ ਬਣਾ ਕੇ ਰੱਖ ਦਿਤਾ ਹੈ। ਜਿਥੇ ਕੇਂਦਰ ਸਰਕਾਰ ਨੂੰ ਇਸ ਲੜਾਈ ਨੂੰ ਗਲਤ ਰੂਪ ਦੇਣ ਲਈ ਨਹੀਂ ਬਖਸ਼ਿਆ ਜਾ ਸਕਦਾ, ਉਥੇ ਅਕਾਲੀਆਂ ਦੀ ਘਚੋਲੇ ਵਾਲੀ ਨੀਤੀ ਨੂੰ ਵੀ ਕਿਸੇ ਕੀਮਤ ਤੇ ਸੈਕੂਲਰ ਨਹੀਂ ਕਿਹਾ ਜਾ ਸਕਦਾ। ਜਨਸੰਘ ਵੀ ਪੂਰੇ ਤੌਰ 'ਤੇ ਇਨ੍ਹਾਂ ਦੀ ਭਾਈਵਾਲ ਹੈ। ਇਸਦੇ ਫਿਰਕੂ ਦਸਤੇ ਸ਼ਿਵ ਸੈਨਾ, ਆਰ. ਐਸ. ਐਸ. ਅਤੇ ਸ਼ਿਵ ਮੰਡਲੀਆਂ, ਦਸ਼ਮੇਸ਼ ਰੈਜਮੈਂਟ ਅਤੇ ਖਾਲਿਸਤਾਨੀ ਕਮਾਂਡੋਜ਼ ਵਾਂਗ ਹੱਥਾਂ ਵਿਚ ਅੱਗ ਦੇ ਮੁਆਤੇ ਫੜੀ ਹਿੰਦੁਸਤਾਨ ਦੀਆਂ ਸਦੀਵੀ ਸਾਂਝਾਂ ਨੂੰ ਰਾਖ ਕਰਨ ਲਈ ਸਿਰਤੋੜ ਯਤਨਾਂ ਵਿਚ ਹਨ। ਇਹ ਹਿੰਦੁਸਤਾਨ ਦੀ ਸਾਂਝੀ ਕੌਮੀਅਤ ਨੂੰ ਟੋਟੇ ਟੋਟੇ ਕਰਕੇ '47 ਤੋਂ ਪਹਿਲਾਂ ਵਰਗੇ ਹੀ ਕਾਲੇ ਸਾਮਰਾਜੀ ਦੌਰ ਵਿਚ ਸੁੱਟਣ ਲਈ ਆਪਣਾ ਰੋਲ ਅਦਾ ਕਰ ਰਹੀਆਂ ਹਨ।

## ਖੱਬੀਆਂ ਤਾਕਤਾਂ ਦਾ ਹਾਂ-ਪੱਖੀ ਰੋਲ

ਅਜ ਪੰਜਾਬ ਦੀਆਂ ਖੱਬੀਆਂ ਤਾਕਤਾਂ ਹੀ ਹਨ ਜੋ ਆਪਣੇ ਵਿਤ ਮੁਤਾਬਕ ਇਮਾਨਦਾਰੀ ਅਤੇ ਨਿੱਡਰਤਾ ਨਾਲ ਪੰਜਾਬ ਦੇ ਮਸਲੇ ਵਿਚ ਹਰ ਪੜਾਅ ਉਤੇ ਸਭਨਾਂ ਫਿਰਕੂ ਅਤੇ ਲੋਕ ਵਿਰੋਧੀ ਪਾਰਟੀਆਂ ਜਾਂ ਜਥੇਬੰਦੀਆਂ ਨੂੰ ਨੰਗਾ ਕਰਦੀਆਂ ਆਈਆਂ ਹਨ। ਜਿਵੇਂ '78 ਦੀਆਂ ਗੁਰਦੁਆਰਾ ਚੋਣਾਂ ਤੋਂ ਪਿਛੋਂ ਇਸ ਗੱਲ ਨੂੰ ਚੰਗੀ ਤਰ੍ਹਾਂ ਪ੍ਰਚਾਰਨਾ ਕਿ ਭਿੰਡਰਾਂਵਾਲਾ ਕਾਂਗਰਸ ਦੀ ਹੀ ਪੈਦਾਵਾਰ ਹੈ। ਜੋ ਗੱਲ ਅੱਜ ਆਮ ਲੋਕਾਂ ਦੇ ਮੂੰਹ ਤੋਂ ਵੀ ਨਿਕਲਦੀ ਹੈ। ਫਿਰ ਅਕਾਲੀ ਮੋਰਚੇ ਦੇ ਭਖਾ ਵਿਚ ਇਸ ਗੱਲ ਨੂੰ ਨਸ਼ਰ ਕਰਨਾ ਕਿ ਅਕਾਲੀ ਸਫਾਂ ਵਿਚ ਬੈਠੇ ਟੌਹੜੇ ਵਰਗੇ ਲੀਡਰੀ ਦੇ ਲਾਲਚੀ ਵੀ ਹੁਣ ਭਿੰਡਰਾਂਵਾਲੇ ਤੋਂ ਰਾਜਸੀ ਫਾਇਦਾ ਲੈਣਾ ਚਾਹੁੰਦੇ ਹਨ। ਕੇਂਦਰ ਦੀ ਰਾਜਸੀ ਜੁੰਡਲੀ ਵੀ ਭਿੰਡਰਾਂਵਾਲੇ ਤੋਂ ਅਜਿਹਾ ਹੀ ਰਾਜਸੀ ਫਾਇਦਾ ਲੈਣਾ ਚਾਹੁੰਦੀ ਸੀ। ਇਸ ਗੱਲ ਨੂੰ ਵੀ ਖੱਬੀਆਂ ਤਾਕਤਾਂ ਨੇ ਹੀ ਲੋਕਾਂ ਵਿਚ ਪ੍ਰਚਾਰਿਆ ਕਿ ਲੌਂਗੋਵਾਲ ਦੀ ਥਿੜਕੂ ਪਾਲਿਸੀ, ਜਿਸਦੇ ਤਹਿਤ ਟੌਹੜੇ ਦੇ ਹੱਥਾਂ ਵਿਚ ਖੇਡਦਿਆਂ ਹੋਇਆਂ ਕੋਈ ਨਿੱਗਰ ਸਟੈਂਡ ਨਾ ਲੈਣਾ ਅਤੇ ਮੋਰਚੇ ਦੇ ਨਾਂ ਥੱਲੇ ਹੁੰਦੀਆਂ ਗਲਤ ਵਾਰਦਾਤਾਂ ਦਾ ਵਿਰੋਧ ਨਾ ਕਰਨਾ, ਪੰਜਾਬ ਦੀ ਬਦਕਿਸਮਤੀ ਵਾਲੀ ਹਾਲਤ ਵੱਲ ਨੂੰ ਵਧਦਾ ਹੀ ਇਕ ਕਦਮ ਹੈ। ਇਹ ਖੱਬੀਆਂ ਪਾਰਟੀਆਂ ਹੀ ਹਨ ਜਿਹੜੀਆਂ ਸ਼ੁਰੂ ਤੋਂ ਹੀ ਕਾਂਗਰਸ ਪਾਰਟੀ ਦੀਆਂ ਗਲਤ ਪਾਲਸੀਆਂ ਦੀ ਵਿੱਥ ਵਿਚੋਂ ਝਾਤੀਆਂ ਮਾਰਦੇ ਸਾਮਰਾਜ ਅਤੇ ਉਸਦੇ ਪਿੱਠੂ ਜ਼ਿਆ ਦੀਆਂ ਹਰਕਤਾਂ ਦਾ ਪਰਦਾ ਫਾਸ਼ ਕਰਦੇ ਆਏ ਹਨ। ਉਹ ਹਰਕਤਾਂ ਜਿਹੜੀਆਂ ਅਜ ਸਭ ਕੋਝੀਆਂ ਚਤਰਾਈਆਂ ਸਮੇਤ ਅਲਫ਼ ਨੰਗੀਆਂ ਸਾਡੇ ਸਾਹਮਣੇ ਹਨ। ਇਹ ਵੀ ਇਹੋ ਤਾਕਤਾਂ ਹੀ ਨੇ ਜੋ ਸਾਮਰਾਜ ਦੇ ਦੁੰਮ ਛੱਲਿਆਂ ਨੂੰ ਭਾਵੇਂ ਉਹ ਕਿਸੇ ਵੀ ਰੂਪ ਵਿਚ ਕਿਉਂ ਨਾ ਹੋਣ, ਸਿੱਖ ਵਿਰੋਧੀ, ਪੰਜਾਬ ਵਿਰੋਧੀ ਅਤੇ ਹਿੰਦੁਸਤਾਨ ਵਿਰੋਧੀ ਕਹਿੰਦੀਆਂ ਆਈਆਂ ਹਨ।

ਸਾਮਰਾਜ ਅਤੇ ਉਹਦੇ ਪਿੱਠੂਆਂ ਦੇ ਖਿਆਲ ਵਿਚ ਖਾਲਿਸਤਾਨ ਵਾਕਿਆ ਹੀ ਇਕ ਪਵਿਤਰ ਅਸਥਾਨ ਹੋਵੇਗਾ ਕਿਉਂਕਿ ਉਹ ਇਸਨੂੰ ਦਵਾਲੇ ਦੇ ਲੋਕਾਂ ਲਈ ਇਸਰਾਈਲ ਜਾਂ ਫਿਲਪਾਈਨ ਵਾਂਗ ਲੁੱਟ ਦਾ ਅੱਡਾ ਬਣਿਆ ਦੇਖਣਾ ਚਾਹੁੰਦੇ ਹਨ। ਜਿਹੜੇ ਲੋਕ ਇਹ ਸਮਝਦੇ ਹਨ ਕਿ ਖਾਲਿਸਤਾਨ ਜਾਂ ਫਿਰਕੂ ਤਾਕਤਾਂ ਦਾ ਵਿਰੋਧ ਕਰਨਾ ਸਿੱਖਾਂ ਦਾ ਵਿਰੋਧ ਕਰਨਾ ਹੈ, ਉਹ ਪਿਛਲੀਆਂ ਗਲਤੀਆਂ ਤੋਂ ਵੀ ਵੱਡੀ ਇਕ ਹੋਰ ਬੱਜਰ ਗਲਤੀ ਕਰ ਰਹੇ ਹਨ। ਸਾਮਰਾਜ ਕਿਸੇ ਦਾ ਯਾਰ ਨਹੀਂ। ਇਹ ਤਾਂ ਸਿਰਫ ਆਪਣੀ ਅਣਮਨੁੱਖੀ ਲੁੱਟਚੋਂਘ ਦਾ ਯਾਰ ਹੈ, ਜਿਸਦਾ ਸੰਤਾਪ ਅਜ ਚਿੱਲੀ, ਇੰਡੋਨੇਸ਼ੀਆ, ਐਲਸਲਵਾਡੋਰ, ਗਾਤਾ ਮਾਲਾ, ਹਾਂਡੂਰਸ, ਹੇਅਤੀ ਆਦਿ ਭੋਗ ਰਹੇ ਹਨ ਜਿਨ੍ਹਾਂ ਦੀ ਅਖੌਤੀ ਪਵਿਤਰਤਾ ਬਚਾਉਣ ਵਾਸਤੇ ਉਥੋਂ ਦੀਆਂ ਘਰੋਗੀ ਅਤੇ ਬਾਹਰੀ ਸਾਂਝੇ ਹਿਤਾਂ ਲਈ ਲੜ ਰਹੀਆਂ ਜਥੇਬੰਦੀਆਂ ਨੂੰ ਕੁਚਲਣਾ ਅਜ ਦਾ ਅਮਰੀਕਨ ਸਾਮਰਾਜ ਆਪਣਾ ਧਰਮ ਸਮਝਦਾ ਹੈ। ਇਥੇ ਇਹ ਗੱਲ ਸਪੱਸ਼ਟ ਕਰਨੀ ਬੜੀ ਜ਼ਰੂਰੀ ਹੈ ਕਿ ਹਿੰਦੁਸਤਾਨ ਦੀ ਕੌਮੀ ਸਰਮਾਏਦਾਰੀ ਦੀਆਂ ਪਾਲਿਸੀਆਂ ਵੀ ਕਿਸੇ ਤਰ੍ਹਾਂ ਘੱਟ ਲੋਕ-ਦੋਖੀ ਨਹੀਂ ਹਨ। ਸੋ ਵਕਤ ਦੀ ਮੰਗ ਹੈ ਕਿ ਸਾਂਝੇ ਤੌਰ ਤੇ ਕੇਂਦਰੀ ਸਰਕਾਰ ਦੀਆਂ ਲੋਕ ਵਿਰੋਧੀ ਪਾਲਿਸੀਆਂ ਦੇ ਖਿਲਾਫ ਲੜੀਏ ਨਾ ਕਿ ਇੰਗਲੈਂਡ ਨੂੰ ਭਾਂਜ ਦੇ ਕੇ ਅਮਰੀਕਾ ਜਾਂ ਕਿਸੇ ਹੋਰ ਸਾਮਰਾਜੀ ਨੂੰ ਆਪਣੇ ਉਤੇ ਬਿਠਾ ਲਈਏ।

## ਕੀਤਾ ਕੀ ਜਾਏ ?

ਜੇ ਅਕਾਲੀ ਪੰਜਾਬੀ ਦੇ ਮੌਜੂਦਾ ਮਸਲੇ ਵਿਚੋਂ ਪਿਛਲੀਆਂ ਗਲਤੀਆਂ ਦੇ ਬਾਵਜੂਦ ਆਪਣੀ ਜਿੱਤ ਚਾਹੁੰਦੇ ਹਨ (ਭਾਵੇਂ ਅਕਾਲੀਆਂ ਦੀਆਂ ਮੰਗਾਂ ਨਾਲ ਪੰਜਾਬ ਦੇ ਲੋਕਾਂ ਦੀਆਂ ਮੁਢਲੀਆਂ ਲੋੜਾਂ ਪੂਰੀਆਂ ਹਰਗਿਜ਼ ਨਹੀਂ ਹੋਣਗੀਆਂ, ਇਨ੍ਹਾਂ ਲਈ ਲੰਮਾ ਘੋਲ ਲੜਨਾ ਪਵੇਗਾ, ਫਿਰ ਵੀ ਮੌਜੂਦਾ ਭਰਾ ਮਾਰ ਲੜਾਈ ਤੋਂ ਛੁਟਕਾਰਾ ਪਾ ਕੇ ਮੁੱਖ ਦੁਸ਼ਮਣ ਵਲ ਸੇਧਤ ਹੋਣ ਲਈ ਰਾਹ ਜ਼ਰੂਰ ਖੁਲ੍ਹੇਗਾ। ਅਕਾਲੀ ਸਰਕਾਰ ਜਾਂ ਇਹਦੇ ਨੁਮਾਇੰਦਿਆਂ ਦੇ ਜਗੀਰੂ ਜਮਾਤੀ ਖਾਸੇ ਕਾਰਣ ਇਨ੍ਹਾਂ ਕੋਲੋਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਆਸ ਕਰਨੀ ਗ਼ੈਰ-ਹਕੀਕੀ ਜਾਪਦੀ ਹੈ) ਤਾਂ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਆਪਣੀਆਂ ਖਿਲਰੀਆਂ ਸਫਾਂ ਨੂੰ ਲਪੇਟ ਕੇ ਇਕ ਕਤਾਰ ਵਿਚ ਕਰਨਾ ਪਵੇਗਾ। ਇਕ ਸਹੀ ਲੋਕ-ਪੱਖੀ ਜਥੇਬੰਦੀ ਉਸਾਰਕੇ ਉਸਦੇ ਮੂੰਹੋਂ ਹੀ ਹਰ ਗੱਲ ਕਢਾਉਣੀ ਪਵੇਗੀ। ਨਾ ਕਿ ਹੁਣ ਵਾਂਗ ਜਿੰਨੇ ਮੂੰਹ ਉਨੀਆਂ ਗੱਲਾਂ ਕਰਕੇ ਦੁਸ਼ਮਣ ਨੂੰ ਆਪਣੀਆਂ ਕਮਜ਼ੋਰੀਆਂ ਲੁਕਾਉਣ ਦਾ ਮੌਕਾ ਮੁਹੱਈਆ ਕੀਤਾ ਜਾਵੇ ਨਾਲ ਦੀ ਨਾਲ ਹਿੰਦੁਸਤਾਨ ਦੀਆਂ ਉਨ੍ਹਾਂ ਰਾਜਨੀਤਕ ਤਾਕਤਾਂ ਨੂੰ, ਜਿਹੜੀਆਂ ਜਮਹੂਰੀ ਢੰਗਾਂ ਨਾਲ ਹਾਕਮ ਜਮਾਤ ਦੇ ਖਿਲਾਫ ਸਾਰਥਕ ਲੜਾਈ ਦੇ ਸਕਦੀਆਂ ਹਨ, ਨੂੰ ਵੀ ਵਿਸ਼ਵਾਸ਼ ਵਿਚ ਲੈਣਾ ਪਵੇਗਾ। ਲੜਾਈ ਦੇ ਦੌਰਾਨ ਇਸ ਗੱਲ ਨੂੰ ਵੀ ਖਾਸ ਧਿਆਨ ਵਿਚ ਰੱਖਣਾ ਪਵੇਗਾ ਕਿ ਸਿੱਖਾਂ ਇਕੱਲਿਆਂ ਦੀ, ਜੋ ਕਿ ਕਈ ਸੰਪ੍ਰਦਾਵਾਂ ਵਿਚ ਵੰਡੇ ਹੋਏ ਹਨ, ਹਿੰਦੁਸਤਾਨ ਵਿਚ ਕਿੰਨੀ ਕੁ ਤਾਕਤ ਹੈ।

ਭਾਰਤ ਦੇ ਆਰਥਕ, ਰਾਜਨੀਤਕ ਅਤੇ ਸਰਕਾਰੀ ਢਾਂਚੇ ਦਾ ਡੂੰਘਾਈ ਨਾਲ ਨਿਰਣਾ ਲੈਣਾ ਪਵੇਗਾ ਕਿਉਂਕਿ ਹਾਕਮ ਜਮਾਤ ਦੇ ਕਮਜ਼ੋਰ ਪਹਿਲੂਆਂ ਉਤੇ ਸੱਟ ਮਾਰਕੇ ਇਹਦੀਆਂ ਜੜ੍ਹਾਂ ਹਿਲਾਈਆਂ ਜਾ ਸਕਦੀਆਂ ਹਨ। ਜਿਨ੍ਹਾਂ ਲੀਹਾਂ ਉਤੇ ਇਹ ਤੁਰੇ ਹੋਏ ਹਨ ਜਾਂ ਬਾਹਰਲੀਆਂ ਤਾਕਤਾਂ ਨੇ ਤੋਰ ਦਿਤਾ ਹੈ, ਇਹ ਸਾਡੀ ਅਣਕਿਆਸੀ ਤਬਾਹੀ ਵੱਲ ਹੀ ਜਾਂਦਾ ਅੰਨ੍ਹਾਂ ਰਾਹ ਹੈ। ਵਖਰੇ ਮੁਲਕ ਦੀ ਰੱਟ ਮਸਲੇ ਦਾ ਹੱਲ ਨਹੀਂ। ਇਸ ਗੱਲ ਦੀ ਕੀ ਗਰੰਟੀ ਹੈ ਕਿ ਵੱਖਰੇ ਮੁਲਕ ਵਿਚ ਜ਼ੈਲ ਸਿੰਘ, ਬੂਟਾ ਸਿੰਘ, ਟੌਹੜਾ ਜਾਂ ਬਾਦਲ ਵਰਗੇ ਪੈਦਾ ਨਹੀਂ ਹੋਣਗੇ ?

ਆਵੋ ਪੁਰਾਣੀਆਂ ਕੌਮਾਂ ਦੀ ਜੁੜਤ ਵਾਲੀਆਂ ਰਵਾਇਤਾਂ ਨੂੰ ਅੱਗੇ ਵਧਾਈਏ ਨਾ ਕਿ ਇਸ ਤੋਂ ਉਲਟ ਬਾਬਰ ਜਾਂ ਔਰੰਗਜ਼ੇਬੀ ਫਿਰਕੂ ਕਲੰਕਤ ਰਸਤੇ ਦੀ ਦਲਦਲ ਵਿਚ ਖੁੱਭ ਕੇ ਆਪਣਾ ਵਕਤ ਬਰਬਾਦ ਕਰੀਏ।

# ਪੰਜਾਬ 'ਚ ਜੇਲ੍ਹ ਪ੍ਰਬੰਧ ਸਖਤ ਹੋਣਗੇ

ਅਹਿਮਦਗੜ੍ਹ — ਪੰਜਾਬ ਦੇ ਜੇਲ੍ਹ ਅਤੇ ਸਭਿਆਚਾਰਕ ਮਾਮਲਿਆਂ ਦੇ ਰਾਜ ਮੰਤਰੀ ਸ੍ਰੀ ਨੁਸਰਤ ਅਲੀ ਖਾਂ ਨੇ ਅਹਿਮਦਗੜ੍ਹ ਦੇ ਦੌਰੇ ਦੌਰਾਨ ਦੱਸਿਆ ਕਿ ਪੰਜਾਬ ਵਿਚ ਸਾਰੇ ਸਿਆਸੀ ਕੈਦੀਆਂ ਨੂੰ 'ਬੀ' ਕਲਾਸ ਦੇਣ ਦੀ ਤਜਵੀਜ਼ ਹੈ। ਉਨ੍ਹਾਂ ਦੱਸਿਆ ਕਿ ਜੇਹਲਾਂ ਵਿਚੋਂ ਫਰਾਰੀ ਰੋਕਣ ਲਈ ਵੀ ਯੋਗ ਪ੍ਰਬੰਧ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਇਸ ਸਬੰਧ ਵਿਚ ਪੰਜਾਬ ਦੀਆਂ ਲਗਭਗ ਸਾਰੀਆਂ ਜੇਲ੍ਹਾਂ ਦਾ ਦੌਰਾ ਕੀਤਾ ਹੈ। ਜੇਲ੍ਹ ਵਾਰਡਨਾਂ ਦੀ ਗਿਣਤੀ ਵਧਾਉਣ ਲਈ 425 ਆਸਾਮੀਆਂ ਦੀ ਪ੍ਰਵਾਨਗੀ ਸਰਕਾਰ ਕੋਲੋਂ ਮੰਗੀ ਗਈ ਹੈ। ਜਿਨ੍ਹਾਂ ਵਿਚੋਂ 355 ਪ੍ਰਵਾਨਤ ਆਸਾਮੀਆਂ ਕੁਝ ਹੀ ਸਮੇਂ ਵਿਚ ਭਰਤੀ ਰਾਹੀਂ ਪੁਰ ਕਰ ਲਈਆਂ ਜਾਣਗੀਆਂ। ਸ੍ਰੀ ਖਾਨ ਨੇ ਦੱਸਿਆ ਕਿ ਨਵੇਂ ਭਰਤੀ ਕੀਤੇ ਜਾਣ ਵਾਲੇ ਵਾਰਡਨਾਂ ਨੂੰ ਪੁਲਸ ਕਾਂਸਟੇਬਲਾਂ ਵਾਂਗ ਫਿਲੌਰ ਅਤੇ ਜਹਾਨ-ਖੇਲਾਂ ਪੁਲਿਸ ਟਰੇਨਿੰਗ ਕੇਂਦਰਾਂ ਵਿਜ ਹਥਿਆਰਾਂ ਦੀ ਸਿਖਲਾਈ ਦਿਤੀ ਜਾਵੇਗੀ ਅਤੇ ਜੇਲ੍ਹਾਂ ਦੇ ਕਰੜੇ ਪਹਿਰੇ ਲਈ 303 ਬੋਰ ਦੀਆਂ 200 ਰਾਈਫਲਾਂ ਅਤੇ 12000 ਕਾਰਤੂਸ ਹੋਮਗਾਰਡ ਪਾਸੋਂ ਮੰਗੇ ਗਏ ਹਨ। ਇਸ ਤੋਂ ਇਲਾਵਾ ਰਾਜ ਦੀਆਂ ਸਾਰੀਆਂ ਕੇਂਦਰੀ ਜੇਲ੍ਹਾਂ ਵਿਚ ਵਾਇਰਲਸ ਸਿਸਟਮ ਲਾਗੂ ਕਰਨ ਦੇ ਮੰਤਵ ਨਾਲ ਵਾਕੀ ਟਾਕੀ ਸੈਟ ਦਿਤੇ ਜਾਣਗੇ। ਜੇਲ੍ਹਾਂ ਦੇ ਚਾਰੇ ਪਾਸੇ ਉਚੇ ਟਾਵਰ ਅਤੇ ਕੰਡਿਆਲੀ ਤਾਰ ਅਤੇ ਰੋਸ਼ਨੀ ਦੇ ਯੋਗ ਪ੍ਰਬੰਧ ਲਈ ਵੱਡੀਆਂ ਲਾਈਟਾਂ ਫਿੱਟ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਕੈਦੀਆਂ ਦੀ ਖੁਰਾਕ ਵਿਚ ਵੀ ਕਾਫੀ ਸੁਧਾਰ ਕੀਤਾ ਗਿਆ ਹੈ ਅਤੇ ਜੇਲ੍ਹ ਮੁਆਫੀ ਦਾ ਵਰਨਣ ਕਰਦਿਆਂ ਕਿਹਾ ਕਿ ਜਦ ਤੋਂ ਬਰਨਾਲਾ ਸਰਕਾਰ ਆਈ ਹੈ, ਸਾਰੇ ਕੈਦੀਆਂ ਦੀ ਚਾਰ ਮਹੀਨੇ ਦੀ ਸਜ਼ਾ ਮਾਫ ਕਰਨ ਦਾ ਐਲਾਨ ਕੀਤਾ ਹੈ ਅਤੇ 65 ਤੋਂ 70 ਸਾਲ ਦੇ ਬਿਰਧ ਕੈਦੀਆਂ ਨੂੰ ਜਿਹਨਾਂ ਦੀ ਪੰਜ ਸਾਲ ਦੀ ਸਜ਼ਾ ਹੋ ਚੁਕੀ ਸੀ, ਰਿਹਾਅ ਕਰਨ ਦੇ ਹੁਕਮ ਦਿਤੇ ਗਏ ਹਨ ਅਤੇ ਡਾਕਟਰਾਂ ਵਲੋਂ ਜਿਸਮਾਨੀ ਤੌਰ ਤੇ ਅਯੋਗ ਕਰਾਰ ਦਿਤੇ। 15 ਕੇਸਾਂ ਦੀ ਰਿਹਾਈ ਕਰਨ ਦੀ ਸਿਫਾਰਸ਼ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜੇਲ੍ਹਾਂ ਦੇ ਸੁਧਾਰ ਲਈ ਜੇਲ੍ਹ ਕਮੇਟੀਆਂ ਦੇ ਗੈਰ ਸਰਕਾਰੀ ਮੈਂਬਰਾਂ ਦਾ ਛੇਤੀ ਐਲਾਨ ਕੀਤਾ ਜਾਵੇਗਾ।

Thinking of Buying or Selling

Residential, Commercial, New Houses, Lots, Building Contracts

Specializing :

Resale New Housing Lot Sales and Farms

Don't delay call now :

Hardeep S. Bhangav

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

Ph. Off: 594-4141

Pager 438-2333 #1596

BENCH MARK REALTY CORPORATION

Bench Mark Realty Corp.

7218 King George Hwy. Surrey, B.C. V3W 5A5



ਹਰਦੀਪ ਸਿੰਘ ਭੰਗਵ

ਪੰਨਾ 11 ਦੀ ਬਾਕੀ

ਕਰਨ ਦੀ ਸਿਫਾਰਸ਼ ਕੀਤੀ ਹੈ । ਸ਼ਰਲੀਕਾਰ ਨੇ ਤੁਰਤ ਬਰਾਇਨ ਮਲਰੂਨੀ, ਮੁਖ ਮੰਤਰੀ ਨੂੰ ਫੂਨ ਕਰਕੇ ਕਿਹਾ ਕਿ ਜੇ ਇਸ ਸਰਕਾਰ ਨੇ ਅਨਅਪਲਾਈ ਬੰਦ ਕਰਨ ਦੀ ਜ਼ਰੂਰਤ ਕੀਤੀ ਤਾਂ ਕਾਮਿਆਂ ਦਾ ਏਡਾ ਵੱਡਾ ਮੁਜ਼ਾਹਰਾ ਹੋਵੇਗਾ ਜਿਹੜਾ ਉਸਨੇ ਆਪਣੀ ਜ਼ਿੰਦਗੀ ਵਿਚ ਨਾ ਦੇਖਿਆ ਹੋਵੇ । ਉਨ੍ਹਾਂ ਕਿਹਾ ਕਿ ਅਮੀਰ ਆਪਦੀਆਂ ਜੇਬਾਂ 'ਚੋਂ ਮੁਆਵਜ਼ਾ ਦੇਣ ।

ਫਾਰਮਵਰਕਰਾਂ ਨੂੰ ਲੋਕਾਂ ਵਿਚ ਤੇ ਯੂਨੀਅਨ ਵਿਚ ਤਾਕਤ ਵਧਾਉਣੀ ਪਵੇਗੀ । ਜੇ ਤੁਆਡੇ ਪਾਸ ਤਕੜੀ ਯੂਨੀਅਨ ਨਹੀਂ ਤਾਂ ਤੁਸੀਂ ਮਾਲਕਾਂ ਦੇ ਵਿਰੁਧ ਜਦੋ ਜਹਿਦ ਕਰਨ ਵਿਚ ਸਫਲ ਨਹੀਂ ਹੋ ਸਕੋਗੇ । ਔਰਤਾਂ ਤੇ ਮਰਦਾਂ ਨੂੰ ਇਕੋ ਜਿਹਾ ਕੰਮ ਕਰਨ ਵਿਚ ਬਰਾਬਰ ਦੀ ਤਨਖਾਹ ਨਹੀਂ ਮਿਲਦੀ। ਜਿਥੇ ਯੂਨੀਅਨਾਂ ਨਹੀਂ ਬਣੀਆਂ ਹੋਈਆਂ ਓਥੇ ਔਰਤਾਂ ਨਾਲ ਜ਼ਿਆਦਾ ਛੇੜਾ ਛਾੜੀ ਹੁੰਦੀ ਹੈ ਤੇ ਜਿਨਸੀ ਹਿਰਾਸਤ ਉਂਦੀ ਹੈ । ਜੋ ਮਰਦ ਮਾਲਕ, ਆਪਦੀ ਪੁਜ਼ੀਸ਼ਨ ਦਾ ਫਾਇਦਾ ਉਠਾਉਂਦੇ ਹਨ ਤੇ ਔਰਤਾਂ ਨੂੰ ਲਿੰਗ ਵਾਸ਼ਨਾ ਦਾ ਸ਼ਿਕਾਰ ਬਣਾਉਂਦੇ ਹਨ ਉਹ ਮੁਆਫ ਨਹੀਂ ਕੀਤੇ ਜਾ ਸਕਦੇ । ਜੇ ਫਾਰਮਵਰਕਰ ਔਰਤਾਂ ਨਾਲ ਖੇਤਾਂ ਵਿਚ ਧਕਾ ਹੋਵੇ ਤਾਂ ਸ਼ਰਲੀਕਾਰ ਨੇ ਕਿਹਾ ਕਿ ਉਹ ਜਾਤੀ ਤੌਰ ਤੇ ਦਖਲ ਅੰਦਾਜ਼ੀ ਕਰੇਗੀ । ਉਨ੍ਹਾਂ ਕਿਹਾ ਕਿ ਜੋ ਅੱਜ ਸਾਰੇ ਮਰਦ ਇਸ ਮੀਟਿੰਗ ਵਿਚ ਬੈਠੇ ਹਨ, ਮੈਨੂੰ ਯਕੀਨ ਹੈ ਕਿ ਜੇ ਉਨ੍ਹਾਂ ਦੀ ਭੈਣ, ਮਾਤਾ, ਪੁਤਰੀ ਜਾਂ ਘਰ ਵਾਲੀ ਨੂੰ ਕੋਈ ਮਾਲਕ ਕੰਮ ਦਿਤੇ ਦਾ ਫਾਇਦਾ ਲਿੰਗ ਵਾਸ਼ਨਾ ਦਾ ਸ਼ਿਕਾਰ ਬਣਾਂ ਕੇ ਉਠਾਉਣਾ ਚਾਹਵੇ ਤਾਂ ਕੋਈ ਭੀ ਬਰਦਾਸ਼ਤ ਨਹੀਂ ਕਰੇਗਾ । ਉਨ੍ਹਾਂ ਕਿਹਾ ਕਿ ਮੈਂ ਫਾਰਮਵਰਕਰ ਭੈਣਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਕਾਂਗਰਸ ਇਨ੍ਹਾਂ ਜਬਰਦਸਤੀਆਂ ਦੇ ਵਿਰੁਧ ਤੁਹਾਡੀ ਕਮਿਊਨਿਟੀ ਵਿਚ ਆ ਕੇ ਮਦਦ ਕਰੇਗੀ । ਔਰਤਾਂ ਦੀ ਅਤੇ ਸਾਰੇ ਮਜ਼ਦੂਰਾਂ ਦੀ ਮਦਦ ਲਈ ਤੇ ਇਹ ਪਹਿਚਾਣ ਕਰਾਉਣ ਲਈ ਕਿ ਬੱਚੇ ਸਾਡੇ ਸਾਰਿਆਂ ਦੇ ਸਾਂਝੇ ਹਨ, ਸਾਡੀ ਹਰ ਯੂਨੀਅਨ ਵਿਚ ਬੱਚਿਆਂ ਦੀ ਹਿਫਾਜ਼ਤ ਲਈ ਵਿਸ਼ੇਸ਼ ਪ੍ਰਬੰਧ ਹੁੰਦਾ ਹੈ । ਔਰਤਾਂ ਅੱਜ ਸਿਆਸਤ ਵਿਚ ਤੇ ਯੂਨੀਅਨਾਂ ਵਿਚ ਅਗੇ ਵੱਧ ਰਹੀਆਂ ਹਨ । ਤੁਹਾਨੂੰ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡੀ ਜਦੋ ਜਹਿਦ ਵੱਡੇ ਮਾਲਕਾਂ ਅਤੇ ਅਮੀਰਾਂ ਨਾਲ ਹੈ ।

ਸ਼ਰਲੀਕਾਰ ਨੇ ਕਿਹਾ ਕਿ ਫਾਰਮਵਰਕਰ ਸਾਡਾ ਇਕ ਅੰਗ ਹਨ । ਇਨ੍ਹਾਂ ਦੀ ਬੱਚਤ ਤੇ ਘਟੀਆ ਹਿਫਾਜ਼ਤ ਦੇ ਢੰਗ, ਬੰਨ੍ਹੀ ਹੋਈ ਘੱਟ ਤਨਖਾਹ ਤੋਂ ਭੀ ਥੋੜ੍ਹੀ ਤਨਖਾਹ ਗੈਰ ਕਾਨੂੰਨੀ ਹੀ ਨਹੀਂ ਪਰ ਇਕ ਗੁਨਾਹ ਹੈ । ਸੀ. ਐਲ. ਸੀ. ਹਮੇਸ਼ਾ ਮਨੁੱਖੀ ਹੱਕਾਂ ਲਈ ਜੂਝੇਗੀ ਤੇ ਇਹ ਵਿਤਕਰਾ ਬੰਦ ਕਰਨ ਲਈ ਜਦੋ ਜਹਿਦ ਕਰੇਗੀ । ਕਈ ਕੈਨੇਡੀਅਨ ਲੋਕ ਇਸ ਗੱਲ ਦਾ ਯਕੀਨ ਨਹੀਂ ਕਰਦੇ ਕਿ ਇਸ ਧਰਤੀ ਤੇ ਫਾਰਮਵਰਕਰਾਂ ਦੀ ਏਨੀ ਮੰਦੀ ਹਾਲਤ ਹੈ ? ਇਕ ਪਾਸੇ ਮਾਲਕ ਕਰੋੜਾਂ ਡਾਲਰ ਕਮਾਉਂਦੇ ਹਨ ਤੇ ਦੂਸਰੇ ਪਾਸੇ ਇਹ ਸਰਕਾਰ ਗਰੀਬ ਮਜ਼ਦੂਰਾਂ ਦੀ ਅਨਅਪਲਾਈ ਬੰਦ ਕਰਕੇ ਗਲ ਘੁਟਣਾ ਚਾਹੁੰਦੀ ਹੈ । ਜਿਹੜੀਆਂ ਜ਼ਹਿਰੀਲੀਆਂ ਦਵਾਈਆਂ ਫਾਰਮ ਵਰਕਰਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ ਉਹ ਇਹ ਸਰਕਾਰ ਬੰਦ ਨਹੀਂ ਕਰ ਰਹੀ । ਜੇ ਇਹੀ ਦਵਾਈਆਂ ਵਿਕਟੋਰੀਆ ਪਾਰਲੀਮੈਂਟ ਦੇ ਫੁੱਲਾਂ ਅਤੇ ਦਰਖਤਾਂ ਤੇ ਛਿੜਕੀਆਂ ਜਾਣ ਤਾਂ ਤੁਸੀਂ ਵੇਖੋਗੇ ਕਿ ਇਹ ਸਰਕਾਰ ਕਿਸ ਤਰ੍ਹਾਂ ਟਪੇਗੀ ਸ਼ਰਲੀਕਾਰ ਨੇ ਉਨ੍ਹਾਂ ਅਫਵਾਹਾਂ ਨੂੰ ਭੀ ਰੱਦ ਕੀਤਾ ਜਿਸ ਵਿਚ ਇਹ ਗੱਲ ਉਡਾਈ ਗਈ ਸੀ ਕਿ ਸੀ. ਐਲ. ਸੀ. ਫਾਰਮ ਵਰਕਰਾਂ ਦੀ ਮੱਦਦ ਬੰਦ ਕਰੇਗੀ । ਉਨ੍ਹਾਂ ਕਿਹਾ ਕਿ ਜਿੰਨਾ ਚਿਰ ਮੈਂ ਫਾਰਮਵਰਕਰਾਂ ਦੀ ਪ੍ਰਧਾਨ ਹਾਂ ਓਨਾ ਚਿਰ ਇਹ ਮੱਦਦ ਜਾਰੀ ਰਹੇਗੀ । ਜੇ ਫਾਰਮਵਰਕਰਾਂ ਨੂੰ ਕੋਈ ਮਾਲਕ ਤੰਗ ਕਰੇ ਤਾਂ ਅਸੀਂ ਖੇਤਾਂ ਵਿਚ ਭੀ ਪਹੁੰਚਾਂਗੇ ।

ਸਰਵਣ ਬੋਲ ਨੇ ਕਈ ਉਘੇ ਵਿਅਕਤੀਆਂ ਤੇ ਨਵੇਂ ਚੁਣੇ ਐਮ. ਐਲ. ਏ. ਦੀ ਜਾਣ ਪਛਾਣ ਕਰਾਈ । ਜੋਏ ਲੈਂਗਨ ਨੇ ਫਾਰਮ ਵਰਕਰਾਂ ਦੀ ਐਗਜ਼ੈਕਟਿਵ, ਬੱਚਿਆਂ ਦੀ ਦੇਖ ਭਾਲ ਕਰਨ ਵਾਲਿਆਂ, ਸਕਿਊਰਿਟੀ ਵਿਚ ਕੰਮ ਕਰਨ ਵਾਲੇ ਗਭਰੂਆਂ ਤੇ ਉਨ੍ਹਾਂ ਭੈਣਾਂ ਤੇ ਭਰਾਵਾਂ ਦੀ ਜਿਨ੍ਹਾਂ ਕਿਚਨ ਵਿਚ ਸਬਜ਼ੀ ਭਾਜੀ ਬਨਾਉਣ ਦੀ ਤੇ ਭਾਂਡੇ ਸਾਫ ਕਰਨ ਦੀ ਸੇਵਾ ਕੀਤੀ । ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ । ਮਿਸਟਰ ਅਤੇ ਮਿਸਜ਼ ਮਥਾਰੂ ਦਾ ਖੜਾ ਕਰਕੇ ਖਾਸ ਤੌਰ ਤੇ ਮਾਨ ਕੀਤਾ ਕਿਉਂਕਿ ਉਨ੍ਹਾਂ ਛੇ ਸੌ ਬੰਦਿਆਂ ਦੀ ਰੋਟੀ ਪਕਾਉਣ ਦੀ ਸੇਵਾ ਮੁਫਤ ਕੀਤੀ । ਖੁਰਾਕ ਦਾ ਸਾਰਾ ਖਰਚਾ ਜੋ ਚਾਰ ਸੌ ਡਾਲਰ ਹੋਇਆ ਉਹ ਪਰਮਜੀਤ ਬੋਪਾਰਾਏ, ਪਰਾਈਮ ਬਿਲਡਿੰਗ ਮੇਨਟੇਨਇਸ, ਨੇ ਦਾਨ ਕਰ ਦਿੱਤਾ । ਇਸ ਮੀਟਿੰਗ ਵਿਚ ਰਿਚਮੰਡ ਕਲਚਰਲ ਐਸੋ: ਨੇ ਭੰਗੜਾ ਪਾ ਕੇ ਤੇ ਸਮਾਨਤਾ ਜਥੇਬੰਦੀ ਦੀਆਂ ਬੱਚੀਆਂ ਨੇ ਗਿੱਧਾ ਪਾ ਕੇ ਦਰਸ਼ਕਾਂ ਨੂੰ ਨਿਹਾਲ ਕੀਤਾ । ਇਸ ਮਨੋਰੰਜਨ ਨੂੰ ਵੇਖਕੇ ਲੋਕ ਬੜੇ ਖੁਸ਼ ਸਨ । ਸਾਡੀ ਹਿੰਦੋਸਤਾਨੀ ਖੁਰਾਕ ਗੋਰੇ ਦੋਸਤਾਂ ਨੂੰ ਬਹੁਤ ਪਸੰਦ ਆਈ । ਦਸ ਵਜੇ ਰੰਗਾ ਰੰਗ ਦੇ ਬਾਜਿਆਂ ਨਾਲ ਡਾਂਸ ਦਾ ਪਰੋਗਰਾਮ ਸ਼ੁਰੂ ਹੋਇਆ । ਬਹੁਤ ਹੀ ਲੋਕ ਪਿਆਰ ਤੇ ਚਾਅ ਨਾਲ ਨੱਚ ਰਹੇ ਸਨ ।

ਮੱਖਣ ਟੁੱਟ
ਐਗਜ਼ੈਕਟਿਵ ਮੈਂਬਰ ਕੈਨੇਡੀਅਨ ਫਾਰਮਵਰਕਰਜ਼ ਯੂਨੀਅਨ



ਰਿਚਮੰਡ ਪੰਜਾਬੀ ਕਲਚਰਲ ਐਸੋ: ਦੀ ਭੰਗੜਾ ਦੀ ਟੀਮ

# ਚੱਲ ਚੱਲੀਏ ਕੈਨੇਡਾ ਨੂੰ

ਸਰਕਾਰੀ ਸੂਤਰਾਂ ਅਨੁਸਾਰ ਜੂਨ ਤੋਂ ਲੈ ਕੇ ਹੁਣ ਤੱਕ 1557 ਤੁਰਕੀ ਵਿਅਕਤੀ ਮਾਂਟਰੀਅਲ ਦੀ ਏਅਰਪੋਰਟ 'ਤੇ ਪਹੁੰਚ ਚੁਕੇ ਹਨ । ਇਹਨਾਂ ਵਿਅਕਤੀਆਂ ਨੂੰ ਕੈਨੇਡਾ ਭੇਜਣ ਵਿਚ ਤੁਰਕੀ ਦੇ ਟਰੈਵਲ ਏਜੰਟਾਂ ਦਾ ਹੱਥ ਹੈ ।

ਉਹ ਲੋਕਾਂ ਤੋਂ 100 ਡਾਲਰ ਦੇ ਬਰਾਬਰ ਦੀ ਰਕਮ ਲੈ ਕੇ ਸਬਜ ਬਾਗ ਦਿਖਾਉਂਦੇ ਹਨ ਕਿ ਕੈਨੇਡਾ ਤੁਹਾਨੂੰ ਉਡੀਕ ਰਿਹਾ ਹੈ । ਉਨ੍ਹਾਂ ਨੂੰ ਕਿਹਾ ਜਾਂਦਾ ਹੈ ਕਿ ਕੈਨੇਡਾ ਨੇ ਆਪਣੀ ਇਮੀਗਰੇਸ਼ਨ ਨੀਤੀਆਂ ਵਿਚ ਸੋਧ ਕੀਤੀ ਹੈ ਅਤੇ ਨਵੇਂ ਨਾਗਰਿਕਾਂ ਨੂੰ ਵਸਾਉਣ ਦੀ ਸੋਚ ਰਿਹਾ ਹੈ । ਏਜੰਟ ਕਹਿੰਦੇ ਹਨ ਕਿ ਤੁਰਕੀ ਦੇ ਕਾਮਿਆਂ ਦੀ ਕੈਨੇਡਾ ਨੂੰ ਭਾਲ ਹੈ ।

ਇਮੀਗਰੇਸ਼ਨ ਮਹਿਕਮੇ ਦੇ ਰੀਫੀਊਜੀ ਟਾਸਕ ਫੋਰਸ ਨਾਲ ਸਬੰਧਤ ਸਪੈਸ਼ਲਿਸਟ ਰਿਚਰਡ ਸੈਂਟ ਲਿਊਸ ਅਨੁਸਾਰ 721 ਤੁਰਕੀ ਮੰਗਲਵਾਰ ਨੂੰ ਇਥੇ ਪਹੁੰਚੇ ਹਨ । ਲਿਊਸ ਦਾ ਕਹਿਣਾ ਹੈ ਕਿ ਇਨ੍ਹਾਂ ਵਿਅਕਤੀਆਂ ਨੇ ਦੱਸਿਆ ਹੈ ਕਿ ਏਜੰਟਾਂ ਨੇ ਸਾਨੂੰ ਕਿਹਾ ਸੀ ਕਿ ਉਹ ਬੱਸ ਕੈਨੇਡਾ ਪਹੁੰਚ ਜਾਣ ਤੋਂ ਇਕ ਦਿਨ ਬਾਅਦ ਪੱਕੇ ਹੋ ਜਾਣਗੇ ।

ਬਦੇਸ਼ ਵਿਭਾਗ ਦੇ ਇਕ ਬੁਲਾਰੇ ਅਨੁਸਾਰ ਤੁਰਕੀ ਤੋਂ ਆਏ ਇਹ ਲੋਕ ਗਰੀਬ ਕਿਸਾਨ ਅਤੇ ਮਜ਼ਦੂਰ ਹਨ । ਇਨ੍ਹਾਂ ਨੇ ਕਨੇਡਾ ਪਹੁੰਚਣ ਲਈ ਟਿਕਟਾ ਲੈਣ ਲਈ ਆਪਣੀਆਂ ਜ਼ਮੀਨਾਂ ਵੇਚ ਦਿੱਤੀਆਂ ।

ਬੁਲਾਰੇ ਅਨੁਸਾਰ ਜੇ ਇਹ ਸਿੱਧ ਹੋ ਗਿਆ ਕਿ ਇਹ ਲੋਕ ਝੂਠ ਬੋਲ ਰਹੇ ਹਨ ਤਾਂ ਇਨ੍ਹਾਂ ਨੂੰ ਵਾਪਸ ਭੇਜ ਦਿਤਾ ਜਾਵੇਗਾ ।

# ਖੇਤ ਮਜ਼ਦੂਰਾਂ ਲਈ ਅੰਗਰੇਜ਼ੀ ਦੀਆਂ ਕਲਾਸਾਂ

**ਰਜਿਸਟਰੇਸ਼ਨ ਦੀ ਆਖਰੀ ਤਾਰੀਖ ਦਸੰਬਰ 15, 1986 ਤੱਕ ਹੈ । ਇਹ ਕਲਾਸਾਂ ਜਨਵਰੀ 1987 ਤੋਂ ਲੈ ਕੇ ਅਪ੍ਰੈਲ '87 ਤੱਕ ਹੋਣਗੀਆਂ ।**

ਇਹ ਕਲਾਸਾਂ ਸਾਰੇ ਖੇਤ ਮਜ਼ਦੂਰਾਂ ਲਈ ਹਨ । ਇਹਨਾ ਕਲਾਸਾਂ ਦੌਰਾਨ ਵਲੰਟੀਅਰ ਟੀਚਰ ਹਫਤੇ ਵਿਚ ਦੋ ਵਾਰੀ ਤੁਹਾਡੇ ਘਰ ਆ ਕੇ ਅੰਗਰੇਜ਼ੀ ਪੜ੍ਹਾਇਆ ਕਰਨਗੇ ।

**ਇਹਨਾਂ ਕਲਾਸਾਂ ਦੀ ਕੋਈ ਫੀਸ ਨਹੀਂ ਹੈ**

ਸਿੱਖਣ ਦੇ ਚਾਹਵਾਨ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਦਫਤਰ ਫੋਨ ਕਰੋ :—

430-6055

ਯੂਨੀਅਨ ਦੇ ਦਫਤਰ ਦਾ ਪਤਾ :—

# 1 — 4725 ਕਿੰਗਜ਼ਵੇ, ਬਰਨਬੀ, ਬੀ. ਸੀ. V5H 2C3

# ਉਨ੍ਹਾਂ ਲਈ ਮਾਂ ਬੋਝ ਗਈ

ਬੀਜਿੰਗ — ਇਕ ਬਜ਼ੁਰਗ ਚੀਨੀ ਔਰਤ ਨੂੰ ਜ਼ਹਿਰ ਖਾਣੀ ਪਈ ਕਿਉਂਕਿ ਉਸ ਦੇ ਪੁੱਤਰ ਉਸ ਨੂੰ ਪਰਿਵਾਰ ਉਤੇ "ਵਾਧੂ ਬੋਝ" ਸਮਝਣ ਲਗ ਪਏ ਸਨ । ਦਿਲਚਸਪ ਗੱਲ ਇਹ ਹੈ ਕਿ ਉਸ ਨੇ ਅਜੇ ਪ੍ਰਾਣ ਤਿਆਗੇ ਵੀ ਨਹੀਂ ਸਨ ਕਿ ਪੁੱਤਰ ਉਸ ਨੂੰ ਹਸਪਤਾਲ ਦੇ ਮੁਰਦਾਘਰ ਵਿਚ ਲੈ ਗਏ ਤੇ ਡਾਕਟਰਾਂ ਉਤੇ ਜ਼ੋਰ ਪਾਇਆ ਕਿ ਉਸ ਦੀ ਮੌਤ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ । ਪਤਾ ਲੱਗਾ ਹੈ ਕਿ 75 ਸਾਲਾ ਔਰਤ ਨੇ ਖੁਦਕਸ਼ੀ ਕਰਨ ਲਈ ਕੋਈ ਕੀਟਨਾਸ਼ਕ ਦਵਾਈ ਪੀਤੀ । ਮੁਰਦਾਘਰ ਦੇ ਮੁਲਾਜ਼ਮਾਂ ਨੇ ਵੇਖਿਆ ਕਿ ਬੁੱਢੀ ਦੇ ਬੁੱਲ੍ਹ ਹਿਲਦੇ ਸਨ ਤੇ ਉਹ ਕਰਾਹ ਰਹੀ ਸੀ । ਉਨ੍ਹਾਂ ਨੇ ਉਸਦੇ ਪੁਤਰਾਂ ਨੂੰ ਕਿਹਾ ਕਿ ਆਪਣੀ ਮਾਂ ਨੂੰ ਹਸਪਤਾਲ ਲੈ ਜਾਣ ਜਿਥੇ ਉਹ ਦੋ ਦਿਨਾਂ ਬਾਅਦ ਦਮ ਤੋੜ ਗਈ । ਇਹ ਪਤਾ ਨਹੀਂ ਲੱਗਾ ਕਿ ਕੀ ਪੁਤਰਾਂ ਉਤੇ ਮੁਕੱਦਮਾ ਚਲਾਇਆ ਜਾਵੇਗਾ ?

BODY SHOP
CERTIFIED
ਕੁਆਲਿਟੀ ਦੀ ਵਧੀਆ ਚੋਣ ਲਈ ਹੋਰ ਕਿਤੇ ਜਾਣ ਤੋਂ ਪਹਿਲਾਂ ਸਾਡੇ ਕੋਲ ਆਓ
A-Class Auto Body & Paint Ltd.
11969 - 93A Ave. DELTA, B.C. V4C 3P2
Make your car look new
- ICBC claims handled promptly
- Professional Body Work & Quality paint
- Uni-Body repairs & frame work
- Free courtesy cars
- Free estimates

SPECIAL:
Paint JOB from $189.00 And Up
20% Off On Body Work
Big Discounts
On Deductable or Any Work
(Limited Time Only) (Cars Outside Only)
Call: Amarjit (Sam) Samra
Off. 589-2203 Res. 594-0599

BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

# ਰੇਗਨ ਦੀ ਭਰਿਸ਼ਟਤ ਰਾਜਨੀਤੀ



'ਸੂਫ਼ੀ' ਅਮਰਜੀਤ

ਅਮਰੀਕੀ ਸਾਮਰਾਜ ਦਾ ਪ੍ਰਧਾਨ ਰੇਗਨ, 1980 ਤੋਂ ਜਦੋਂ ਦਾ ਪ੍ਰਧਾਨ ਬਣਿਆ ਹੈ ਨੇ ਸਰਮਾਏਦਾਰ ਪ੍ਰਬੰਧ ਦੇ ਗੈਰਜਮਹੂਰੀ ਧੱਕੇ ਸ਼ਾਹੀ ਵਾਲੇ ਜੰਗੀ ਫਤੂਰ ਨਾਲ ਐਟਮੀ ਸ਼ਕਤੀ ਦੀ ਹੈਂਕੜ ਅਤੇ ਬੇਇਨਸਾਫੀ - ਨਾਬਰਾਬਰਤਾ ਤੇ ਆਧਾਰਤ ਪ੍ਰਬੰਧ ਦੀ ਉਚਿਤਾ, ਸੋਵੀਅਤ ਯੂਨੀਅਨ ਦੇ ਸਮਾਜਵਾਦੀ ਪ੍ਰਬੰਧ ਨੂੰ ਘਟੀਆ ਤੇ ਅਪੂਰਨ ਦਰਸਾਉਣ ਲਈ ਜੋ ਝੂਠ ਤੇ ਆਧਾਰਤ ਮੁਹਿਮ ਛੇ ਸਾਲਾਂ ਤੋਂ ਲਗਾਤਾਰ ਚਲਾਈ ਸੀ ਉਹ ਭਾਵੇਂ ਸੰਸਾਰ ਭਰ ਦੀਆਂ ਅੱਖਾਂ ਸਾਹਮਣੇ ਆਈਸਲੈਂਡ ਵਿਚ, ਸੋਵੀਅਤ ਦੇ ਸੰਸਾਰ ਅਮਨ ਨੂੰ ਪੱਕਾ ਕਰਨ ਲਈ ਐਟਮੀ ਹਥਿਆਰ ਨੂੰ ਇਸ ਸਦੀ ਦੇ ਅੰਤ ਤੱਕ ਖਤਮ ਕਰਾ ਦੇਣ ਦੇ ਸੁਝਾਵਾਂ ਦੇ ਅਗੇ, ਅਮਰੀਕੀ ਪ੍ਰਧਾਨ ਦੇ ਬੇਭਰੋਸਗੀ ਵਾਲੇ ਸਟੈਂਡ ਨੇ ਚੁੱਪਟ ਕਰ ਦਿੱਤੀ ਸੀ, ਪ੍ਰੰਤੂ ਅਮਰੀਕੀ ਸਾਮਰਾਜ ਦੇ ਵਲੋਂ, ਤੀਜੇ ਸੰਸਾਰ ਦੇ ਦੇਸ਼ਾਂ ਨੂੰ ਆਪਸ ਵਿਚ ਲੜਾ ਕੇ ਤਬਾਹ ਕਰਨ ਅਤੇ ਸਮਾਜਵਾਦ ਦੇ ਰਾਹ ਤੁਰਨ ਵਾਲੇ ਦੇਸ਼ਾਂ ਵਿਚ ਮੁੜ ਤੋਂ ਲੋਕ ਵਿਰੋਧੀ ਸ਼ਕਤੀਆਂ ਦੀ ਖੁਲ੍ਹੇ ਆਮ ਸਹਾਇਤਾ ਹੀ ਨਹੀਂ ਕੀਤੀ, ਸਗੋਂ ਗਰਨੇਡਾ ਦੀ ਲੋਕ ਸਰਕਾਰ ਨੂੰ ਅਮਰੀਕੀ ਫੌਜੀ ਹਮਲੇ ਦੁਆਰਾ ਖਤਮ ਕਰ ਦਿੱਤਾ ਗਿਆ ਅਤੇ ਨਿਕਾਰਗੋਆ ਦੀ ਲੋਕ ਜਮਹੂਰੀ ਸਰਕਾਰ ਨੂੰ ਵਿਦਰੋਹੀ-ਕੌਂਟਰਾਂ ਨੂੰ ਕਰੋੜਾਂ ਦੀ ਸਹਾਇਤਾ ਦੇ ਕੇ ਡੇਗਣ ਲਈ ਅੱਡੀ-ਚੋਟੀ ਤਕ ਜ਼ੋਰ ਲਾਇਆ ਜਾ ਰਿਹਾ ਹੈ।

ਸਾਨੂੰ ਪਤਾ ਹੈ ਕਿ ਈਰਾਨ ਦੇ ਲੋਕਾਂ ਨੇ ਅਮਰੀਕਾ ਦੇ ਪਿਠੂ ਸ਼ਾਹ ਨੂੰ ਮੂਧੇ ਮੂੰਹ ਪਟਕਾ ਮਾਰਿਆ ਸੀ, ਭਾਵੇਂ ਕਿ ਉਥੇ ਲੋਕ ਜਮਹੂਰੀ ਸ਼ਕਤੀਆਂ ਨੂੰ ਪਿਛੇ ਧੱਕ ਕੇ ਖੁਮੇਨੀ ਦੇ ਇਸਲਾਮੀ ਕੱਟੜਪੰਥੀਆਂ ਰਾਜ ਸੱਤਾ ਹਥਿਆ ਲਈ, ਪ੍ਰੰਤੂ ਉਨ੍ਹਾਂ ਦਾ ਮੁਖਧਾਰਾ ਅਮਰੀਕੀ ਸਾਮਰਾਜ ਵਿਰੋਧੀ ਹੀ ਰਿਹਾ ਅਤੇ ਈਰਾਨ ਦੀ ਇਰਾਕ ਨਾਲ ਲਗਾਤਾਰ ਸੱਤ ਸਾਲਾਂ ਤੋਂ ਚੱਲੀ ਆ ਰਹੀ ਤਬਾਹ ਕਰੂ ਲੜਾਈ ਦੇ ਕਾਰਨ ਈਰਾਨ ਅਤੇ ਇਰਾਕ ਦਾ ਜਾਨੀ-ਮਾਲੀ ਨੁਕਸਾਨ ਤਾਂ ਹੋ ਹੀ ਰਿਹਾ ਹੈ ਨਾਲ ਹੀ ਲੋਕਾਂ ਦੀ ਉਨਤੀ ਲਈ ਸਭ ਪ੍ਰੋਗਰਾਮ ਠੱਪ ਪਏ ਹਨ।

ਦੂਜੇ ਪਾਸੇ ਅਮਰੀਕਾ ਨੇ ਈਰਾਨ ਨੂੰ 'ਸੰਸਾਰ ਦਾ ਵੱਡਾ' ਦਹਿਸ਼ਤ ਗਰਦ ਗਰਦਾਨ ਕੇ 1980 ਤੋਂ ਉਸ ਵਿਰੁਧ ਹਰ ਤਰ੍ਹਾਂ ਦੀਆਂ ਵਪਾਰਕ ਪਾਬੰਦੀਆਂ ਲਾਈਆਂ ਹੋਈਆਂ ਹਨ। ਜਿਨ੍ਹਾਂ ਨੂੰ ਕਾਨੂੰਨੀ ਰੂਪ ਵੀ ਦਿਤਾ ਹੋਇਆ ਹੈ। ਪ੍ਰੰਤੂ ਲਿਬਨਾਨ ਵਿਚ ਕੁਝ ਈਰਾਨ ਦੇ ਪ੍ਰਭਾਵ ਹੇਠਲੇ ਕੱਟੜਪੰਥੀ ਮੁਸਲਮ ਗਰੁਪਾਂ ਨੇ ਕੁਝ ਅਮਰੀਕਨ ਵਿਅਕਤੀਆਂ ਨੂੰ ਅਗਵਾ ਕਰ ਲਿਆ ਸੀ, ਜਿਨ੍ਹਾਂ ਨੂੰ ਛੁੜਾਉਣ ਲਈ ਅਮਰੀਕਾ ਦੇ ਜਦੋਂ ਸਾਰੇ ਸਾਧਨ ਨਿਸਫਲ ਗਏ ਤਾਂ ਉਨ੍ਹਾਂ ਈਰਾਨ ਨੂੰ ਇਰਾਕ ਵਿਰੁਧ ਲੜਾਈ ਵਿਚ ਨਕਾਰਾ ਹੋਏ ਫੌਜੀ ਟੈਂਕਾਂ — ਹਵਾਈ ਜਹਾਜ਼ਾਂ ਆਦਿ ਦੀ ਮੁਰੰਮਤ ਲਈ, ਇਸਰਾਈਲ ਦੁਆਰਾ ਹਿੱਸੇ ਪੁਰਜ਼ੇ ਅਤੇ ਕੁਝ ਹਥਿਆਰ ਸਪਲਾਈ ਕਰਕੇ ਬਦਲ ਵਿਚ ਤਿੰਨ ਅਮਰੀਕਨ ਅਗਵਾ ਹੋਏ ਵਿਅਕਤੀਆਂ ਨੂੰ ਮੁਕਤ ਕਰਵਾਇਆ।

ਹਥਿਆਰਾਂ ਦੀ ਬਦਲ ਵਿਚ ਬੰਦੀ ਅਮਰੀਕਾਂ ਦੀ ਰਿਹਾਈ, ਇਕ ਪਾਸੇ ਤਾਂ ਅਮਰੀਕੀ ਕਾਂਗਰਸ ਵਲੋਂ ਈਰਾਨ ਉਪਰ ਲਾਈਆਂ ਵਪਾਰਕ ਪਾਬੰਦੀਆਂ ਦੀ ਕਾਨੂੰਨੀ ਉਲੰਘਣਾ ਹੈ ਦੂਜੇ ਪਾਸੇ ਅਮਰੀਕੀ ਬਦੇਸ਼ ਨੀਤੀ ਦੀ ਸੰਘ ਪਾੜਵੀਂ ਰਟ ਕਿ 'ਦਹਿਸ਼ਤ ਗਰਦਾਂ ਨਾਲ ਕੋਈ ਗੱਲਬਾਤ ਨਹੀਂ' ਦੇ ਖੋਖਲੇਪਨ ਨੂੰ ਪ੍ਰਗਟ ਕਰਦੀ ਹੈ।

ਹੋਰਨਾਂ ਅਮਰੀਕਨ ਵਿਰੋਧੀ ਦੇਸ਼ਾਂ ਤੋਂ ਬਿਨਾਂ ਲਿਬੀਆ ਉਪਰ 1986 ਦੇ ਸ਼ੁਰੂ ਵਿਚ ਝੂਠੇ ਦੋਸ਼ਾਂ ਦੇ ਪ੍ਰਚਾਰ ਹੇਠ ਕੀਤੇ ਹਵਾਈ ਹਮਲੇ ਦੀ ਰਾਜਕੀ-ਦਹਿਸ਼ਤ ਨਾਲ ਹੋਰਨਾਂ ਦੇਸ਼ਾਂ ਨੂੰ ਵੀ ਚੌਕੰਨਾ ਰਹਿਣ ਦੀ ਤਾੜਨਾ ਸੀ, ਕਿ ਉਹ ਅਮਰੀਕੀ ਸਾਮਰਾਜ ਦਾ ਵਿਰੋਧ ਤਿਆਗ ਕੇ ਉਸ ਦੇ ਹੇਠ ਲੱਗ ਕੇ ਚੱਲਣ।

ਜਿਵੇਂ ਮਹਾਨ ਲੈਨਿਨ ਨੇ ਕਿਹਾ ਹੈ ਕਿ 'ਸਮਾਂ ਸਭ ਤੋਂ ਵੱਡਾ ਹਕੀਮ ਹੈ' ਅਤੇ ਗੁਰੂ ਨਾਨਕ ਨੇ ਕਿਹਾ ਹੈ ਕਿ 'ਕੂੜ ਨਿਖੁਟੇ ਨਾਨਕਾ ਓੜਕ ਸੱਚ ਰਹੀ' ਆਦਿ ਜੀਵਨ ਦੇ ਸਮਾਜੀ ਸੱਚ ਨੂੰ ਬਿਆਨਦੇ ਹਨ। ਇਨ੍ਹਾਂ ਸੱਚਾਂ ਨੂੰ ਹਰ ਜੰਗਬਾਜ਼ ਲਾਪ੍ਰਵਾਹ ਹੋ ਕੇ ਠੁਕਰਾਉਂਦਾ ਹੈ। ਪ੍ਰੰਤੂ ਜਦੋਂ ਝੂਠ ਹੀ ਝੂਠ ਹੋਵੇ ਉਸ ਵਿਚ ਸੱਚ ਦਾ ਅੰਸ਼ ਵੀ ਨਾ ਰਹੇ ਤਾਂ ਫਿਰ ਉਸ ਉਤੋਂ ਸਾਰੇ ਪੜਦੇ ਛਣ ਕੇ ਡਿੱਗ ਪੈਂਦੇ ਹਨ। ਇਹੋ ਕੁਝ ਜੰਗਬਾਜ਼ ਪ੍ਰਧਾਨ ਰੇਗਨ ਦੀ ਝੂਠ ਉਪਰ ਆਧਾਰਤ ਹੇਰਾ-ਫੇਰੀ ਵਾਲੀ ਧੋਖੇਬਾਜ਼ ਬਦੇਸ਼ ਨੀਤੀ ਦੇ ਸੰਬੰਧ ਵਿਚ ਹੋਇਆ ਹੈ।

ਜਿਥੇ ਪ੍ਰਧਾਨ ਰੇਗਨ ਦੀ ਸਰਕਾਰ ਨੇ ਈਰਾਨ ਸੰਬੰਧੀ ਅਮਰੀਕਨ ਕਾਂਗਰਸ ਦੀ ਉਲੰਘਣਾ ਕੀਤੀ ਉਥੇ ਈਰਾਨ ਨੂੰ ਇਸਰਾਈਲ ਰਾਹੀਂ ਵੇਚੇ ਹਥਿਆਰਾਂ ਚੋਂ ਪ੍ਰਾਪਤ ਕੀਤੇ ਮੁਨਾਫੇ ਨੂੰ, ਨਿਕਾਰਗੋਆ ਦੀ ਚੁਣੀ ਹੋਈ ਲੋਕ-ਜਮਹੂਰੀ ਸਰਕਾਰ ਨੂੰ ਉਲਟਾਉਣ ਲਈ, ਕੌਂਟਰਾਂ ਗੁੰਡਾ ਗਰੋਹਾਂ ਨੂੰ ਹਥਿਆਰਾਂ ਲਈ ਦਿਤਾ। ਇਹ ਵੀ ਅਮਰੀਕਨ ਕਾਂਗਰਸ ਵਲੋਂ ਪਾਸ ਕੀਤੇ ਕਾਨੂੰਨ ਦੀ ਉਲੰਘਣਾ ਹੈ ਕਿ ਅਮਰੀਕੀ ਸਰਕਾਰ ਸਿਧੇ ਤੌਰ ਉਪਰ ਨਿਕਾਰਗੋਆ ਦੀ ਚੁਣੀ ਹੋਈ ਸਰਕਾਰ ਵਿਰੁਧ ਕੁਝ ਨਹੀਂ ਕਰੇਗੀ। ਜਦੋਂ ਕਿ ਅਮਰੀਕਨ ਪ੍ਰਧਾਨ ਅਤੇ ਸੀ. ਆਈ. ਏ. ਦੇ ਮੁਖੀ ਕੇਸੀ ਇਸ ਸਾਰੀ ਕਤਲੋ-ਗਾਰਤ ਦੀ ਰਾਜਕੀ ਦਹਿਸ਼ਤਗਰਦੀ ਦੀ ਨੀਤੀ ਦੇ ਪਾੜੇ ਹਨ।

ਇਸ ਸਾਰੇ ਸਕੈਂਡਲ ਦਾ ਵਿਸਤਾਰ ਤਾਂ ਕਾਫ਼ੀ ਲੰਬਾ-ਚੌੜਾ ਹੈ ਜੋ ਕਿ ਆਏ ਦਿਨ ਨਵੇਂ ਤੋਂ ਨਵੇਂ ਪੱਖਾਂ ਨੂੰ ਅਤੇ ਪਹਿਲਾਂ ਬੋਲੇ ਝੂਠਾਂ ਨੂੰ ਉਘੇੜ ਰਿਹਾ ਹੈ। ਫਿਰ ਵੀ ਅਮਰੀਕਨ ਕਾਂਗਰਸ, ਪ੍ਰੈਸ ਅਤੇ ਲੋਕਾਂ ਅਗੇ ਦੋ ਸਵਾਲ ਹਨ : ਪਹਿਲਾ ਇਹ ਸਾਰਾ ਕੁਝ ਪ੍ਰਧਾਨ ਰੇਗਨ ਦੀ ਜਾਣਕਾਰੀ ਨਾਲ ਕਿਉਂ ਹੋਇਆ ਅਤੇ ਜੇ ਕਰ ਪ੍ਰਧਾਨ ਰੇਗਨ ਦੀ ਜਾਣਕਾਰੀ ਤੋਂ ਬਿਨਾਂ ਹੋਇਆ ਤਾਂ ਉਸ ਨੂੰ ਕਿਉਂ ਪਤਾ ਨਹੀਂ, ਜੋ ਕਿ ਉਸ ਦੀ ਗੈਰ ਜ਼ਿਮੇਵਾਰੀ ਅਤੇ ਨਾਅਹਿਲੀਅਤ ਦਾ ਸਬੂਤ ਹੈ। ਇਥੇ ਇਹ ਸਵਾਲ ਵੀ ਉਠਦਾ ਹੈ ਕਿ ਸਾਬਕਾ ਪ੍ਰਧਾਨ ਨਿਕਸਨ ਵਾਂਗੂੰ, ਪ੍ਰਧਾਨ ਰੇਗਨ ਵੀ ਜ਼ਲੀਲ ਹੋ ਕੇ ਪ੍ਰਧਾਨਗੀ ਤੋਂ ਲੱਥੇਗਾ ?

ਇਸ ਸਾਰੇ ਸਕੈਂਡਲ ਦਾ ਇਕ ਹੋਰ ਬੁਨਿਆਦੀ ਪੱਖ ਇਹ ਹੈ ਕਿ ਜਿਵੇਂ ਆਈਸਲੈਂਡ ਮੀਟਿੰਗ ਦੇ ਫੇਲ ਹੋਣ ਪਿਛੋਂ ਸੋਵੀਅਤ ਯੂਨੀਅਨ ਦੇ ਆਗੂ ਮਖਾਈਲ ਗੋਰਬਾਚੇਵ ਨੇ ਕਿਹਾ ਸੀ, "ਪ੍ਰਧਾਨ ਰੇਗਨ 'ਮਿਲਟਰੀ-ਇੰਡਸਟਰੀਅਲ ਕੰਪਲੈਕਸ' ਦਾ ਬੰਦੀ ਹੈ" ਇਸ ਕਥਨ ਦੇ ਅਨੁਸਾਰ ਸਮੁਚੇ ਈਰਾਨ ਸਕੈਂਡਲ ਵਿਚ ਹਥਿਆਰਾਂ ਦੀ ਇੰਡਸਟਰੀ ਨੇ ਹੀ ਮੁਨਾਫਾ ਕਮਾਇਆ ਹੈ। ਜੋ ਕਿ ਆਪਣੇ ਮੁਨਾਫਿਆਂ ਲਈ ਅਮਰੀਕਾ ਨੂੰ ਅਮਨ ਦੇ ਰਾਹ ਤੁਰਨ ਤੋਂ ਰੋਕ ਰਹੀ ਹੈ। ਇਹ ਕਹਿਣਾ ਉਚਿਤ ਹੀ ਹੈ ਕਿ ਅਮਰੀਕਾ ਦਾ ਸਾਮਰਾਜੀ ਪ੍ਰਬੰਧ ਪੂਰਾ ਭਰਿਸ਼ਟ ਪ੍ਰਬੰਧ ਹੈ : ਜੋ ਕਿ ਮਨੁੱਖਤਾ ਦਾ ਨੰਬਰ ਇਕ ਦੁਸ਼ਮਣ ਹੈ ਜੋ ਕਿ ਵੀਅਤਨਾਮ ਦੀ 30 ਸਾਲ ਲੰਬੀ ਲੜਾਈ ਵਿਚ ਬੇਸ਼ਰਮਗੀ ਵਾਲੀ ਹਾਰ ਖਾਣ ਦੇ ਬਾਵਜੂਦ ਵੀ ਕੋਈ ਸਬਕ ਸਿਖਣ ਲਈ ਤਿਆਰ ਨਹੀਂ ਹੈ।

# ਫੌਜੀ ਹਾਕਮਾਂ ਨੇ ਜੰਤਾ ਡਰਾਈ

ਇਸਲਾਮਾਬਾਦ — ਪਾਕਿਸਤਾਨ ਦੀ ਇਕ ਸੰਸਥਾ ਵਲੋਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ ਪਾਕਿਸਤਾਨ ਦੇ ਸ਼ਹਿਰਾਂ ਵਿਚ ਵਸਣ ਵਾਲੇ 37 ਪ੍ਰਤੀਸ਼ਤ ਲੋਕਾਂ ਦੀ ਰਾਏ ਹੈ ਕਿ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਛਿੜ ਪਏਗੀ ਜਦ ਕਿ 49 ਪ੍ਰਤੀਸ਼ਤ ਲੋਕ ਇਹ ਮਹਿਸੂਸ ਕਰਦੇ ਹਨ ਕਿ ਭਾਰਤ-ਪਾਕਿ ਲੜਾਈ ਦੀ ਸੰਭਾਵਨਾ ਹੋ ਸਕਦੀ ਹੈ। ਇਸੇ ਤਰ੍ਹਾਂ ਜਿਹੜੇ ਲੋਕਾਂ ਨਾਲ ਮੁਲਾਕਾਤ ਕੀਤੀ ਗਈ ਉਨ੍ਹਾਂ ਵਿਚੋਂ 12 ਪ੍ਰਤੀਸ਼ਤ ਸਮਝਦੇ ਸਨ ਪਾਕਿ ਅੰਦਰ ਚੋਣਾਂ ਹੋਈਆਂ ਤਾਂ ਟਕਰਾਓ ਪੈਦਾ ਹੋਣ ਦੇ ਬੜੇ ਘੱਟ ਮੌਕੇ ਹਨ। ਇਨ੍ਹਾਂ ਚੋਣਾਂ ਸਬੰਧੀ ਮਾਹਿਰ ਇਹ ਆਖਦੇ ਹਨ ਕਿ ਪਿਛਲੇ ਕਈ ਸਾਲਾਂ ਵਿਚ ਲੋਕਾਂ ਵਿਚ ਏਨੀ ਬੇਚੈਨੀ ਨਹੀਂ ਸੀ ਜਿੰਨੀ ਹੁਣ ਪੈਦਾ ਹੋਈ ਹੈ।

ਪਿਛਲੇ ਸਾਲ ਇਕ ਸਿਖਰ ਵਾਰਤਾ ਸਮੇਂ ਰਾਸ਼ਟਰਪਤੀ ਜ਼ਿਆ-ਉਲ-ਹੱਕ ਅਤੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਰਮਿਆਨ ਗੱਲਬਾਤ ਹੋਣ ਤੋਂ ਪਿਛੋਂ ਇਜ ਲਗਦਾ ਸੀ ਕਿ ਦੋਹਾਂ ਦੇਸ਼ਾਂ ਦੇ ਆਪਸੀ ਆਰਥਿਕ ਸਹਿਯੋਗ ਲਈ ਰਸਤਾ ਖੁਲ੍ਹ ਗਿਆ ਹੈ। ਪਰ ਉਦੋਂ ਤੋਂ ਹੀ ਕਸ਼ਮੀਰ ਦੇ ਮਾਮਲੇ 'ਤੇ ਦੋਹਾਂ ਧਿਰਾਂ ਵਿਚਕਾਰ ਸ਼ਬਦਾਂ ਦੀ ਜੰਗ ਸ਼ੁਰੂ ਹੋ ਗਈ ਹੈ। ਕਸ਼ਮੀਰ ਤੋਂ ਇਲਾਵਾ ਜਿਹੜੇ ਹੋਰ ਮਸਲਿਆਂ ਉਤੇ ਦੋਹਾਂ ਦੇਸ਼ਾਂ ਵਿਚਕਾਰ ਸ਼ਬਦਾਂ ਦੀ ਜੰਗ ਹੈ, ਉਨ੍ਹਾਂ ਵਿਚ ਇਕ ਤਾਂ ਪਾਕਿਸਤਾਨ ਦੀ ਐਟਮੀ ਸਮਰੱਥਾ ਹੈ ਤੇ ਦੂਜਾ ਇਹ ਹੈ ਕਿ ਭਾਰਤ ਇਹ ਦਾਅਵਾ ਕਰਦਾ ਹੈ ਕਿ ਪਾਕਿਸਤਾਨ ਨੇ ਅਫਗਾਨਸਤਾਨ ਨਾਲ ਸਰਹੱਦੀ ਸੰਕਟ ਦਾ ਲਾਭ ਲਿਆ ਹੈ ਤੇ ਉਧਰੋਂ ਆਧੁਨਿਕ ਹਥਿਆਰ ਮੰਗਵਾਏ ਜਾ ਰਹੇ ਹਨ ਜੋ ਭਾਰਤੀ ਪੰਜਾਬ ਨੂੰ ਅਸਥਿਰ ਕਰਨ ਲਈ ਸਿੱਖਾਂ ਅੱਗੇ ਦੁਬਾਰਾ ਵੇਚੇ ਜਾ ਸਕਦੇ ਹਨ। ਵਾਸ਼ਿੰਗਟਨ ਵਲੋਂ ਪਾਕਿਸਤਾਨ ਨੂੰ ਅਵਾਕਸ ਹਵਾਈ ਜਹਾਜ਼ ਦਿਤੇ ਜਾਣ ਤੋਂ ਵੀ ਭਾਰਤ ਨਾਰਾਜ਼ ਹੈ।

ਸਰਵੇਖਣ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਅੰਦਰ ਚੋਣਾਂ ਕਰਵਾਏ ਜਾਣ ਦੀ ਤੀਬਰ ਇੱਛਾ ਦਾ ਮਤਲਬ ਇਹ ਨਹੀਂ ਕਿ ਉਧਰ ਕੋਈ ਜੰਗ ਦਾ ਬੁਖਾਰ ਹੈ। ਦੱਸਿਆ ਗਿਆ ਹੈ ਕਿ 66 ਪ੍ਰਤੀਸ਼ਤ ਪਾਕਿਸਤਾਨੀ ਇਹ ਵੀ ਚਾਹੁੰਦੇ ਹਨ ਕਿ ਸਰਕਾਰ ਭਾਰਤ ਦੇ ਨਾਲ "ਜੰਗ-ਰੋਕੂ ਸੰਧੀ" ਉਪਰ ਦਸਤਖਤ ਕਰੇ।

ਜੰਗਲ ਦੇ ਵਿਚ ਭਟਕੇ ਰਾਹੀ,
ਉਤੋਂ ਰਾਤ ਪਈ ਹੈ,
ਚੰਦਾ ਵੀ ਅਜ ਜਾਪੇ ਜਿੰਦਾਂ,
ਭੁਲ ਗਿਆ ਹੈ ਰਸਤਾ !




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.

Chevron

Fine Automotive Ltd.
15220-56th. Ave., Surrey, B.C. V3S 4N7
Automotive Repairs & Services

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

- Tune ups
- Brakes
- Shocks
- Lubrications
- Exhaust
- Gas
- Electrical Welding
- Propane Conversion

Sarjit Hunjan Ph. 576-2014
Malkiat Hoonjan
Service Manager

ਆਪਣੇ ਵਪਾਰ ਵਿਚ ਵਾਧੇ ਲਈ

'ਕੈਨੇਡਾ ਦਰਪਣ'
ਨੂੰ ਫੋਨ ਕਰੋ :
581-4473
(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)

# ਕੀ ਖਾਲਿਸਤਾਨ ਬਣੇਗਾ ?

ਰਾਜੀਵ-ਲੌਂਗੋਵਾਲ ਸਮਝੌਤੇ ਅਨੁਸਾਰ ਇਹ ਆਸ ਬੱਝੀ ਸੀ ਕਿ ਪੰਜਾਬ ਨੂੰ ਹੁਣ ਇਨਸਾਫ ਮਿਲੇਗਾ ਅਤੇ ਹੁਣ ਤਕ ਇਸ ਨਾਲ ਜੋ ਵਿਤਕਰੇ ਅਤੇ ਧੱਕੇ ਹੁੰਦੇ ਆਏ ਹਨ ਦੂਰ ਹੋ ਜਾਣਗੇ, ਪਰ ਕੇਂਦਰ ਦੀ ਬੇਈਮਾਨ ਤੇ ਫਿਰਕੂ ਸਰਕਾਰ, ਜੋ, 'ਧਰਮ ਯੁੱਧ' ਮੋਰਚੇ ਦੀ ਭਾਰੀ ਸਫਲਤਾ ਦੇ ਬਾਵਜੂਦ ਸਮਝੌਤੇ ਨੂੰ ਟਾਲਦੀ ਰਹੀ ਸੀ (ਕਈ ਵਾਰੀ ਅਕਾਲੀ ਦਲ, ਸਰਕਾਰ ਦੇ ਵਜ਼ੀਰਾਂ ਅਤੇ ਵਿਰੋਧੀ ਪਾਰਟੀਆਂ ਨਾਲ ਮੀਟਿੰਗਾਂ ਦੌਰਾਨ ਸਮਝੌਤੇ ਦੀ ਰੂਪ ਰੇਖਾ ਤਿਆਰ ਹੋ ਜਾਂਦੀ ਸੀ, ਪਰ ਸ੍ਰੀ ਮਤੀ ਇੰਦਰਾ ਗਾਂਧੀ ਐਣ ਮੌਕੇ ਤੇ ਆਕੇ ਮੁਕਰ ਜਾਂਦੇ, ਤਾਂ ਜੋ ਅਗਲੀਆਂ ਲੋਕ ਸਭਾ ਚੋਣਾਂ ਤਕ ਪੰਜਾਬ ਸਮਸਿਆ ਨੂੰ ਲਮਕਾ ਕੇ, ਸਿਖਾਂ ਦਾ ਹਊਆ ਖੜਾ ਕਰਕੇ ਚੋਣਾਂ ਜਿਤੀਆਂ ਜਾ ਸਕਦੀਆਂ-ਅਤੇ ਜੋ ਹੁਕਮਰਾਨ ਪਾਰਟੀ ਨੇ ਸਚਮੁਚ ਜਿਤੀਆਂ ਜੇਕਰ ਚੋਣਾਂ ਪਿਛੋਂ ਸਮਝੌਤਾ ਹੋਇਆ, ਤਾਂ ਸਰਕਾਰ ਨੇ ਲਾਗੂ ਕਰਨ ਵਿਚ ਬੇਈਮਾਨੀ ਵਰਤਣੀ ਸ਼ੁਰੂ ਕਰ ਦਿਤੀ। ਸਮਝੌਤੇ ਦੀ ਪਹਿਲੀ ਹੀ ਕੜੀ 26ਜਨਵਰੀ ਨੂੰ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਕਰਨ ਲਈ ਵੀ ਕਾਂਜੀ ਘੋਲੀ ਗਈ ਹੈ। ਪਹਿਲਾਂ ਮੈਥਿਊ ਕਮਿਸ਼ਨ ਨੇ ਅਬੋਹਰ ਫਾਜ਼ਿਲਕਾ ਵਿਚ ਰਾਏ ਸ਼ੁਮਾਰੀ (ਜਦੋਂ ਕਿ ਕਾਂਗਰਸ ਦੀ ਹਕੂਮਤ ਸਮੇਂ ਨਾਰਮਲ ਹਾਲਾਤ ਹੋਈ 1981 ਦੀ ਮਰਦਮ ਸ਼ੁਮਾਰੀ ਦੇ ਅੰਕੜੇ ਮੌਜੂਦ ਸਨ) ਕਰਵਾਕੇ ਮਹਾਸ਼ਾ ਪ੍ਰੈਸ ਵਾਂਗ ਭਾਸ਼ਾਈ ਮਸਲੇ ਨੂੰ ਫਿਰਕੂ ਰੰਗਤ ਦਿਤੀ ਗਈ। ਵੈਂਕਟਰਮਈਆ ਕਮਿਸ਼ਨ ਨੇ ਇਨਸਾਫ ਅਤੇ ਸਫਾਈ ਦੇ ਸਾਰੇ ਅਸੂਲਾਂ ਨੂੰ ਛਿਕੇ ਟੰਗ ਕੇ ਕੇਂਦਰ ਦੀ ਹਿਮਾਇਤ ਤੇ ਬੜਾ ਹੀ ਬੇਹੂਦਾ ਫੈਸਲਾ ਕੀਤਾ ਹੈ। ਭਾਸ਼ਾਈ ਨੇੜਤਾ ਤੇ ਪਿੰਡ ਨੂੰ ਇਕਾਈ ਮੰਨ ਕੇ, ਜੋ ਕਮਿਸ਼ਨ ਨੂੰ ਹਿਦਾਇਤਾਂ ਸਨ, ਦੇ ਅਸੂਲਾਂ ਤੇ ਭਾਵੇਂ ਉਹ 70 ਹਜ਼ਾਰ ਦੀ ਥਾਂ ਹਰਿਆਣਾ ਨੂੰ 95 ਹਜ਼ਾਰ ਏਕੜ ਜ਼ਮੀਨ ਦੇ ਦਿੰਦਾ, ਦੁਖ ਨਾ ਦਿੰਦਾ, ਪਰ ਜਿਸ ਤਰੀਕੇ ਨਾਲ ਉਸਨੇ ਫੈਸਲਾ ਦਿਤਾ ਹੈ (ਕਿ 70 ਹਜ਼ਾਰ ਏਕੜ ਜ਼ਮੀਨ) ਭਾਵੇਂ ਉਹ ਪੰਜਾਬੀ ਭਾਸ਼ਾਈ ਇਲਾਕਾ ਹੋਏ), ਇਨਸਾਫ ਦੇ ਸਾਰੇ ਅਸੂਲਾਂ ਦਾ ਕਤਲ ਕਰਕੇ ਸਾਰੀ ਜੁਡੀਸ਼ਰੀ ਦੇ ਮੱਥੇ ਤੇ ਇਕ ਕਲੰਕ ਲਗਾ ਦਿਤਾ ਹੈ।

ਗਲ ਕੀ, 1947 ਤੋਂ ਲੈ ਕੇ ਪੰਜਾਬ ਤੇ ਸਿੱਖਾਂ ਨਾਲ ਪੈਰ ਪੈਰ ਤੇ ਧੱਕੇ ਹੁੰਦੇ ਰਹੇ ਹਨ, ਸਾਡੀ ਉਮਰ ਨਾਲੋਂ ਸਾਡੇ ਦੁੱਖਾਂ ਤੇ ਵਿਤਕਰਿਆਂ ਦੀ ਦਾਸਤਾਨ ਲੰਬੀ ਹੈ। ਹਿਦੂ ਵੋਟਰਾਂ ਨੂੰ ਖੁਸ਼ ਕਰਨ ਲਈ ਸ੍ਰੀ ਮਤੀ ਇੰਦਰਾ ਗਾਂਧੀ ਨੇ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ ਤੇ ਜੋ ਵਹਿਸ਼ੀਆਨਾ ਫੌਜੀ ਹਮਲਾ ਕੀਤਾ ਸੀ, ਇਸ ਨੂੰ ਕਦੀ ਨਾ ਹੀ ਇਤਿਹਾਸ ਅਤੇ ਨਾ ਹੀ ਸਿਖ ਮੁਆਫ ਕਰਨਗੇ। ਵਾਕਈ ਸ੍ਰੀ ਮਤੀ ਗਾਂਧੀ ਨੇ ਇਹ ਵਹਿਸ਼ੀਆਨਾ ਹਮਲਾ ਕਰਕੇ ਸਿਖਾਂ ਦੇ ਮਨਾਂ ਵਿਚ ਖਾਲਿਸਤਾਨ ਦੀ ਨੀਂਹ ਰਖ ਦਿਤੀ ਹੈ ਹੈ। ਜਿਸ ਨੂੰ ਹੁਣ ਸਿਖਾਂ ਦੇ ਮਨਾਂ ਵਿਚੋਂ ਕਢਣਾ ਬੜਾ ਹੀ ਮੁਸ਼ਕਲ ਹੈ। 'ਨੀਲਾ ਤਾਰਾ' ਜ਼ਾਲਮਾਨਾ ਕਾਰਵਾਈ ਪਿਛੋਂ ਖਾਲਿਸਤਾਨ ਦੀ ਲਹਿਰ ਨੇ ਦਿਨ ਬਦਿਨ ਜ਼ੋਰ ਪਕੜਿਆ ਹੈ—ਜਿਸ ਤਰੀਕੇ ਨਾਲ ਪਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਨਵੰਬਰ 1984 ਵਿਚ ਸਿਖਾਂ ਵਿਰੁੱਧ ਫਸਾਦ ਕਰਾਏ ਹਨ, ਲੋਕ ਸਭਾ ਅਤੇ ਅਸੈਂਬਲੀ ਦੀਆਂ ਚੋਣਾਂ ਸਮੇਂ ਸਿਖਾਂ ਵਿਰੁੱਧ ਜ਼ਹਿਰੀਲਾ ਪ੍ਰਾਪੇਗੰਡਾ ਕੀਤਾ ਹੈ ਅਤੇ ਰੇਡੀਉ, ਟੀ.ਵੀ., ਆਦਿ ਦੇ ਸਰਕਾਰੀ ਮਾਧਿਅਮ ਦੀ ਵਰਤੋਂ ਕਰਕੇ ਸਮੂੰਹ ਭਾਰਤੀਆਂ (ਅਤੇ ਕਈ ਦੇਸ਼ਾਂ ਦੇ ਲੋਕਾਂ) ਦੀ ਨਜ਼ਰ ਵਿਚ ਸ਼ਕੀ ਬਣਾ ਦਿਤਾ ਹੈ, ਜਿਸ ਤਰੀਕੇ ਨਾਲ ਫਿਰਕੂ ਤੇ ਸਰਕਾਰ ਪੱਖੀ ਅਖਬਾਰ ਸਿੱਖਾਂ ਵਿਰੁੱਧ ਨਫਰਤ ਦਾ ਪ੍ਰਚਾਰ ਕਰ ਰਹੇ ਹਨ, ਨਾਲ ਖਾਲਿਸਤਾਨ ਮੰਗ ਨੂੰ ਹਵਾ ਵੀ ਮਿਲ ਰਹੀ ਹੈ ਅਤੇ ਇਹ ਜ਼ੋਰ ਪਕੜ ਰਹੀ ਹੈ, ਵਿਸ਼ੇਸ਼ ਨੌਜਵਾਨਾਂ ਵਿਚ-

ਪਰ ਇਹ ਵੀ ਇਕ ਹਕੀਕਤ ਹੈ ਕਿ ਹਾਲੇ ਤਕ ਵੀ ਸਿੱਖਾਂ ਦਾ ਇਕ ਬੂਹਤ ਵੱਡਾ ਹਿਸਾ, ਜਿਹਨਾਂ, ਵਿਚ ਪੰਜਾਬ ਤੋਂ ਬਾਹਰ ਰਹਿਣ ਵਾਲੇ 50 ਲੱਖ ਸਿਖ ਵੀ ਸ਼ਾਮਿਲ ਹਨ, ਖਾਲਿਸਤਾਨ ਦੀ ਮੰਗ ਦੇ ਖਿਲਾਫ ਹਨ। ਪੰਜਾਬ ਦੇ ਬਾਹਰਲੇ ਬਹੁਤੇ ਸਿਖ ਕਾਫੀ ਅਮੀਰ ਹਨ—ਉਨਾਂ ਦੇ ਬਾਹਰ ਵੱਡੇ ਵੱਡੇ ਕਾਰੋਬਾਰ ਹਨ। ਜ਼ਮੀਨਾਂ, ਜਾਇਦਾਦਾਂ, ਫੈਕਟਰੀਆਂ ਹਨ ਉਹ ਪੰਜਾਬ ਵਿਚ ਆਕੇ ਨਵੇਂ ਸਿਰੇ ਤੋਂ ਆਪਣੇ ਕਾਰੋਬਾਰ ਸ਼ੁਰੂ ਕਰਨ ਦਾ ਖਤਰਾ ਮੁੱਲ ਨਹੀਂ ਲੈਣਾ ਚਾਹੁੰਦੇ। ਪੰਜਾਬ ਵਿਚ ਵੀ ਬਹੁਤੇ ਸਿਖ ਹਾਲੇ ਮੰਗ ਦੇ ਖਿਲਾਫ ਹਨ, ਭਾਵੇਂ ਉਹ ਕੇਂਦਰ ਵਲੋਂ ਪੰਜਾਬ ਅਤੇ ਸਿੱਖਾਂ ਨਾਲ ਪੈਰ ਪੈਰ ਤੇ ਹੋ ਰਹੇ ਧਕੇ ਵਿਰੁੱਧ ਨਾਰਾਜ਼ ਹਨ। ਸਿੱਖਾਂ ਦੀ ਪ੍ਰਤੀਨਿਧੀ ਜੱਥੇਬੰਦੀ ਸ਼੍ਰੋਮਣੀ ਅਕਾਲੀ ਦਲ (ਬਾਗੀ ਅਕਾਲੀਆਂ ਸਮੇਤ) ਹਾਲੇ ਤਕ ਖਾਲਿਸਤਾਨ ਦੇ ਵਿਰੁੱਧ ਹੈ। ਇਹੋ ਕਾਰਨ ਹੈ ਕਿ ਜਦੋਂ ਦਮਦਮੀ ਟਕਸਾਲ ਵਲੋਂ ਥਾਪੀ ਗਈ 5-ਮੈਂਬਰੀ ਪੰਥਕ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਦੀ ਪਾਵਨ ਹਜ਼ੂਰੀ ਅੰਦਰੋਂ ਖਾਲਿਸਤਾਨ ਦੀ ਸਥਾਪਨਾ ਦਾ ਐਲਾਨ ਕੀਤਾ, ਤਾਂ ਅਕਾਲੀ ਸਰਕਾਰ ਨੇ ਪੁਲਸ ਕਾਰਵਾਈ ਦਾ ਹੁਕਮ ਦਿਤਾ। ਪੁਲਿਸ ਕਾਰਵਾਈ ਉੱਤੇ ਭਾਵੇਂ ਬਾਗੀ ਅਕਾਲੀ ਪੰਜਾਬ ਦੀ ਅਕਾਲੀ ਸਰਕਾਰ ਦੇ ਖਿਲਾਫ ਹਨ, ਪਰ ਉਹ ਹਾਲੇ ਤਕ ਖਾਲਿਸਤਾਨ ਦੀ ਮੰਗ ਦੇ ਸਮਰਥਕ ਨਹੀਂ ਹਨ।

ਆਉ, ਦੇਖੀਏ ਕਿ ਜੇਕਰ ਖਾਲਿਸਤਾਨ ਬਣਦਾ ਹੈ, ਤਾਂ ਇਹ ਸਿੱਖਾਂ ਦੇ ਹਿਤਾਂ ਵਿਚ ਹੋਏਗਾ? ਫਰਜ਼ ਕਰ ਲਈਏ ਕਿ ਵਰਤਮਾਨ ਪੰਜਾਬ ਹੀ ਖਾਲਿਸਤਾਨ ਬਣ ਜਾਂਦਾ ਹੈ—ਜਿਵੇਂ ਕਿ ਕਈ ਖਾੜਕੂ ਜੱਥੇਬੰਦੀਆਂ ਦਾ ਖਿਆਲ ਹੈ ਕਿ ਇਥੋਂ ਹਿੰਦੂਆਂ ਨੂੰ ਭਜਾ ਦੇਈਏ ਤਾਂ ਬਾਹਰਲੇ ਸਿਖ ਇਥੇ ਆ ਜਾਣ। (ਭਾਵੇਂ ਇਹ ਸੰਭਵ ਨਹੀਂ ਹੈ, ਖਾੜਕੂ ਸਿਖ ਪਿੰਡਾਂ ਵਿਚੋਂ ਤਾਂ ਹਿੰਦੂਆਂ ਨੂੰ ਕੱਢ ਸਕਦੇ ਹਨ, ਪਰ ਸ਼ਹਿਰਾਂ ਵਿਚੋਂ ਨਹੀਂ—ਕਿਉਂਕਿ ਸ਼ਹਿਰਾਂ ਵਿਚ ਹਿੰਦੂਆਂ ਦੀ ਬਹੁ ਗਿਣਤੀ ਹੈ ਉਹ ਜੱਥੇਬੰਦ ਹਨ, ਏਕਤਾ ਹੈ ਅਤੇ ਸੁਰੱਖਿਆ ਫੋਰਸਾਂ ਵਲੋਂ ਉਨ੍ਹਾਂ ਦੀ ਹਰ ਤਰ੍ਹਾਂ ਹਿਫਾਜ਼ਤ ਕੀਤੀ ਜਾ ਰਹੀ ਹੈ)। ਭੂਗੋਲਿਕ ਨੁਕਤੇ ਤੋਂ ਵੇਖੀਏ।

ਇਹ ਪ੍ਰਸਤਾਵਿਤ ਦੇਸ਼ ਡੀਫੈਂਸ (ਰੱਖਿਆ) ਦੇ ਲਿਹਾਜ਼ ਨਾਲ ਸਭ ਪਾਸੇ ਤੋਂ ਨੰਗਾ ਹੋਏਗਾ-ਜਿਵੇਂ ਭਾਰਤ, ਪਾਕਿਸਤਾਨ ਅਤੇ ਬੰਗਲਾ ਦੇਸ਼ ਦੇ ਉਤਰ ਵੱਲ ਹਿਮਾਲੀਆ ਪਰਬਤ ਹੈ ਦੱਖਣ ਵਲ ਸਮੁੰਦਰ ਹੈ, ਜੋ ਰਖਿਆ ਦੇ ਨੁਕਤੇ ਤੋਂ ਬੜੇ ਮਹੱਤਵਪੂਰਨ ਹਨ, ਇਸ ਪ੍ਰਸਤਾਵਿਤ ਦੇਸ਼ ਪਾਸ ਨਹੀਂ ਹੋਣਗੇ। ਇਸ ਛੋਟੇ ਜਿਹੇ ਦੇਸ਼ ਨੂੰ ਚਾਰੇ ਪਾਸੇ ਹੀ ਸੁਰੱਖਿਆ ਦੇ ਪ੍ਰਬੰਧ ਕਰਨੇ ਹੋਣਗੇ।

ਕਿਸੇ ਦੇਸ਼ ਦੀ ਆਰਥਕਤਾ ਲਈ ਸਨਅਤ ਦੀ ਬੜੀ ਹੀ ਮਹੱਤਤਾ ਹੈ ਅਸੀਂ ਦੇਖਦੇ ਹਾਂ, ਉਨ੍ਹਾਂ ਦੇਸ਼ਾਂ ਨੇ ਹੀ ਸਰਬ ਪੱਖੀ ਵਿਕਾਸ ਕੀਤਾ ਹੈ, ਜਿਹਨਾਂ ਨੇ ਖੇਤੀਬਾੜੀ ਦੇ ਨਾਲ ਨਾਲ ਸਨਅਤ ਵਿਚ ਵੀ ਤਰੱਕੀ ਕੀਤੀ ਹੈ। ਸਨਅਤ ਲਈ ਕੱਚੇ ਮਾਲ ਦਾ ਹੋਣਾ ਵੀ ਜ਼ਰੂਰੀ ਹੈ। ਵਰਤਮਾਨ ਪੰਜਾਬ (ਜਾਂ ਪ੍ਰਸਤਾਵਿਤ ਖਾਲਿਸਤਾਨ) ਪਾਸ ਲੋਹੇ, ਕੋਲੇ ਆਦਿ ਦੀ ਕੋਈ ਖਾਨ(mines) ਨਹੀਂ ਹੈ ਅਤੇ ਨਾਂ ਹੀ ਮਿੱਟੀ ਦਾ ਤੇਲ, ਡੀਜ਼ਲ, ਪੈਟਰੋਲ ਆਦਿ ਦੇ ਕੋਈ ਸੋਮੇ ਹਨ-ਕਿਸੇ ਵੀ ਹੋਰ ਧਾਤੂ—ਜਿਵੇਂ ਪਿੱਤਲ ਤਾਂਬਾ, ਜਿਸਤ, ਚਾਂਦੀ, ਸੋਨਾ ਆਦਿ ਲਈ ਦੂਜੇ ਦੇਸ਼ਾਂ ਤੇ ਨਿਰਭਰ ਕਰਨਾ ਹੋਏਗਾ। ਹੋਰ ਤਾਂ ਹੋਰ ਲੱਕੜੀ—ਵਿਸ਼ੇਸ਼ ਕਰਕੇ ਇਮਾਰਤੀ ਲੱਕੜੀ ਵੀ ਅਸੀਂ ਜੰਮੂ, ਕਸ਼ਮੀਰ ਜਾਂ ਹਿਮਾਚਲ ਤੋਂ ਪ੍ਰਾਪਤ ਕਰ ਰਹੇ ਹਾਂ। ਲੂਣ, ਹਲਦੀ, ਮਸਾਲੇ ਆਦਿ ਬਾਹਰਲੇ ਪ੍ਰਦੇਸ਼ਾਂ ਤੋਂ ਹੀ ਪੰਜਾਬ ਆ ਰਹੇ ਹਨ। ਇਕੱਲੀ ਖੇਤੀਬਾੜੀ ਦੇ ਆਸਰੇ ਤੇ ਆਰਥਕਤਾ ਖੜੋ ਨਹੀਂ ਸਕਦੀ। ਸਾਨੂੰ ਕਣਕ ਜਾਂ ਚਾਵਲ ਦੀ ਪੈਦਾਵਾਰ ਤੇ ਬਹੁਤਾ ਗਰੂਰ ਨਹੀਂ ਕਰਨਾ ਚਾਹੀਦਾ-ਭਾਰਤ ਹੁਣ ਇਨ੍ਹਾਂ ਅਨਾਜਾਂ ਵਾਸਤੇ ਹਰਿਆਣਾ ਤੇ ਉੱਤਰ ਪ੍ਰਦੇਸ਼ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਰਿਹਾ ਹੈ, ਤਾਂ ਜੋ ਪੰਜਾਬ ਤੇ ਬਹੁਤਾ ਨਿਰਭਰ ਨਾ ਕਰਨਾ ਪਏ। ਜੇ ਖਾਲਿਸਤਾਨ ਹੋਂਦ ਵਿਚ ਆ ਹੀ ਜਾਂਦਾ ਹੈ, ਤਾਂ ਭਾਰਤ ਆਖਰੀ ਦੇਸ਼ ਹੋਏਗਾ ਜੋ ਇਸ ਤੋਂ ਅਨਾਜ ਖਰੀਦੇਗਾ। ਸਾਡੇ ਦੂਜੇ ਗੁਵਾਂਢੀ ਦੇਸ਼ ਪਾਕਿਸਤਾਨ ਨੂੰ ਅਨਾਜ ਦੀ ਕੋਈ ਤੋਟ ਹੀ ਨਹੀਂ ਹੈ। ਸਾਨੂੰ ਕਣਕ ਤੇ ਚਾਵਲ ਵੇਚਣ ਦੀ ਸਮੱਸਿਆ ਖੜੀ ਹੋ ਜਾਏਗੀ।

ਕਿਸੇ ਦੇਸ਼ ਦੇ ਵਪਾਰ ਲਈ (ਸਮੁੰਦਰੀ) ਬੰਦਰਗਾਹ ਦਾ ਹੋਣਾ ਬੜਾ ਜ਼ਰੂਰੀ ਹੈ। ਖਾਲਿਸਤਾਨ ਪਾਸ ਕੋਈ ਵੀ ਬੰਦਰਗਾਹ ਨਹੀਂ ਹੋਏਗੀ। ਹਵਾਈ ਸੇਵਾਵਾਂ ਲਈ ਵੀ ਸਾਰੇ ਜ਼ਹਾਜ਼ਾਂ ਨੂੰ ਭਾਰਤ ਜਾਂ ਪਾਕਿਸਤਾਨ ਉਪਰੋਂ ਉਡ ਕੇ ਆਉਣਾ ਪਏਗਾ।

ਸਿਆਸੀ ਪੱਖ ਤੋਂ ਭਾਵੇਂ ਇਸ ਪ੍ਰਸਤਾਵਿਤ ਦੇਸ਼ ਦੀ ਸੱਤਾ ਭਾਵੇਂ ਮੁਕੰਮਲ ਤੌਰ ਤੇ ਹਮੇਸ਼ਾ ਸਿੱਖਾਂ ਦੇ ਹੱਥ ਰਹੇਗੀ ਪਰ ਕੀ ਅਸੀਂ ਰਾਜ ਕਰਨ ਦੇ ਕਾਬਲ ਹਾਂ? ਪੰਜਾਬੀ ਸੂਬਾ ਬਨਣ ਤੋਂ ਪਿਛੋਂ ਹੁਣ ਤਕ ਪੰਜ ਵਾਰੀ ਸੱਤਾ ਅਕਾਲੀ ਦਲ ਦੇ ਹੱਥ ਆਈ ਹੈ, ਪਰ ਕਦੀ ਵੀ ਉਨ੍ਹਾਂ ਸਮਾਂ ਪੂਰਾ ਨਹੀਂ ਕੀਤਾ। ਹਮੇਸ਼ਾ ਉਨ੍ਹਾਂ ਆਪਸ ਵਿਚ ਲੜਕੇ ਆਪਣੀ ਸਰਕਾਰ ਤੋੜੀ। ਉਹ ਤਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਤੇ ਹੀ ਆਪੋ ਵਿਚ ਹਮੇਸ਼ਾਂ ਲੜਦੇ ਝਗੜਦੇ ਰਹੇ ਹਨ, ਦੇਸ਼ ਦੀ ਵਾਗਡੋਰ ਕਿਵੇਂ ਸੰਭਾਲ ਕੇ ਰੱਖ ਸਕਣਗੇ। ਸੱਤਾ ਵਿਚ ਆਉਣ ਤੇ ਕਿਸੇ ਨਾ ਕਿਸੇ ਦੇ ਹੱਥਾਂ ਵਿਚ ਖੇਡਦੇ ਰਹਿੰਦੇ ਹਨ, ਖਰੀਦੇ ਜਾਂਦੇ ਹਨ। ਆਮ ਆਦਮੀਆਂ ਵਾਂਗ ਸਿੱਖਾਂ ਵਿਚ ਵੀ ਸ਼ਰਾਬ, ਔਰਤ ਤੇ ਪੈਸੇ ਲਈ ਕਮਜ਼ੋਰੀ ਹੈ। ਇਸ ਕਾਰਨ ਇਸ ਪ੍ਰਸਤਾਵਿਤ ਦੇਸ਼ ਵਿਚ ਕੋਈ ਮਜ਼ਬੂਤ ਸਰਕਾਰ ਨਹੀਂ ਬਣ ਸਕੇਗੀ। ਪਾਕਿਸਤਾਨ ਜਾਂ ਬੰਗਲਾ ਦੇਸ਼ ਵਾਂਗ ਇਥੇ ਬਹੁਤਾ ਸਮਾਂ ਫੌਜੀ ਰਾਜ ਰਿਹਾ ਕਰੇਗਾ-ਤੇ ਗੋਲੀ ਨਾਲ ਅਗਲਾ ਫੌਜੀ ਹੁਕਮਰਾਨ ਅੱਗੇ ਆਇਆ ਕਰੇਗਾ। ਪਾਕਿਸਤਾਨ ਜਾਂ ਬੰਗਲਾ ਦੇਸ਼ ਵਿਚ ਤਾਂ ਇਕ ਫੌਜੀ ਜਰਨੈਲ ਕੁਝ ਸਾਲ ਹਕੂਮਤ ਕਰ ਜਾਂਦਾ ਹੈ ਪਰ ਪ੍ਰਸਤਾਵਿਤ ਖਾਲਿਸਤਾਨ ਵਿਚ ਹਰ ਛੇ ਸਤ ਮਹੀਨੇ ਪਿਛੋਂ ਨਵਾਂ ਫੌਜੀ ਹੁਕਮਰਾਨ ਅਗੇ ਆਇਆ ਕਰੇਗਾ

ਜੇ ਖਾਲਿਸਤਾਨ ਹੋਂਦ ਵਿੱਚ ਆ ਜਾਂਦਾ ਹੈ, ਤਾਂ ਹਜ਼ਾਰਾਂ ਹੀ ਇਤਿਹਾਸਿਕ ਗੁਰਦੁਆਰੇ ਬਾਹਰ ਰਹਿ ਜਾਣਗੇ, ਜਿਹਨਾਂ ਦੇ ਦਰਸ਼ਨਾਂ ਲਈ ਸਿੱਖ ਇਸੇ ਤਰਾਂ ਤਾਂਘਿਆ ਕਰਨਗੇ, ਜਿਵੇਂ ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਤਰਸਦੇ ਹਨ। ਗੁਰੂ ਸਾਹਿਬਾਨ ਨੇ ਭਾਰਤ ਦੇ

ਬਾਕੀ ਪੰਨਾ 16 ਤੇ


ਵਾਜਬ ਕਿਰਾਏ ਚੰਗੇਰੀਆਂ ਸਹੂਲਤਾਂ ਲਈ

ਹਮੇਸ਼ਾਂ ਯਾਦ ਰੱਖੋ

**ਬੈਂਸ ਟਰੈਵਲ ਸਰਵਿਸ**

ਭਾਰਤ ਜਾਣ ਵਾਲਿਆਂ ਲਈ ਜੋ ਰਾਹ ਵਿਚ ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ ਫਲਾਈਟਾਂ ਦਾ ਵੀ ਪ੍ਰਬੰਧ ਹੈ



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363



ਪੰਜਾਬੀ ਮਾਰਕਿਟ ਵਿਚ

**ਮਾਨ ਸ਼ੂਅ ਸਟੋਰ**

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

Mohinder Singh Mann

ਮੁਹਿੰਦਰ ਸਿੰਘ ਮਾਨ

321-4353

MANN SHOE STORE

6570 MAIN ST., VANCOUVER, B.C.

ਪੰਨਾ 15 ਦੀ ਬਾਕੀ

ਕੋਨੇ ਕੋਨੇ ਵਿਚ ਜਾ ਕੇ ਪਿਆਰ, ਸਾਂਝੀਵਾਲਤਾ,ਏਕਤਾ,ਨਾਮ ਜੱਪਣ ਅਤੇ ਸੱਚੀ ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿਤਾ,ਜਿਥੇ ਉਨਾਂ ਦੀ ਪਾਵਨ ਯਾਦ ਵਿਚ ਸ਼ਾਨਦਾਰ ਗੁਰਦੁਆਰੇ ਉਸਾਰੇ ਗਏ ਹਨ। ਇਥੇ ਕਾਫੀ ਗਿਣਤੀ ਵਿਚ ਸਿਖ ਵੀ ਰਹਿੰਦੇ ਹਨ-ਇਨਾਂ ਸਿੱਖਾਂ ਨੂੰ ਆਪਣੇ ਇਹ ਥਾਂ ਛੱਡ ਕੇ ਇਥੇ ਆਉਣਾ ਪਏਗਾ। ਇਹ ਗੁਰਧਾਮ ਇਸੇ ਤਰ੍ਹਾਂ ਹੀ ਵੀਰਾਨ ਪਏ ਰਿਹਾ ਕਰਨਗੇ ਜਿਵੇਂ ਪਾਕਿਸਤਾਨ ਦੇ ਗੁਰਦੁਆਰੇ ਸੁਨਸਾਨ ਤੇ ਉਜਾੜ ਪਏ ਹਨ।

ਸਿਖਾਂ ਵਿਚ ਭਾਵੇਂ ਜ਼ਾਤਪਾਤ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ,ਪਰ ਇਹ ਸੱਚ ਹੈ ਸਾਰੇ ਗੁਰੂ ਸਾਹਿਬਾਨ ਗੈਰ ਜੱਟ ਸਨ। ਪੰਜ ਪਿਆਰਿਆਂ ਵਿਚ ਵੀ ਚਾਰ ਗੈਰ-ਜੱਟ ਸਨ ਅਤੇ ਇਕ 'ਜਾਟ' ਸੀ। ਸਿੱਖਾਂ ਦੀ ਆਬਾਦੀ ਵਿਚ ਲੱਗਭਗ ਅੱਧੀ ਵਸੋਂ ਗੈਰ-ਜੱਟਾਂ ਦੀ ਵੀ ਹੈ, ਪਰ ਸਿਖ ਸਿਆਸਤ ਵਿਚ ਜੱਟ ਹੀ ਛਾਏ ਹੋਏ ਹਨ। ਆਮ ਗੈਰ-ਜੱਟਾਂ ਦਾ ਵਿਚਾਰ ਹੈ ਕਿ ਜੇਕਰ 'ਖਾਲਿਸਤਾਨ' ਬਣ ਗਿਆ ਤਾਂ ਇਹ ਅਸਲ ਵਿਚ 'ਜੱਟਸਤਾਨ' ਹੀ ਹੋਵੇਗਾ, ਜਿਥੇ ਗੈਰ ਜੱਟਾਂ ਨੂੰ ਦਬਾਅ ਕੇ ਰਖਿਆ ਜਾਏਗਾ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਕੁੱਝ ਪ੍ਰੋਫੈਸਰਾਂ ਨੇ ਮੈਨੂੰ ਕਿਹਾ'ਬਾਕੀ ਸੂਬਿਆਂ ਵਿਚ ਜਿਥੇ ਛੂਤ ਛਾਤ ਖਤਮ ਹੋ ਰਹੀ ਹੈ, ਉਥੇ ਖਾਲਿਸਤਾਨ ਵਿਚ ਸ਼ੁਰੂ ਹੋ ਜਾਏਗੀ।'

ਖਾਲਿਸਤਾਨ ਬਨਾਉਣ ਦੀ ਜਿਥੇ ਕਈ ਖਾੜਕੂ ਸਿਖ ਜੱਥੇਬੰਦੀਆਂ ਵਿਸ਼ੇਸ਼ ਕਰਕੇ ਨੌਜਵਾਨ ਸੰਘਰਸ਼ ਕਰ ਰਹੇ ਹਨ, ਉਸੇ ਤਰ੍ਹਾਂ ਕਈ ਫਿਰਕੂ ਤੇ ਜਨੂਨੀ ਹਿੰਦੂ ਜੱਥੇਬੰਦੀਆਂ ਵੀ ਪੂਰਾ ਹਿਸਾ ਪਾ ਰਹੀਆਂ ਹਨ। ਹਿੰਦੂ ਸ਼ਿਵ ਸੈਨਾ,ਆਰੀਆ ਸਮਾਜ,ਰਾਸ਼ਟਰੀਆ,ਸੁਰਖਸ਼ਾ ਸੰਮਤੀ,ਹਿੰਦੂ ਤੇ ਨਾਮ-ਨਿਹਾਦ,ਹਿੰਦੂ ਰਾਸ਼ਟਰੀ ਸੰਗਠਨ (ਜੋ ਇਸਦੇ ਅਖੌਤੀ ਪ੍ਰਧਾਨ ਸੁਰਿੰਦਰ ਕੁਮਾਰ ਬਿੱਲੇ ਦਾ ਕੇਵਲ ਵਨ-ਮੈਨ ਸ਼ੋ ਹੈ)ਵਰਗੇ ਸਿੱਖਾਂ ਵਿਰੁੱਧ ਜ਼ਹਿਰੀਲੇ ਪਰਚਾਰ ਕਰਕੇ,ਪੰਜਾਬੀ ਭਾਸ਼ਾ,ਤੇ ਪੰਜਾਬ ਦੇ ਹਿੱਤਾਂ ਨਾਲ ਗਦਾਰੀ ਕਰਕੇ ਖਾਲਿਸਤਾਨ ਲਈ ਆਪਣਾ ਹਿਸਾ ਪਾ ਰਹੇ ਹਨ। ਪਾਕਿਸਤਾਨ ਮੁਸਲਮਾਨਾਂ ਨੇ ਨਹੀਂ ਬਣਾਇਆ,ਸਗੋਂ ਆਰੀਆ ਸਮਾਜ ਤੇ ਕੁਝ ਹੋਰ ਫਿਰਕੂ ਅਤੇ ਜਨੂੰਨੀ ਹਿੰਦੂ ਲੀਡਰਾਂ ਨੇ ਬਣਾਇਆ ਹੈ। ਲਾਹੌਰ ਵਿਖੇ'ਯਾਦਗਾਰੇ ਪਾਕਿਸਤਾਨ' ਤੇ ਲਿਖਿਆ ਹੈ "ਪਾਕਿਸਤਾਨ ਕੀ ਬੁਨਿਆਦ ਤੋ ਉਸ ਦਿਨ ਹੀ ਰੱਖੀ ਗਈ ਥੀ,ਜਿਸ ਦਿਨ ਪਹਿਲਾਂ ਹਿੰਦੂ ਮੁਸਲਮਾਨ ਬਣਾ ਔਰ ਹਿੰਦੂਆਂ ਨੇ ਉਸਦਾ ਬਾਈਕਾਟ ਕਰ ਦੀਆ ਥਾ"—ਕਈ ਖਾੜਕੂ ਸਿਖਾਂ ਦੇ ਮੂਹੋਂ ਮੈਂ ਸੁਣਿਆ ਹੈ,"ਖਾਲਿਸਤਾਨ ਦੀ ਨੀਂਹ 'ਤਾਂ ਉਸੇ ਦਿਨ ਰਖੀ ਗਈ ਸੀ, ਜਿਸ ਦਿਨ ਪੰਜਾਬ ਦੇ ਹਿੰਦੂ ਆਪਣੀ ਮਾਂ-ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਸਨ। ਅਜੇਹਾ ਕਰਕੇ ਉਨ੍ਹਾਂ ਨੇ 'ਸਿਖ ਇਕ ਵੱਖਰੀ ਕੌਮ' ਦੇ ਸਿਧਾਂਤ ਨੂੰ ਵੀ ਮਾਨਤਾ ਦੇ ਦਿਤੀ ਸੀ।" ਨਿਰਸੰਦੇਹ ਪੰਜਾਬੀ ਹਿੰਦੂਆਂ ਨੇ ਆਪਣੀ ਮਾਂ ਬੋਲੀ,ਇਤਿਹਾਸ ਅਤੇ ਸਭਿਆਚਾਰਕ ਵਿਰਸੇ ਤੋਂ ਮੁਨਕਰ ਹੋ ਕੇ ਹਿੰਦੂ ਅਤੇ ਸਿੱਖਾਂ ਵਿਚਕਾਰ ਅਵਿਸ਼ਵਾਸ਼ ਨੂੰ ਜਨਮ ਦਿਤਾ ਹੈ, ਜਿਸਦੇ ਸਿੱਟੇ ਅੱਜ ਸਾਡੇ ਸਾਹਮਣੇ ਹਨ,ਜਿਸ ਸਦਕਾ ਪੰਜਾਬੀ ਹਿੰਦੂ ਆਪਣੇ ਹੀ ਸੂਬੇ ਵਿਚ ਅਜਨਬੀ ਬਣ ਕੇ ਰਹਿ ਗਿਆ ਹੈ ਅਤੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਨ ਲਗਾ ਹੈ। ਤੇ ਦੂਜੇ ਸੂਬਿਆਂ ਨੂੰ ਹਿਜਰਤ ਕਰਨ ਲੱਗਾ ਹੈ। ਇਸੇ ਲਈ ਉਹ ਹਿੰਦੂ ਲੀਡਰ ਜ਼ੁੰਮੇਵਾਰ ਹਨ(ਅਤਿਵਾਦੀ ਸਿਖ ਨਹੀਂ) ਜਿਹਨਾਂ ਉਨ੍ਹਾਂ ਨੂੰ ਆਪਣੀ ਬੋਲੀ, ਸਭਿਆਚਾਰ ਤੇ ਵਿਰਸੇ ਤੋਂ ਮੁਨਕਰ ਕਰਵਾਇਆ।

ਪਾਕਿਸਤਾਨ,ਜਿਸ ਨੂੰ ਆਪਣੀ ਹੀ ਹੋਂਦ ਕਾਇਮ ਰਖਣ ਲਈ ਖਤਰਾ ਬਣਿਆ ਹੋਇਆ ਹੈ, ਖਾਲਿਸਤਾਨ ਬਨਾਉਣ ਲਈ ਸਿਖਾਂ ਦੀ ਕੋਈ ਠੋਸ ਮੱਦਦ ਨਹੀਂ ਕਰ ਸਕਦਾ ਸਿੱਖਾਂ ਦਾ ਭਲਾ ਇਸੇ ਵਿਚ ਹੈ ਕਿ ਉਹ ਖਾਲਿਸਤਾਨ ਦੀ ਮੰਗ ਛੱਡ ਕੇ ਆਨੰਦਪੁਰ ਸਾਹਿਬ ਦੇ ਮੱਤੇ ਅਨੁਸਾਰ ਅੰਦਰੂਨੀ ਮੁਖਤਿਆਰੀ ਲਈ ਸੰਘਰਸ਼ ਕਰਨ। ਇਸ ਨਾਲ ਕਾਂਗਰਸ ਲੀਡਰਾਂ ਵਲੋਂ ਕੀਤੇ ਵਾਅਦਿਆਂ ਦੀ ਪੂਰਤੀ ਅਨੁਸਾਰ ਉਹ ਦੇਸ਼ ਅੰਦਰ ਹੀ ਰਹਿ ਕੇ ਆਜ਼ਾਦੀ ਦਾ ਨਿੱਘ ਮਾਣ ਸਕਣਗੇ ਅਤੇ ਪੰਜਾਬ ਤੋਂ ਬਾਹਰ ਰਹਿਣ ਵਾਲੇ -ਸਿੱਖ ਵੀ ਆਪਣੇ ਥਾਵਾਂ ਤੇ ਆਪਣੇ ਨੂੰ ਵਧੇਰੇ ਸੁਰਖਿਅਤ ਮਹਿਸੂਸ ਕਰ ਸਕਣਗੇ।

ਸਿੱਖਾਂ ਦੇ ਮਨਾਂ ਚੋਂ ਖਾਲਿਸਤਾਨ ਦਾ ਸੁਪਨਾ ਕੱਢਣ ਲਈ ਭਾਰਤ ਸਰਕਾਰ ਨੂੰ ਉਨ੍ਹਾਂ ਵਿਰੁਧ ਸਾਰੇ ਵਿਤਕਰੇ ਦੂਰ ਕਰਨੇ ਪੈਣਗੇ। ਉਨ੍ਹਾਂ ਨੂੰ ਭਾਰਤ ਦੇ ਬਾਕੀ ਸ਼ਹਿਰੀਆਂ ਵਾਲੇ ਸਾਰੇ ਹੱਕ ਦੇਣੇ ਪੈਣਗੇ—ਸਿੱਖਾਂ ਵਿਰੁਧ ਜ਼ਹਿਰੀਲਾ ਪ੍ਰਾਪੇਗੰਡਾ ਬੰਦ ਕਰਨਾ ਪਏਗਾ। ਸਿੱਖਾਂ ਨੂੰ ਦੇਸ਼ ਦੀ ਮੁਖ ਧਾਰਾ ਵਿਚ ਲਿਆਉਣ ਤੋਂ ਪਹਿਲਾਂ ਪੰਜਾਬ ਦੇ ਹਿੰਦੂਆਂ ਨੂੰ ਪੰਜਾਬ ਦੀ ਮੁਖ ਧਾਰਾ ਵਿਚ ਆਉਣਾ ਪਏਗਾ—ਆਪਣੀ "ਮਾਂ-ਬੋਲੀ" ਪੰਜਾਬੀ ਸ਼ਾਨਦਾਰ ਸਭਿਆਚਾਰ ਅਤੇ ਅਮੀਰ ਵਿਰਸੇ ਨੂੰ ਅਪਣਾਉਣਾ ਹੋਏਗਾ ਅਤੇ ਉਨ੍ਹਾਂ ਨੂੰ ਵੀ ਸਿੱਖਾਂ ਵਾਂਗੂ ਪੰਜਾਬ ਦੇ ਹਿੱਤਾਂ ਉਤੇ ਪਹਿਰਾ ਦੇਣਾ ਹੋਏਗਾ। ਆਪਣੇ 'ਪੰਜਾਬੀ' ਹੋਣ ਤੇ ਮਾਣ ਕਰਨਾ ਹੋਏਗਾ।

"ਹਮਕੋ ਸਤਿਗੁਰ ਬਚਨ ਪਾਤਿਸ਼ਾਹੀ।
ਹਮਕੋ ਜਾਪਤ ਇਗ ਸੋਊ ਆਹੀ।
ਹਮ ਰਾਖਤ ਪਾਤਿਸ਼ਾਹੀ ਦਾਵਾ।
ਜਾਂ ਇਤਕੋ ਜਾਂ ਅਗਲੋਂ ਪਾਵਾ।
ਜੋ ਸਤਿਗੁਰ ਸਿੱਖਨ ਕਹੀ ਬਾਤ।
ਹੋਗੁ ਸਾਈ ਨਹਿੰ ਖਾਲੀ ਜਾਤ।"
(ਰਤਨ ਸਿੰਘ ਭੰਗੂ, 286)



ਉਸ ਰੁੱਖ ਉਤੇ ਕਿਹੜਾ ਪੰਛੀ
ਆ ਕੇ ਰਾਤ ਗੁਜ਼ਾਰੇ,
ਜਿਸ ਪੱਲੇ ਨਾ ਹਰਿਆਲੀ ਹੈ,
ਨਾ ਹੀ ਸਾਵਾ ਪੱਤਾ!


KAHLON IMPORT AUTO SERVICE
I.C.B.C. CLAIMS ACCEPTED
11965-95th Ave. & Scott Road, Delta. Ph.:585-1242
COMPLETE AUTOMOTIVE REPAIRS




Special
Free oil change with every TUNE-UP



MUBARAK KAHLON
ਮੁਬਾਰਕ ਕਾਹਲੋਂ

Japanese — British — European
Licensed Mechanic
* Engine Rebuilding
* Cylinder Heads
* Tune Ups * Brakes
* Carburators & Clutch overhalls
* Automatic Transmissions

Free Estimates — Low Prices — All work guaranteed
Come and see us, we are here

ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

ਕਾਹਲੋਂ ਇੰਮਪੋਰਟ ਔਟੋ ਸਰਵਿਸ
PH.:585-1242

SCOTT RD. | 96 AVE. | 95 AVE. | D. | DELTA

# ਨਕਸਲੀਆਂ ਵਲੋਂ 'ਇਨਕਲਾਬੀ ਏਕਤਾ ਫਰੰਟ' ਕਾਇਮ

ਮੋਗਾ — ਨਕਸਲੀ ਵਿਚਾਰਧਾਰਾ ਹਾਲ ਸਬੰਧਤ ਵੱਖ ਵੱਖ ਇਨਕਲਾਬੀ ਗਰੁੱਪਾਂ ਵਲੋਂ ਪੰਜਾਬ ਦੇ ਮੌਜੂਦਾ ਫਿਰਕੂ ਤਣਾਓ ਦੀ ਸਥਿਤੀ ਵਿਚ ਸਾਧਾਰਨ ਲੋਕਾਂ ਨੂੰ ਸਹੀ ਅਗਵਾਈ ਦੇਣ ਲਈ ਸਾਂਝੇ ਜਨਤਕ ਪ੍ਰੋਗਰਾਮ ਦੀ ਰੂਪ-ਰੇਖਾ ਤਿਆਰ ਕਰਨ ਵਾਸਤੇ ਪਿਛਲੇ ਦਿਨੀਂ ਪ੍ਰਸਿਧ ਲੋਕ ਪੱਖੀ ਨਾਟਕਕਾਰ ਅਤੇ ਮਾਸਿਕ 'ਸਮਤਾ' ਦੇ ਐਡੀਟਰ ਸ: ਗੁਰਸ਼ਰਨ ਸਿੰਘ ਦੀ ਅਗਵਾਈ ਹੇਠ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਵੱਖ ਵੱਖ ਗਰੁਪਾਂ ਦੇ ਨੁਮਾਇੰਦਿਆਂ ਦਾ ਇਕ ਸੰਮੇਲਨ ਹੋਇਆ ਅਤੇ 'ਇਨਕਲਾਬੀ ਏਕਤਾ ਫਰੰਟ' ਨਾਂ ਦਾ ਸਾਂਝਾ ਫਰੰਟ ਬਨਾਉਣ ਦਾ ਫੈਸਲਾ ਕੀਤਾ ਗਿਆ। ਇਸ ਇਕੱਤਰਤਾ ਵਿਚ ਸਮੁੱਚੇ ਨਕਸਲੀ ਗਰੁਪਾਂ ਨੂੰ ਇਕ ਕੇਂਦਰ ਵਿਚ ਸਮੋਣ ਸਬੰਧੀ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ ਗਿਆ। ਛੇ ਮੈਂਬਰੀ ਪ੍ਰੀਜ਼ੀਡੀਅਮ ਦੀ ਨਿਗਰਾਨੀ ਹੇਠ ਹੋਈ ਬਹਿਸ ਜਿਸ ਵਿਚ ਕਿ ਆਰ. ਸੀ. ਪੀ. ਆਈ. ਦੇ 'ਜੈਕਾਰਾ' ਅਤੇ ਟਾਕਰਾ, ਗਰੁਪਾਂ ਤੋਂ ਬਿਨਾਂ ਸੀ. ਪੀ. ਆਈ. (ਐਮ. ਐਲ.) ਦੇ ਸੁਰਖਰੇਖਾ, ਪੂਲਾ ਰੈਡੀ ਅਤੇ ਐਸ. ਐਨ. ਸਿੰਘ ਗਰੁੱਪਾਂ, ਮਾਰਕਸੀ ਵਿਚਾਰ ਮੰਚ, ਇੰਡੀਅਨ ਪੀਪਲਜ਼ ਫਰੰਟ ਅਤੇ ਡੈਮੋਕਰੇਟਿਕ ਫਰੰਟ ਦੇ ਨੁਮਾਇੰਦਿਆਂ ਤੋਂ ਬਿਨਾਂ ਕਈ ਨਾਮਵਰ ਇਨਕਲਾਬੀ ਹਸਤੀਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

ਸਮੁੱਚੇ ਵਿਚਾਰਧਾਰਕ ਤੇ ਸਿਆਸੀ ਮਤਭੇਦ ਖਤਮ ਕਰ ਕੇ ਇਕੋ ਇਕ ਫਰੰਟ ਬਨਾਉਣ ਲਈ ਅਤੇ ਵਿਸ਼ਾਲ ਆਰਥਿਕ, ਜਮਹੂਰੀ ਤੇ ਸਿਆਸੀ ਮਸਲਿਆਂ ਤੇ ਸਾਂਝੇ ਤੌਰ 'ਤੇ ਪ੍ਰਾਪੇਗੰਡਾ ਤੇ ਐਜੀਟੇਸ਼ਨ ਖੜੀ ਕਰਨ ਲਈ ਤਿੰਨ ਗਰੁੱਪਾਂ ਨੂੰ ਛੱਡ ਕੇ ਇਕ 12 ਮੈਂਬਰੀ ਅਸਥਾਈ ਕਮੇਟੀ ਦੀ ਚੋਣ ਕੀਤੀ ਗਈ। ਕਮੇਟੀ ਵਲੋਂ ਨੇੜ ਭਵਿਖ ਵਿਚ ਪੰਜਾਬ ਮਸਲੇ ਤੇ ਹੋਰ ਆਰਥਿਕ ਮੰਗਾਂ 'ਤੇ ਅਗਾਂਹ ਦਾ ਪ੍ਰੋਗਰਾਮ ਮਿਥਣ ਲਈ ਜਲਦੀ ਹੀ ਇਕ ਮੀਟਿੰਗ ਸੱਦ ਲਈ ਗਈ ਹੈ। ਯਾਦ ਰਹੇ ਕਿ ਨਕਸਲੀ ਲਹਿਰ ਦੇ ਲੰਬੇ ਸਮੇਂ ਦੇ ਖਿਡਾਅ ਤੋਂ ਬਾਦ ਏਕਤਾ ਕਰਨ ਅਤੇ ਇਕੋ ਇਕ ਪਾਰਟੀ 'ਚ ਇਕ ਪ੍ਰੋਗਰਾਮ ਤੇ ਜਥੇਬੰਦ ਹੋ ਜਾਣ ਲਈ ਕੋਸ਼ਿਸ਼ਾਂ ਕਰਨ ਸੰਬੰਧੀ ਇਹ ਪਹਿਲਾ ਨਿਗਰ ਤੇ ਸਾਰਥਕ ਕਦਮ ਸੀ।

---

ਸਿਖਰ ਦੁਪਹਿਰੇ ਸੂਰਜ ਢਲਿਆ
ਜਿੰਦ-ਬਿਰਹਣ ਦਾ ਦਿਲ ਏ ਜਲਿਆ
ਡੂੰਘੇ ਗ਼ਮ ਦੇ ਸਾਏ...

# ਲੋਕਾਂ 'ਤੇ ਜਬਰ ਦੀ ਸਖਤ ਨਿਖੇਧੀ

ਚੰਡੀਗੜ੍ਹ — ਆਲ ਇੰਡੀਆ ਰੈਵੋਲੂਸ਼ਨਰੀ ਸਟੂਡੈਂਟਸ ਫੈਡਰੇਸ਼ਨ ਦੀ ਕੇਂਦਰੀ ਕਮੇਟੀ ਨੇ ਕੇਂਦਰ ਅਤੇ ਸੂਬਾ ਸਰਕਾਰ ਵਲੋਂ ਪੰਜਾਬ, ਬਿਹਾਰ ਅਤੇ ਆਂਧਰਾ ਪ੍ਰਦੇਸ਼ ਦੇ ਲੋਕਾਂ ਉਪਰ ਢਾਹੇ ਜਾ ਰਹੇ ਕਹਿਰ ਦਾ ਸਖਤ ਨੋਟਿਸ ਲਿਆ ਹੈ। ਗੋਆ ਦੇ ਸ਼ਹਿਰ ਵਾਸਕੋ ਵਿਖੇ ਹੋਈ ਕੇਂਦਰੀ ਕਮੇਟੀ ਦੀ ਮੀਟਿੰਗ ਤੋਂ ਵਾਪਸ ਆਉਣ ਤੋਂ ਬਾਅਦ ਪੰਜਾਬ ਸਟੂਡੈਂਟਸ ਯੂਨੀਅਨ (ਏ. ਆਈ. ਆਰ. ਐਸ. ਐਫ.) ਦੇ ਜਨਰਲ ਸਕੱਤਰ ਮੇਜਰ ਸਿੰਘ ਮਟਰਾਂ ਨੇ ਦੱਸਿਆ ਕਿ ਮੀਟਿੰਗ ਨੇ ਰਾਜੀ-ਲੌਂਗੋਵਾਲ ਜੁੰਡਲੀ ਵਲੋਂ ਪੰਜਾਬ ਦੇ ਲੋਕਾਂ ਖਾਸ ਕਰਕੇ ਸਿੱਖ ਨੌਜਵਾਨਾਂ ਉਪਰ ਢਾਹੇ ਜਾ ਰਹੇ ਜਬਰ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਅਤੇ ਸਾਰੀਆਂ ਇਨਕਲਾਬੀ ਜਮਹੂਰੀ ਤਾਕਤਾਂ ਨੂੰ ਪੰਜਾਬੀ ਲੋਕਾਂ ਦੇ ਖਾੜਕੂ ਘੋਲ ਦੀ ਡਟਵੀਂ ਹਮਾਇਤ ਕਰਨ ਦਾ ਸੱਦਾ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਇਕ ਹੋਰ ਮਤੇ ਰਾਹੀਂ ਕਮੇਟੀ ਨੇ ਬਿਹਾਰ ਵਿਚ ਮਜ਼ਦੂਰ ਕਿਸਾਨ ਕਮੇਟੀ ਉਪਰ ਸਰਕਾਰ ਵਲੋਂ ਲਾਈ ਪਾਬੰਦੀ ਅਤੇ ਆਂਧਰਾ ਪ੍ਰਦੇਸ਼ ਵਿਚ ਇਨਕਲਾਬੀਆਂ ਉਪਰ ਢਾਹੇ ਜਾ ਰਹੇ ਜਬਰ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਅਗੇ ਦੱਸਿਆ ਕਿ ਹੋਰਨਾਂ ਮਤਿਆਂ 'ਚ ਵਧ ਰਹੀ ਬੇਰੁਜ਼ਗਾਰੀ ਦੀ ਸਮੱਸਿਆ, ਕਰਨਾਟਕਾ 'ਚ ਲਾਏ ਜਾ ਰਹੇ ਅਣੂ-ਸ਼ਕਤੀ ਪਲਾਂਟ ਅਤੇ ਬੰਗਲੋਰ ਵਿਖੇ 'ਸਾਰਕ' ਦੀ ਮੀਟਿੰਗ ਉਪਰ ਖਰਚੇ ਗਏ ਕਰੋੜਾਂ ਰੁਪਏ ਦਾ ਡਟਵਾਂ ਵਿਰੋਧ ਕਰਨ ਦਾ ਸੱਦਾ ਦਿੱਤਾ ਹੈ।

## ਅਭਿਨੇਤਰੀ ਹਲਾਕ

ਪਾਕਿਸਤਾਨ ਦੀਆਂ ਪਸ਼ਤੋ ਫਿਲਮਾਂ ਦੀ ਪ੍ਰਸਿਧ ਹੀਰੋਇਨ ਅਭਿਨੇਤਰੀ 'ਸਲਮਾ-ਨੂਰਾਨੀ' ਤੇ ਇਕ ਫੋਟੋਗਰਾਫਰ ਐਬਟਾਬਾਦ ਦੇ ਇਕ ਹੋਟਲ 'ਗੁਲਸ਼ਨ' ਦੇ ਇਕ ਕਮਰੇ ਵਿਚ ਹਲਾਕ ਹੋਏ ਮਿਲੇ ਹਨ ਜੋ ਉਥੇ ਇਕ ਫਿਲਮ ਦੀ ਸ਼ੂਟਿੰਗ ਲਈ ਆ ਕੇ ਠਹਿਰੇ ਸਨ। ਅਖਬਾਰ 'ਮਸ਼ਰਕ' ਅਨੁਸਾਰ ਫੋਟੋਗਰਾਫਰ ਅਹਿਮਦ ਅਕਬਰ ਰਾਤ ਨੂੰ ਉਸ ਦੀ ਪੱਤ ਲੁੱਟਣ ਲਈ ਧੋਖੇ ਨਾਲ ਉਸ ਦੇ ਕਮਰੇ ਵਿਚ ਦਾਖਲ ਹੋਇਆ ਪਰ ਉਸ ਨੇ ਪੱਤ ਬਚਾਉਣ ਲਈ ਉਸ ਨੂੰ ਛੁਰਾ ਮਾਰ ਕੇ ਮਾਰ ਦਿਤਾ ਤੇ ਫਿਰ ਖੁਦਕਸ਼ੀ ਕਰ ਲਈ।

---

ਬਿਰਹੋਂ ਦਾ ਕੀ ਜੀਣਾ ਜਿੰਦੇ !
ਬਿਰਹੋਂ ਨੂੰ ਕੋਈ ਕਮਲਾ ਨਿੰਦੇ
'ਮਾਂਗਟ' ਤਾਂ ਗਲ ਲਾਏ.........

# ਕਾਂਗਰਸ ਕੇਂਦਰ ਦੀ ਤਾਕਤ ਘਟਾਉਣ ਦੇ ਵਿਰੁੱਧ

ਨਵੀਂ ਦਿੱਲੀ — ਕਾਂਗਰਸ ਆਈ ਕਿਸੇ ਵੀ ਤਰ੍ਹਾਂ ਕੇਂਦਰ ਦੀਆਂ ਤਾਕਤਾਂ ਘੱਟ ਕਰਨ ਦੇ ਸਖਤ ਵਿਰੁਧ ਹੈ। ਸਤਾਧਾਰੀ ਪਾਰਟੀ ਨੇ ਸਰਕਾਰੀਆ ਕਮਿਸ਼ਨ ਨੂੰ ਦੱਸਿਆ ਹੈ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਮੁੱਖ ਰੱਖਕੇ ਕੇਂਦਰ ਦੇ ਅਧਿਕਾਰ ਕਿਸੇ ਵੀ ਤਰ੍ਹਾਂ ਘੱਟ ਨਹੀਂ ਕੀਤੇ ਜਾਣੇ ਚਾਹੀਦੇ। ਸਰਕਾਰੀਆ ਕਮਿਸ਼ਨ ਦੀ ਸਥਾਪਨਾ 1983 ਵਿਚ ਕੇਂਦਰ-ਰਾਜ ਸਬੰਧਾਂ ਤੇ ਵਿਚਾਰ ਕਰਨ ਲਈ ਕੀਤੀ ਗਈ ਸੀ, ਕਮਿਸ਼ਨ ਵਲੋਂ ਇਸ ਮਹੀਨੇ ਆਪਣੀ ਰਿਪੋਰਟ ਸਰਕਾਰ ਨੂੰ ਦਿਤੇ ਜਾਣ ਦੀ ਸੰਭਾਵਨਾ ਹੈ। ਇਕ ਮੈਂਬਰੀ ਕਮਿਸ਼ਨ ਨੇ ਇਸ ਬਾਰੇ ਵਿਚ ਵੱਖ ਵੱਖ ਰਾਜਸੀ ਪਾਰਟੀਆਂ, ਰਾਜ ਸਰਕਾਰਾਂ ਤੇ ਉਘੇ ਸ਼ਹਿਰੀਆਂ ਅਤੇ ਜੱਜਾਂ ਦੇ ਬਿਆਨ ਵੀ ਕਲਮਬੰਦ ਕੀਤੇ ਹਨ। ਪਾਰਟੀ ਨੇ ਕਿਹਾ ਹੈ ਕਿ ਰਾਜਾਂ ਨੂੰ ਇਕ ਹਿੱਸੇਦਾਰ ਵਜੋਂ ਵੇਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਕਈ ਖੇਤਰਾਂ ਵਿਚ ਕੇਂਦਰ ਰਾਜ ਸਬੰਧ ਇਕ ਸਾਰ ਵੀ ਹੋ ਸਕਦੇ ਹਨ। ਅਮਨ ਕਾਨੂੰਨ ਕਾਇਮ ਰੱਖਣ ਅਤੇ ਫਿਰਕੂ ਫਸਾਦ ਆਮ ਤੌਰ ਤੇ ਸਥਾਨਕ ਮਾਮਲੇ ਹਨ। ਪਰ ਇਨ੍ਹਾਂ ਮਾਮਲਿਆਂ ਉਤੇ ਕਾਬੂ ਪਾਉਣ ਲਈ ਕੇਂਦਰ ਨੂੰ ਹੋਰ ਪ੍ਰਭਾਵਸ਼ਾਲੀ ਕਦਮ ਚੁਕਣ ਲਈ ਅਧਿਕਾਰ ਦੇਣੇ ਚਾਹੀਦੇ ਹਨ। ਅਜਿਹਾ ਕਰਨ ਨਾਲ ਰਾਜਾਂ ਦਾ ਕੁਝ ਨਹੀਂ ਘਟੇਗਾ। ਦੇਸ਼ ਦੀ ਏਕਤਾ ਅਤੇ ਅਖੰਡਤਾ ਕਾਇਮ ਰੱਖਣ ਲਈ ਅਜਿਹੇ ਕਦਮ ਚੁਕਣੇ ਜ਼ਰੂਰੀ ਹਨ। ਪਾਰਟੀ ਨੇ ਕਿਹਾ ਹੈ ਕਿ ਅੰਤਰ ਰਾਜੀ ਅਪਰਾਧ, ਸਮਗਲਿੰਗ ਤੇ ਕਾਬੂ ਪਾਉਣਾ ਤੇ ਵਿਦਿਆ ਆਦਿ ਮਾਮਲੇ ਹਨ ਜਿਨ੍ਹਾਂ ਵਿਚ ਕੇਂਦਰ ਦਾ ਦਖਲ ਦੇਣਾ ਜ਼ਰੂਰੀ ਹੈ। ਪਾਰਟੀ ਨੇ ਇਹ ਵੀ ਕਿਹਾ ਹੈ ਕਿ ਆਜ਼ਾਦੀ ਦੇ ਪਹਿਲੇ 17 ਸਾਲਾਂ ਵਿਚ ਕੇਂਦਰ ਤੇ ਰਾਜਾਂ ਵਿਚ ਲਗਪਗ ਕਾਂਗਰਸ ਦੀਆਂ ਸਰਕਾਰਾਂ ਹੀ ਰਹੀਆਂ ਹਨ।

---

ਹਿਜਰਾਂ ਦੀ ਰੁਤ ਘਣੀ ਵੇ ਮਾਹੀਆ
ਹਿਜਰਾਂ ਦੀ ਰੁਤ ਘਣੀ ਵੇ ਮਾਹੀਆ
ਵਾਂਗ ਪਪੀਹੇ ਫਿਰਾਂ ਭਾਲਦੀ
ਸਵਾਂਤ-ਬੂੰਦ ਦੀ ਕਣੀ ਵੇ ਮਾਹੀਆ...
ਆਣ ਬਦਲੀਆਂ, ਜਾਣ ਬਦਲੀਆਂ
ਛਮ ਛਮ ਮੀਂਹ ਵਰਸਾਣ ਬਦਲੀਆਂ
ਇਕ ਧਰਤੀ ਦਾ ਲੂੰ ਲੂੰ ਭਿੱਜਿਆ
ਇਕ ਧਰਤੀ ਤੇ ਬਣੀ ਵੇ ਮਾਹੀਆ...


# JESSIE FABRICS

2-9305-120th. ST. (Scott Rd.) DELTA-SURREY, B.C.
PH. (604) 585-3656



ਨਵੇਂ ਨਵੇਂ ਡਿਜ਼ਾਈਨਾਂ ਤੇ ਅਨੇਕਾਂ ਰੰਗਾਂ ਵਿਚ ਸੂਟ, ਸਾੜ੍ਹੀਆਂ ਤੇ ਦੁਪੱਟਿਆਂ ਦੀਆਂ ਸ਼ਿਪਮੈਂਟਾਂ ਪਹੁੰਚ ਗਈਆਂ!

ਇਹ ਸਟੋਰ ਬਿਲਕੁਲ ਨਵਾਂ ਹੈ ਤੇ ਸਟੋਰ ਵਿਚ ਪਿਆ ਸਾਰਾ ਮਾਲ ਵੀ ਬਿਲਕੁਲ ਨਵਾਂ ਹੈ!

ਵਧੀਆ ਕੁਆਲਿਟੀ ਤੇ ਵਾਜ਼ਬ ਕੀਮਤਾਂ ਲਈ - ਜੈਸੀ ਫੈਬਰਿਕਸ

# ਪੰਜਾਬ ਮਸਲੇ ਦੇ ਹੱਲ ਲਈ ਨਵੇਂ ਸੁਝਾਅ

ਲੁਧਿਆਣਾ — ਪੰਜਾਬ ਸਰਕਾਰ ਨੇ ਪੰਜਾਬ ਮਸਲਾ ਹੱਲ ਕਰਨ ਲਈ ਇਕ ਚਾਰ ਨੁਕਾਤੀ ਪ੍ਰੋਗਰਾਮ ਪੇਸ਼ ਕੀਤਾ ਹੈ। ਇਸ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਸੁਝਾਵਾਂ ਨੂੰ ਤੁਰੰਤ ਪ੍ਰਵਾਨ ਕਰ ਲਵੇ ਤਾਂ ਕਿ ਰਾਜ ਵਿਚ ਅਮਨ ਹੋ ਸਕੇ ਤੇ ਹਾਲਾਤ ਆਮ ਵਰਗੇ ਹੋ ਸਕਣ। ਪੰਜਾਬ ਸਰਕਾਰ ਦੇ ਨੇੜਲੇ ਹਲਕਿਆਂ ਅਨੁਸਾਰ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਉਪਰ ਜ਼ੋਰ ਪਾਇਆ ਹੈ ਕਿ ਉਹ ਜੋਧਪੁਰ ਜੇਲ੍ਹ ਦੇ ਨਜ਼ਰਬੰਦ ਸਿਖ ਨੌਜਵਾਨਾਂ ਨੂੰ ਤੁਰੰਤ ਰਿਹਾਅ ਕਰਨ ਅਤੇ ਫੌਜੀਆਂ ਨੂੰ ਬਹਾਲ ਕਰਨ ਦਾ ਹੁਕਮ ਦੇਣ, ਰਾਜ ਲਈ ਆਰਥਿਕ ਪ੍ਰੋਗਰਾਮ ਦੇਣ ਅਤੇ ਰਾਜ ਦੇ ਮਸਲੇ ਲਈ ਸਿਆਸੀ ਹੱਲ ਦੀ ਭਾਲ ਕਰਨ।

ਮੁੱਖ ਮੰਤਰੀ ਨੇ ਦਿੱਲੀ ਵਿਚ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਆਪਣੀ ਮੀਟਿੰਗ ਦੌਰਾਨ ਉਨ੍ਹਾਂ ਅੱਗੇ ਵੀ ਇਹ ਸੁਝਾਅ ਰੱਖੇ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ ਸਿੱਖ ਨੌਜਵਾਨ ਬਿਨਾਂ ਮੁਕੱਦਮਿਆਂ ਦੇ ਦੋ ਸਾਲ ਤੋਂ ਵੱਧ ਸਮੇਂ ਤੋਂ ਜੋਧਪੁਰ ਦੀ ਜੇਲ੍ਹ ਵਿਚ ਬੰਦ ਹਨ। ਇਨ੍ਹਾਂ ਦੀ ਰਿਹਾਈ ਵਿਚ ਦੇਰੀ ਤੋਂ ਰਾਜ ਸਰਕਾਰ ਨੂੰ ਭਾਰੀ ਪ੍ਰੇਸ਼ਾਨੀ ਵਿਚ ਪੈਣਾ ਪੈਂਦਾ ਹੈ ਅਤੇ ਹਿੰਸਾ ਦੀਆਂ ਘਟਨਾਵਾਂ ਵਿਚ ਵਾਧੇ ਕਾਰਨ ਅਮਨ ਕਾਨੂੰਨ ਦਾ ਮਸਲਾ ਬਣ ਗਿਆ ਹੈ। ਸਿਖ ਯੁਵਕਾਂ ਨੂੰ ਰਿਹਾਅ ਕੀਤੇ ਜਾਣ ਤੋਂ ਸਿਖ ਯੁਵਕਾਂ ਦੀਆਂ ਭੜਕੀਆਂ ਭਾਵਨਾਵਾਂ ਸ਼ਾਂਤ ਹੋਣਗੀਆਂ। ਮੁੱਖ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਸਾਥੀ ਭਾਰਤੀ ਫੌਜ ਦੇ ਮੁਖੀ ਜਨਰਲ ਕੇ. ਸੁੰਦਰਜੀ ਨਾਲ ਗੱਲਬਾਤ ਅਤੇ ਰੱਖਿਆ ਮੰਤਰਾਲੇ ਵਲੋਂ ਫੌਜੀਆਂ ਦੀ ਬਹਾਲੀ ਲਈ ਚੁੱਕੇ ਕਦਮਾਂ ਤੋਂ ਸੰਤੁਸ਼ਟ ਹਨ। ਬਹੁਗਿਣਤੀ ਬੈਰਕਾਂ ਛੱਡਣ ਵਾਲੇ ਫੌਜੀਆਂ ਨੂੰ ਫੌਜ ਵਿਚ ਬਹਾਲ ਕੀਤਾ ਜਾ ਚੁਕਿਆ ਹੈ। ਸਜ਼ਾ ਪ੍ਰਾਪਤ ਲਗਭਗ 250 ਫੌਜੀਆਂ ਪਾਸੋਂ ਫੌਜੀ ਅਧਿਕਾਰੀਆਂ ਨੇ ਅਰਜ਼ੀਆਂ ਮੰਗੀਆਂ ਹਨ ਤਾਂ ਕਿ ਉਨ੍ਹਾਂ ਦੀ ਸਜ਼ਾ 'ਤੇ ਮੁੜ ਵਿਚਾਰ ਹੋ ਸਕੇ। ਰਾਜ ਸਰਕਾਰ ਨੂੰ ਆਸ ਹੈ ਕਿ ਇਹ ਵੱਡਾ ਮਸਲਾ ਛੇਤੀ ਹੱਲ ਹੋ ਜਾਵੇਗਾ।

ਸਰਕਾਰੀ ਹਲਕਿਆਂ ਵਲੋਂ ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਜਨਰਲ ਸੁੰਦਰਜੀ ਦੀ ਪੰਜਾਬ ਫੇਰੀ ਵੀ ਮੁਖ ਮੰਤਰੀ ਵਲੋਂ ਫੌਜੀਆਂ ਦੀ ਬਹਾਲੀ ਲਈ ਪੈਦਾ ਕੀਤੇ ਗਏ ਦਬਾਓ ਦਾ ਹੀ ਸਿੱਟਾ ਸੀ। ਰਾਜ ਦੇ ਅਰਥਚਾਰੇ ਨੂੰ ਮੁੜ ਬਹਾਲ ਕਰਨ ਦੇ ਵਿਸ਼ੇ 'ਤੇ ਕੇਂਦਰ ਸਰਕਾਰ ਨੂੰ ਕਿਹਾ ਗਿਆ ਹੈ ਕਿ ਬੀਤੇ ਚਾਰ ਸਾਲਾਂ ਦੌਰਾਨ ਪੰਜਾਬ ਦਾ ਬਹੁਤ ਨੁਕਸਾਨ ਹੋਇਆ ਹੈ, ਸਨਅਤੀ ਪੈਦਾਵਾਰ ਘਟੀ ਹੈ ਤੇ ਕੁਲ ਮਿਲਾ ਕੇ ਕਾਰੋਬਾਰ ਨੂੰ ਭਾਰੀ ਧੱਕਾ ਵੱਜਿਆ ਹੈ। ਰਾਜ ਸਰਕਾਰ ਨੇ ਮੰਗ ਕੀਤੀ ਹੈ ਕਿ ਪੰਜਾਬ ਲਈ ਕੋਈ ਵੱਡੀ ਆਰਥਿਕ ਸਹਾਇਤਾ ਦਿੱਤੀ ਜਾਵੇ। ਕੇਂਦਰ ਪਾਸੋਂ ਇਹ ਵੀ ਮੰਗ ਕੀਤੀ ਹੈ ਕਿ ਪੰਜਾਬ ਨੂੰ ਸਨਅਤੀ ਤੌਰ 'ਤੇ ਪਛੜਿਆ ਕਰਾਰ ਦਿਤਾ ਜਾਵੇ ਅਤੇ ਪਛੜੇ ਇਲਾਕਿਆਂ ਵਾਲੀਆਂ ਸਹੂਲਤਾਂ ਦਿੱਤੀਆਂ ਜਾਣ। ਰਾਜ ਸਰਕਾਰ ਨੇ ਮੰਗ ਕੀਤੀ ਹੈ ਕਿ ਪੰਜਾਬ ਨੂੰ ਕੁਝ ਹੋਰ ਵੱਡੀਆਂ ਸਨਅਤਾਂ ਦਿੱਤੀਆਂ ਜਾਣ ਤਾਂ ਕਿ ਨੌਜਵਾਨਾਂ ਲਈ ਹੋਰ ਰੁਜ਼ਗਾਰ ਦੇ ਮੌਕੇ ਬਣ ਸਕਣ। ਪੰਜਾਬ ਸਰਕਾਰ ਦਾ ਕਹਿਣਾ ਹੈ ਕਿ "ਬੰਦੂਕਾਂ ਦੇ ਮੂੰਹ ਮੋੜਨ ਲਈ ਜ਼ਰੂਰੀ ਹੈ ਕਿ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ।" ਇਸ ਨੇ ਇਹ ਵੀ ਮੰਗ ਕੀਤੀ ਹੈ ਕਿ ਰਾਜ ਨੂੰ ਖੁੱਲ੍ਹੇ-ਦਿਲ ਨਾਲ ਮਾਲੀ ਸਹਾਇਤਾ ਦਿਤੀ ਜਾਵੇ ਅਤੇ ਕਰਜ਼ੇ ਮੁਆਫ ਕਰ ਦਿੱਤੇ ਜਾਣ।

ਮੁਖ ਮੰਤਰੀ ਨੇ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਇਹ ਵੀ ਸਪਸ਼ਟ ਕੀਤਾ ਕਿ "ਸਹੀ ਅਰਥਾਂ ਵਿਚ" ਪੰਜਾਬ ਸਮਝੌਤੇ ਉਪਰ ਅਮਲ, ਸਿਆਸੀ ਤੌਰ 'ਤੇ ਮਸਲਾ ਹੱਲ ਕਰਨ ਪ੍ਰਤੀ ਪਹਿਲਾ ਕਦਮ ਹੋਵੇਗਾ। ਸਮਝੌਤਾ ਲਾਗੂ ਕਰਨ ਵਿਚ ਹੋਰ ਦੇਰੀ ਬਿਲਕੁਲ ਨਹੀਂ ਹੋਣੀ ਚਾਹੀਦੀ। ਰਾਜ ਸਰਕਾਰ ਦੇ ਨੇੜਲੇ ਹਲਕਿਆਂ ਨੇ ਦਾਅਵਾ ਕੀਤਾ ਕਿ ਪੰਜਾਬ ਸਮਝੌਤਾ ਲਾਗੂ ਕਰਾਉਣ ਦੇ ਵਿਸ਼ੇ ਉਪਰ ਪੰਜਾਬ ਸਰਕਾਰ ਵਿਰੋਧੀ ਧਿਰ ਦੇ ਨੇਤਾਵਾਂ ਦੀ ਹਮਾਇਤ ਹਾਸਲ ਕਰਨ ਵਿਚ ਸਫਲ ਹੋ ਗਈ ਹੈ। ਪਤਾ ਲੱਗਿਆ ਹੈ ਕਿ ਰਾਜ ਸਰਕਾਰ ਨੇ ਭਾਰਤ-ਪਾਕਿਸਤਾਨ ਸਰਹੱਦ ਉਪਰ "ਝੂਠੇ" ਮੁਕਾਬਲਿਆਂ ਵਿਚ ਸਿਖ ਯੁਵਕਾਂ ਨੂੰ ਮਾਰੇ ਜਾਣ ਉਪਰ ਚਿੰਤਾ ਪ੍ਰਗਟ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਇਹ ਮੁਕਾਬਲੇ ਤੁਰੰਤ ਬੰਦ ਕੀਤੇ ਜਾਣ।

ਮੁਖ ਮੰਤਰੀ ਅਤੇ ਵਿੱਤ ਮੰਤਰੀ ਸ. ਬਲਵੰਤ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਰਾਜਸਥਾਨ ਅਤੇ ਨੇਪਾਲ ਨਾਲ ਲਗਦੀਆਂ ਸਰਹੱਦਾਂ ਉਪਰ ਘੁਸਪੈਠ ਪੰਜਾਬ ਵਲੋਂ ਕਿਧਰੇ ਵਧੇਰੇ ਹੈ। ਉਥੇ ਅਜਿਹੇ ਮੁਕਾਬਲੇ ਕਿਉਂ ਨਹੀਂ ਹੁੰਦੇ। ਇਨ੍ਹਾਂ ਸੁਝਾਅ ਦਿੱਤਾ ਹੈ ਕਿ ਸਰਹੱਦ ਉਪਰ ਸਿਖ ਯੁਵਕਾਂ ਨੂੰ ਅਜਿਹਾ ਲਾਂਘਾ ਦਿਤਾ ਜਾਵੇ ਜਿਥੋਂ ਆ ਕੇ ਉਹ ਆਤਮ ਸਮਰਪਣ ਕਰ ਸਕਣ ਅਤੇ ਉਨ੍ਹਾਂ ਨੂੰ ਯਕੀਨ ਹੋਵੇ ਕਿ ਉਨ੍ਹਾਂ ਦੀ ਹੱਤਿਆ ਨਹੀਂ ਹੋਵੇਗੀ।

# ਰੋਪੜ 'ਚ ਮਜ਼ਦੂਰਾਂ - ਮੁਲਾਜ਼ਮਾਂ ਵਲੋਂ ਅਮਨ ਮਾਰਚ ਤੇ ਰੈਲੀ

ਰੋਪੜ — ਕੁਲ ਹਿੰਦ ਟਰੇਡ ਯੂਨੀਅਨ ਕਾਂਗਰਸ (ਏਟਕ) ਜ਼ਿਲਾ ਰੋਪੜ ਵਲੋਂ ਇਥੇ ਵਿਸ਼ਾਲ ਅਮਨ ਮਾਰਚ ਕੀਤਾ ਗਿਆ ਜਿਸ ਵਿਚ ਜ਼ਿਲੇ ਭਰ ਤੋਂ ਵੱਖ ਵੱਖ ਜਥੇਬੰਦੀਆਂ ਦੇ ਪੰਜ ਹਜ਼ਾਰ ਤੋਂ ਵੱਧ ਕਿਰਤੀ ਕਾਮੇ ਕਰਮਚਾਰੀ ਸ਼ਾਮਲ ਹੋਏ। ਇਨ੍ਹਾਂ ਵਿਚ ਇਸਤਰੀਆਂ ਵੀ ਸ਼ਾਮਲ ਸਨ। ਇਸ ਮਾਰਚ ਦੀ ਅਗਵਾਈ ਪਿਆਰਾ ਸਿੰਘ ਦਿਓਸੀ ਪ੍ਰਧਾਨ, ਮਦਨ ਲਾਲ ਦੀਦੀ ਜਨਰਲ ਸਕੱਤਰ ਪੰਜਾਬ ਟਰੇਡ ਯੂਨੀਅਨ ਕਾਂਗਰਸ, ਕਾਮਰੇਡ ਸਤਪਾਲ ਡਾਂਗ, ਬਾਬਾ ਕਰਤਾਰ ਸਿੰਘ, ਮਹਿੰਗਾ ਰਾਮ ਪ੍ਰਧਾਨ, ਹਰਪਾਲ ਸਿੰਘ ਜਨਰਲ ਸਕੱਤਰ ਜ਼ਿਲਾ ਏਟਕ ਆਦਿ ਕਰ ਰਹੇ ਸਨ। ਅਮਨ-ਏਕਤਾ ਦੇ ਅਤੇ ਆਪਣੀਆਂ ਆਪਣੀਆਂ ਯੂਨੀਅਨਾਂ ਦੇ ਬੈਨਰ ਚੁਕੀ ਇਹ ਜਲੂਸ ਨਾਅਰੇ ਲਾਉਂਦਾ ਹੋਇਆ ਬਜ਼ਾਰ ਵਿਚੋਂ ਲੰਘਿਆ ਤੇ ਜ਼ਿਲਾ ਸਕੱਤਰੇਤ ਪੁਜਿਆ ਜਿਥੇ ਇਕ ਰੈਲੀ ਕੀਤੀ ਗਈ। ਰੈਲੀ ਨੂੰ ਕਾਮਰੇਡ ਸਤਪਾਲ ਡਾਂਗ, ਮਦਨ ਲਾਲ ਦੀਦੀ, ਅਜੀਤ ਸਿੰਘ ਬਾਗੜੀ, ਪਿਆਰਾ ਸਿੰਘ ਦਿਓਸੀ, ਮਹਿੰਗਾ ਰਾਮ, ਹਰਪਾਲ ਸਿੰਘ, ਬੰਤ ਸਿੰਘ ਬਰਾੜ, ਡਾਕਟਰ ਜੋਗਿੰਦਰ ਦਿਆਲ ਆਦਿ ਨੇ ਸੰਬੋਧਨ ਕੀਤਾ।

ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਡਾਂਗ ਨੇ ਕਿਹਾ ਕਿ ਅਮਨ ਤੇ ਏਕਤਾ ਮਜ਼ਦੂਰ ਲਈ ਅਤੀ ਜ਼ਰੂਰੀ ਹੈ ਕਿਉਂਕਿ ਮਜ਼੍ਹਬ ਤੇ ਧਰਮ ਦੇ ਨਾਂ 'ਤੇ ਪਾੜਾ ਮਜ਼ਦੂਰ ਦੀ ਲੜਾਈ ਨੂੰ ਕਮਜ਼ੋਰ ਕਰਦਾ ਹੈ। ਉਨ੍ਹਾਂ ਨੇ ਮਜ਼ਦੂਰਾਂ, ਕਿਰਤੀਆਂ ਤੇ ਕਰਮਚਾਰੀਆਂ ਨੂੰ ਕਿਹਾ ਕਿ ਉਹ ਪ੍ਰਣ ਕਰਨ ਕਿ ਉਹ ਫਿਰਕੂ ਏਕਤਾ ਦੀ ਮਜ਼ਬੂਤੀ ਲਈ ਕੰਮ ਕਰਨਗੇ ਤੇ ਫੁੱਟ ਪਾਊ ਸ਼ਕਤੀਆਂ ਦੀਆਂ ਚਾਲਾਂ ਫੇਲ੍ਹ ਕਰਨਗੇ। ਉਨ੍ਹਾਂ ਐਲਾਨ ਕੀਤਾ ਕਿ ਪੰਜਾਬ ਦੀ ਮਜ਼ਦੂਰ ਜਮਾਤ ਪੰਜਾਬੀਆਂ ਦੇ ਏਕੇ ਨੂੰ ਟੁੱਟਣ ਨਹੀਂ ਦੇਵੇਗੀ। ਪਿਆਰਾ ਸਿੰਘ ਦਿਓਸੀ ਨੇ ਆਪਣੀ ਤਕਰੀਰ ਵਿਚ ਕਿਹਾ ਕਿ ਅਤਿਵਾਦ ਦੇ ਖਾਤਮੇ ਲਈ ਪੰਜਾਬ ਸਮਝੌਤੇ ਨੂੰ ਲਾਗੂ ਕਰਨਾ ਜ਼ਰੂਰੀ ਹੈ। ਉਨ੍ਹਾਂ ਮੁਖ ਮੰਤਰੀ ਨੂੰ ਕਿਹਾ ਕਿ ਉਹ ਆਪਣੀ ਵਜ਼ਾਰਤ ਤੇ ਪਾਰਟੀ ਵਿਚ ਅਤਿਵਾਦੀਆਂ ਦੇ ਸਮਰਥਕਾਂ ਦੀ ਸਫਾਈ ਕਰਨ। ਮਦਨ ਲਾਲ ਦੀਦੀ ਨੇ ਕਿਹਾ ਕਿ ਪੰਜਾਬ ਵਿਚ ਹਿੰਦੂਆਂ ਤੇ ਪੰਜਾਬੋਂ ਬਾਹਰ ਮਾਸੂਮ ਸਿੱਖਾਂ ਦਾ ਖ਼ੂਨ ਕਰਨ ਵਾਲੇ ਧਰਮੀ ਨਹੀਂ ਸਗੋਂ ਇਨਸਾਨੀਅਤ ਦੇ ਦੁਸ਼ਮਣ ਹਨ। ਅਜੀਤ ਸਿੰਘ ਬਾਗੜੀ, ਡਾਕਟਰ ਜੋਗਿੰਦਰ ਦਿਆਲ ਤੇ ਬੰਤ ਸਿੰਘ ਬਰਾੜ ਨੇ ਮਜ਼ਦੂਰ ਤੇ ਕਰਮਚਾਰੀਆਂ ਨੂੰ ਵਿਸ਼ਾਲ ਅਮਨ ਮਾਰਚ ਲਈ ਵਧਾਈ ਦਿਤੀ। ਹਰਪਾਲ ਸਿੰਘ ਨੇ ਐਲਾਨ ਕੀਤਾ ਕਿ ਪੰਜ ਦਸੰਬਰ ਨੂੰ ਘੱਟੋ ਘੱਟ ਉਜਰਤਾਂ ਦੇ ਸਵਾਲ 'ਤੇ ਪ੍ਰਸਤਾਵਤ ਹੜਤਾਲ ਵਿਚ ਜ਼ਿਲੇ ਭਰ ਦੇ ਕਿਰਤੀ ਸ਼ਾਮਲ ਹੋਣ।

ਰੈਲੀ ਨੇ ਵੱਖ ਵੱਖ ਮੰਗਾਂ ਬਾਰੇ ਇਕ ਮਤਾ ਪਾਸ ਕੀਤਾ। ਟਰਾਂਸਪੋਰਟ ਦਾ ਪ੍ਰਸਤਾਵਤ ਵਾਧਾ ਵਾਪਸ ਲੈਣ ਦੀ ਵੀ ਮੰਗ ਕੀਤੀ ਗਈ।

# ਫਿਰਕਾਪ੍ਰਸਤੀ ਭਾਰਤ ਵਿਚ ਕੈਂਸਰ ਵਾਂਗ ਫੈਲ ਰਹੀ ਹੈ

ਕਲਕੱਤਾ — ਕਲਕੱਤੇ ਵਿਚ "ਫਿਰਕਾਪ੍ਰਸਤੀ ਅਤੇ ਅਨੇਕਤਾ ਨੂੰ ਖਤਰਾ" ਬਾਰੇ ਇਕ ਕਨਵੈਨਸ਼ਨ ਹੋਈ ਜੋ ਤਿੰਨ ਦਿਨ ਚੱਲੀ ਅਤੇ ਇਸ ਵਿਚ ਦੇਸ਼ ਦੇ ਵੱਖ ਵੱਖ ਖੇਤਰਾਂ, ਕੌਮੀਅਤਾਂ, ਧਾਰਮਿਕ ਤੇ ਭਾਸ਼ਾਈ ਘੱਟ ਗਿਣਤੀਆਂ ਤੇ ਕਬਾਇਲੀ ਪ੍ਰਤੀਨਿਧਾਂ ਨੇ ਭਾਗ ਲਿਆ। ਇਸ ਵਿਚ ਬੁਲਾਰਿਆਂ ਨੇ ਭਾਰਤ ਦੀ ਸਿਆਸੀ ਜ਼ਿੰਦਗੀ ਅੰਦਰ ਕੈਂਸਰ ਵਾਂਗ ਫੈਲ ਰਹੀ ਫਿਰਕਾਪ੍ਰਸਤੀ ਦੀ ਸਮੱਸਿਆ ਤੇ ਵੱਖ ਵੱਖ ਖੇਤਰੀ ਧਾਰਮਿਕ ਅਤੇ ਕੌਮੀ ਸ਼ਨਾਖਤਾਂ ਨੂੰ ਪੈਦਾ ਹੋ ਰਹੇ ਖਤਰੇ ਬਾਰੇ ਵਿਚਾਰ ਰੱਖੇ। ਸਭਨਾਂ ਬੁਲਾਰਿਆਂ ਨੇ ਭਾਰਤ ਦੇ ਹਾਕਮਾਂ ਵਲੋਂ 'ਦੇਸ਼ ਦੀ ਏਕਤਾ' ਨੂੰ ਖ਼ਤਰੇ ਦੀ ਦੁਹਾਈ ਦੇ ਨਾਂ ਹੇਠ ਵੱਖ ਵੱਖ ਖੇਤਰੀ ਲਹਿਰਾਂ ਤੇ ਕੌਮੀ ਉਭਾਰਾਂ ਨੂੰ ਕੁਚਲਣ ਅਤੇ ਸਮਾਜ ਦੇ ਲਤਾੜੇ ਤੇ ਗਰੀਬ ਵਰਗਾਂ ਉਤੇ ਜਬਰ ਢਾਹੁਣ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਕੀਤੀ ਅਤੇ ਕਿਹਾ ਗਿਆ ਕਿ ਖੇਤਰੀ, ਕੌਮੀ ਤੇ ਧਾਰਮਿਕ ਵਖਰੇਵਿਆਂ ਉਤੇ 'ਹਿੰਦੂਵਾਦ' ਦਾ 'ਸੁਹਾਗਾ' ਫੇਰ ਕੇ ਇਕ ਇਕਹਿਰੀ ਭਾਰਤੀ ਕੌਮ ਸਿਰਜਣ ਦੇ ਮਨਸੂਬੇ ਪਾਲੇ ਜਾ ਰਹੇ ਹਨ। ਭਾਰਤੀ ਹਾਕਮਾਂ ਦੀ ਇਸ ਫਿਰਕੂ ਅਤੇ ਧੱਕੜ ਨੀਤੀ ਵਿਰੁੱਧ ਆਵਾਜ਼ ਉਠਾਉਣ ਵਾਲੇ ਹਰੇਕ ਵਿਅਕਤੀ ਅਤੇ ਸੰਸਥਾ ਉਪਰ ਕੌਮ ਵਿਰੋਧੀ ਹੋਣ ਦਾ ਦੋਸ਼ ਲਾ ਕੇ ਉਸ ਨੂੰ ਦੇਸ਼ ਭਰ ਵਿਚ ਬਦਨਾਮ ਕਰਨ ਦੇ ਯਤਨ ਕੀਤੇ ਜਾਂਦੇ ਹਨ।

ਇਸ ਕਨਵੈਨਸ਼ਨ ਵਿਚ ਤਿੰਨੇ ਦਿਨ ਪੰਜਾਬ ਦਾ ਮਸਲਾ ਲਗਾਤਾਰ ਬਹਿਸ ਦਾ ਵਿਸ਼ਾ ਬਣਿਆ ਰਿਹਾ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪ੍ਰੋ: ਪ੍ਰੀਤਮ ਸਿੰਘ ਨੇ 'ਸਿਖ ਸਮੱਸਿਆ ਤੇ ਪੰਜਾਬ ਮਸਲਾ' ਬਾਰੇ ਇਕ ਖੋਜ ਭਰਪੂਰ ਪੇਪਰ ਪੜ੍ਹਿਆ ਜਿਸ ਵਿਚ ਦਰਸਾਇਆ ਗਿਆ ਕਿ ਪੰਜਾਬ ਅੰਦਰ ਲਗਭਗ ਪੰਜ ਸਾਲਾਂ ਤੋਂ ਜਾਰੀ ਸਿਆਸੀ ਉਥਲ ਪੁਥਲ ਦਾ ਬੁਨਿਆਦੀ ਕਾਰਨ ਪੰਜਾਬੀ ਲੋਕਾਂ ਅੰਦਰ ਤਿੱਖੀ ਹੋ ਰਹੀ ਕੌਮੀ ਚੇਤਨਾ ਹੈ ਅਤੇ ਜ਼ੋਰ ਫੜ ਰਹੀ ਆਜ਼ਾਦੀ ਦੀ ਰੀਝ ਹੈ ਪਰ ਹਾਕਮ ਇਸ ਨੂੰ ਕੁਚਲਣ ਉਤੇ ਲੱਗੇ ਹਨ। ਪੰਜਾਬ ਦਾ ਮਸਲਾ ਤੱਤ ਰੂਪ ਵਿਚ ਸਿੱਖਾਂ ਦੀ ਵੱਖਰੀ ਧਾਰਮਿਕ ਤੇ ਸਭਿਆਚਾਰਕ ਪਹਿਚਾਣ ਦੀ ਰਾਖੀ ਅਤੇ ਪੰਜਾਬੀ ਕੌਮ ਦੀਆਂ ਬੁਨਿਆਦੀ ਆਰਥਿਕ, ਸਭਿਆਚਾਰਕ ਤੇ ਸਿਆਸੀ ਮੰਗਾਂ ਦੀ ਪੂਰਤੀ ਦਾ ਮਸਲਾ ਹੈ। ਜਿੰਨਾ ਚਿਰ ਦੇਸ਼ ਵਿਚ ਅਜਿਹਾ ਸਿਆਸੀ ਪ੍ਰਬੰਧ ਕਾਇਮ ਨਹੀਂ ਕੀਤਾ ਜਾਂਦਾ ਜਿਸ ਵਿਚ ਸਿਖ ਆਪਣੀ ਵੱਖਰੀ ਧਾਰਮਿਕ ਅਤੇ ਸਭਿਆਚਾਰਕ ਸ਼ਖਸੀਅਤ ਬਰਕਰਾਰ ਰੱਖ ਸਕਣ ਓਨਾ ਚਿਰ ਪੰਜਾਬ ਵਿਚ ਸ਼ਾਂਤੀ ਨਹੀਂ ਹੋ ਸਕਦੀ। ਉਨ੍ਹਾਂ ਕਿਹਾ ਕਿ ਕੌਮੀ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਇਸ ਜਬਰ ਵਿਰੁਧ ਇਕ ਜੁੱਟ ਹੋ ਕੇ ਸੰਘਰਸ਼ ਕਰਨਾ ਚਾਹੀਦਾ ਹੈ। ਦਲਿਤ ਵਾਇਸ ਦੇ ਸੰਪਾਦਕ ਨੇ ਸਟੇਜ ਉਤੇ ਹੀ ਐਲਾਨ ਕੀਤਾ ਕਿ ਭਾਰਤ ਭਰ ਦੇ ਦਲਿਤ ਆਪਣੇ ਹੱਕਾਂ ਲਈ ਜੂਝ ਰਹੇ ਸਿਖ ਭਾਈਚਾਰੇ ਦੀ ਡਟਵੀਂ ਹਮਾਇਤ ਕਰਨਗੇ।

ਪੰਜਾਬ ਤੋਂ ਹੀ ਡਾਕਟਰ ਜੀਵਨਜੋਤ ਕੌਰ ਨੇ ਪੰਜਾਬ ਮਸਲੇ ਬਾਰੇ ਬੋਲਦਿਆਂ ਕਿਹਾ ਕਿ ਜਿੰਨਾ ਚਿਰ ਹਕੂਮਤੀ ਦਹਿਸ਼ਤਵਾਦ ਨੂੰ ਪੂਰੀ ਤਰ੍ਹਾਂ ਖਤਮ ਨਹੀਂ ਕੀਤਾ ਜਾਂਦਾ ਅਤੇ ਪੰਜਾਬ ਦੀਆਂ ਜਾਇਜ਼ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਓਨਾ ਚਿਰ ਵਿਅਕਤੀ ਦਹਿਸ਼ਤਵਾਦ ਖਤਮ ਹੋਣ ਦੀ ਆਸ ਨਹੀਂ ਕੀਤੀ ਜਾਣੀ ਚਾਹੀਦੀ। ਉਨ੍ਹਾਂ ਦੱਸਿਆ ਕਿ ਪਿਛਲੇ ਦਿਨੀਂ ਉਨ੍ਹਾਂ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲਿਆਂ ਦਾ ਦੌਰਾ ਕਰਕੇ ਵੇਖਿਆ ਹੈ ਕਿ ਉਥੇ ਹਰੇਕ ਘਰ ਅਤੇ ਹਰ ਪਰਿਵਾਰ ਹਕੂਮਤੀ ਤਸ਼ੱਦਦ ਦਾ ਸ਼ਿਕਾਰ ਹੈ। ਇਸ ਨਾਲ ਨੌਜਵਾਨ ਤਸ਼ੱਦਦ ਦਾ ਰਾਹ ਅਖਤਿਆਰ ਕਰ ਰਹੇ ਹਨ। ਉਨ੍ਹਾਂ ਅਪੀਲ ਕੀਤੀ ਕਿ ਉਹ "ਗੈਰ ਜਮਹੂਰੀ ਸਿਆਸੀ ਵਿਵਸਥਾ ਦੀ ਥਾਂ ਇਕ ਜਮਹੂਰੀ ਸਿਆਸੀ ਢਾਂਚੇ ਦੀ ਸਿਰਜਣਾ ਕਰਨ ਜਿਸ ਅੰਦਰ ਹਰ ਕੌਮੀਅਤ ਨੂੰ ਆਪਣੀ ਹੋਣੀ ਤਹਿ ਕਰਨ ਦਾ ਸੁਤੰਤਰ ਹੱਕ ਹੋਵੇ।"

ਪੰਜਾਬ ਅੰਦਰ ਚਲਦੀ ਸਿਖ ਜਦੋਜਹਿਦ, ਗੋਰਖਾਲੈਂਡ, ਝਾਰਖੰਡ, ਕਸ਼ਮੀਰ, ਉਤਰਖੰਡ ਆਦਿ ਖੇਤਰੀ ਲਹਿਰਾਂ ਨੂੰ ਸਰਕਾਰ ਵਲੋਂ ਕੁਚਲਣ ਦੀ ਨੀਤੀ ਦੀ ਸਭ ਨੇ ਆਲੋਚਨਾ ਕੀਤੀ। ਪ੍ਰੋ. ਰਜਨੀ ਕੁਠਾਰੀ ਨੇ ਰੋਹ ਭਰੇ ਅੰਦਾਜ਼ ਵਿਚ ਕਿਹਾ ਕਿ ਜਦੋਂ ਕੁਰਸੀਆਂ ਉਤੇ ਬਿਰਾਜਮਾਨ ਹਾਕਮਾਂ ਨੇ ਸਾਰੇ ਸਿਆਸੀ ਰਾਹ ਬੰਦ ਕਰ ਦਿੱਤੇ ਤਾਂ ਹੱਕਾਂ ਦੀ ਆਵਾਜ਼ ਉਚੀ ਕਰਨ ਵਾਲੇ ਨੌਜਵਾਨਾਂ ਪਾਸ ਤਸ਼ੱਦਦ ਤੋਂ ਬਿਨਾਂ ਕੋਈ ਰਾਹ ਬਾਕੀ ਨਹੀਂ ਰਹਿੰਦਾ।


ਜਗਦੀਸ਼ ਸਿੰਘ ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ:—

- ਘਰ ਜਾਂ ਜ਼ਮੀਨ ਖ਼ਰੀਦਣ, ਵੇਚਣ ਲਈ ਜਾਂ ਮੋਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

Off. 324-6727
Res. 324-4160

#201 - 2001 East 36th Ave. [at victoria]
Vancouver, B.C. V5P 1C9

# ਮਿਸ਼ਰਾ ਕਮਿਸ਼ਨ ਦੀ ਰਿਪੋਰਟ ਨੂੰ ਦਬਾਉਣਾ ਦੇਸ਼ ਦੇ ਹਿੱਤਾਂ ਲਈ ਖਤਰਨਾਕ ਹੋਵੇਗਾ

—ਰਿਤੂ ਸਰੀਨ—



ਰੰਗ ਨਾਥ ਪੜਤਾਲੀਆ ਕਮਿਸ਼ਨ ਦੀ ਰਿਪੋਰਟ ਜਨਤਾ ਤੱਕ ਨਾ ਪਹੁੰਚਣ ਦੇਣ ਦੇ ਸਰਕਾਰੀ ਫੈਸਲੇ ਤੋਂ ਪੈਦਾ ਹੋਈ ਸਥਿਤੀ ਕਿੰਨੀ ਖਤਰਨਾਕ ਸਾਬਤ ਹੋ ਸਕਦੀ ਹੈ, ਇਸ ਦਾ ਅਹਿਸਾਸ ਰਾਜੀਵ ਗਾਂਧੀ ਤੇ ਹਮਲਾ ਕਰਨ ਵਾਲੇ ਕਰਮਜੀਤ ਸਿੰਘ ਤੋਂ ਕੀਤੀ ਗਈ ਪੁੱਛਗਿਛ ਤੋਂ ਹੁੰਦਾ ਹੈ। ਇਥੇ ਇਹ ਗੱਲ ਵਰਨਣਯੋਗ ਹੈ ਕਿ ਸਰਕਾਰ ਨੇ ਰੰਗ ਨਾਥ ਜਾਂਚ ਕਮਿਸ਼ਨ ਦੀ ਕਾਇਮੀ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਪਿਛੋਂ ਨਵੰਬਰ 84 ਵਿਚ ਹੋਏ ਫਿਰਕੂ ਦੰਗਿਆਂ ਦੀ ਜਾਂਚ ਲਈ ਕੀਤੀ ਸੀ। ਰੰਗ ਨਾਥ ਕਮਿਸ਼ਨ ਦੀ ਰਿਪੋਰਟ ਨੂੰ 'ਰਾਸ਼ਟਰ ਹਿਤ' ਵਿਚ ਪ੍ਰਕਾਸ਼ਤ ਨਾ ਕਰਨ ਦੇ ਸਰਕਾਰੀ ਫੈਸਲੇ ਨਾਲ ਆਜ਼ਾਦੀ ਪਿਛੋਂ ਦੇ ਸ਼ਾਇਦ ਸਭ ਤੋਂ ਭਿਆਨਕ ਦੰਗਿਆਂ ਦੇ ਜ਼ਿੰਮੇਵਾਰ ਆਦਮੀਆਂ ਦੇ ਸਾਫ ਬਚ ਨਿਕਲਣ ਦੀ ਸੰਭਾਵਨਾ ਵਧੇਰੇ ਹੋ ਗਈ ਹੈ।

ਦੋ ਅਕਤੂਬਰ ਨੂੰ ਰਾਜ ਘਾਟ 'ਤੇ ਰਾਜੀਵ ਗਾਂਧੀ ਨੂੰ ਕਤਲ ਕਰਨ ਦੀ ਕੋਸ਼ਿਸ਼ ਕਰਨ ਵਾਲੇ ਸੰਗਰੂਰ ਵਾਸੀ ਕਰਮਜੀਤ ਸਿੰਘ ਨੇ ਜਾਂਚ ਅਧਿਕਾਰੀਆਂ ਸਾਹਮਣੇ ਇਹ ਮੰਨਿਆ ਹੈ ਕਿ ਦਿੱਲੀ ਵਿਚ ਨਵੰਬਰ ਵਿਚ ਹੋਏ ਦੰਗਿਆਂ ਵਿਚ ਮਾਰੇ ਗਏ ਆਪਣੇ ਦੋਸਤ ਦੀ ਮੌਤ ਦਾ ਬਦਲਾ ਲੈਣ ਲਈ ਹੀ ਉਸ ਨੇ ਰਾਜੀਵ ਗਾਂਧੀ ਦੀ ਜਾਨ ਲੈਣੀ ਚਾਹੀ ਸੀ। ਇਸ ਬਿਆਨ ਤੋਂ ਉਨ੍ਹਾਂ ਲੋਕਾਂ ਦੀ ਮਾਨਸਿਕ ਹਾਲਤ ਦਾ ਪਤਾ ਲਗਦਾ ਹੈ . ਜਿਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਨੂੰ ਹਿੰਸਾ ਤੇ ਲੁਟ-ਖਸੁਟ ਕਰਦੀ ਭੀੜ ਨੇ ਉਨ੍ਹਾਂ ਦੇ ਸਾਹਮਣੇ ਬੇਕਿਰਕ ਤਰੀਕਿਆਂ ਨਾਲ ਮੌਤ ਦੇ ਘਾਟ ਉਤਾਰ ਦਿਤਾ ਸੀ। ਕੀ ਇਹ ਲੋਕ ਇਸ ਭੀੜ ਦੀ ਅਗਵਾਈ ਕਰਦੇ ਚੇਹਰਿਆਂ ਜਾਂ ਉਨ੍ਹਾਂ ਲਾਪਰਵਾਹ ਪੁਲਸ ਅਧਿਕਾਰੀਆਂ ਦੇ ਚਿਹਰੇ ਭੁੱਲ ਸਕਣਗੇ ਜਿਨ੍ਹਾਂ ਦੀ ਹਾਜ਼ਰੀ ਵਿਚ ਮੌਤਾਂ ਹੋਈਆਂ ਸਨ? ਇਨ੍ਹਾਂ ਲੋਕਾਂ ਨੂੰ ਇਨਸਾਫ ਮਿਲਣ ਦੀ ਇਕ ਉਮੀਦ ਰੰਗ ਨਾਥ ਕਮਿਸ਼ਨ ਤੋਂ ਸੀ। ਉਨ੍ਹਾਂ ਨੂੰ ਪੂਰਾ ਵਿਸ਼ਵਾਸ਼ ਸੀ ਕਿ ਜਾਂਚ ਕਮਿਸ਼ਨ ਦੀ ਰਿਪੋਰਟ ਆਉਣ ਨਾਲ ਉਹ ਲੋਕ ਬੇਨਕਾਬ ਹੋਣਗੇ ਜਿਨ੍ਹਾਂ ਦੇ ਹੱਥ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਦੇ ਖੂਨ ਨਾਲ ਰੰਗੇ ਹੋਏ ਹਨ। ਕਰਮਜੀਤ ਸਿੰਘ ਇਸੇ ਟੁੱਟੇ ਵਿਸ਼ਵਾਸ਼ ਦਾ ਸਬੂਤ ਸੀ ਪਤਾ ਨਹੀਂ ਇਨ੍ਹਾਂ ਲੋਕਾਂ ਵਿਚ ਕਿੰਨੇ ਕਰਮਜੀਤ ਸਿੰਘ ਆਪਣੇ ਦਿਲਾਂ ਵਿਚ ਨਫਰਤ ਦੀ ਸੁਲਗਦੀ ਅੱਗ ਲਈ ਬਦਲੇ ਦੀ ਉਡੀਕ ਵਿਚ ਬੈਠੇ ਹਨ।

ਅੱਜ ਰੰਗ ਨਾਥ ਕਮਿਸ਼ਨ ਦੀ 289 ਸਫੇ ਦੀ ਰਿਪੋਰਟ ਸਰਕਾਰ ਕੋਲ ਹੈ ਪਰ ਸਰਕਾਰ ਸ਼ਾਇਦ ਹੀ ਦੋਸ਼ੀਆਂ ਦੇ ਨਾਂ ਸਾਹਮਣੇ ਲਿਆਵੇ ਕਿਉਂਕਿ ਜਾਂਚ ਕਮਿਸ਼ਨ ਸੰਬੰਧੀ ਕਾਨੂੰਨ ਵਿਚ ਸੋਧ ਕਰਕੇ ਸਰਕਾਰ ਨੇ ਨਵੇਂ ਅਧਿਕਾਰ ਪ੍ਰਾਪਤ ਕਰ ਲਏ ਹਨ, ਜਿਸ ਤਹਿਤ ਉਹ ਕਿਸੇ ਕਮਿਸ਼ਨ ਦੀ ਰਿਪੋਰਟ 'ਜਨ ਹਿਤ' ਦਾ ਬਹਾਨਾ ਲਾ ਕੇ ਰੋਕ ਸਕਦੀ ਹੈ। ਰੰਗ ਨਾਥ ਕਮਿਸ਼ਨ ਦੀ ਰਿਪੋਰਟ ਅਜਿਹੀ ਦੂਸਰੀ ਰਿਪੋਰਟ ਹੈ ਜਿਸ ਨੂੰ ਸਰਕਾਰ ਨੇ ਇਸ ਆਰਡੀਨੈਂਸ ਦੀ ਵਰਤੋਂ ਕਰਕੇ ਰੋਕ ਲਿਆ ਹੈ। ਸਰਕਾਰ ਦੇ ਇਸ ਕਦਮ ਨਾਲ, ਇਹ ਆਮ ਧਾਰਨਾ ਕਿ ਨਵੰਬਰ ਦੇ ਦੰਗੇ ਇੰਕਾ ਨੇਤਾਵਾਂ ਦੀ ਸ਼ਹਿ ਤੇ ਹੋਏ ਸਨ, ਦੀ ਸਚਾਈ ਦਾ ਪਤਾ ਲਗਾਉਣ ਦਾ ਕੋਈ ਰਸਤਾ ਨਹੀਂ ਬਚਿਆ ਹੈ।

ਹੁਣ ਜੇਕਰ ਸਰਕਾਰ ਸੁਪਰੀਮ ਕੋਰਟ ਦੇ ਜੱਜ ਰੰਗ ਨਾਥ ਮਿਸ਼ਰਾ ਦੇ ਸਿਟਿਆਂ ਨੂੰ ਪ੍ਰਕਾਸ਼ਤ ਨਹੀਂ ਕਰਦੀ ਤਾਂ ਉਸ ਦਾ ਸਿੱਧਾ ਅਸਰ ਜਨਤਾ ਦੇ ਜਾਣਕਾਰੀ ਪ੍ਰਾਪਤ ਕਰਨ ਦੇ ਸੰਵਿਧਾਨਕ ਹੱਕ 'ਤੇ ਪਵੇਗਾ। ਸੁਪਰੀਮ ਕੋਰਟ ਦੇ ਹਾਲ ਹੀ ਦੇ ਫੈਸਲੇ ਅਨੁਸਾਰ ਜਾਣਕਾਰੀ ਪ੍ਰਾਪਤ ਕਰਨ ਦਾ ਹੱਕ ਭਾਰਤੀ ਸੰਵਿਧਾਨ ਦੀ ਧਾਰਾ 19 ਦੇ ਤਹਿਤ ਸੁਰੱਖਿਅਤ ਹੈ।

ਹੁਣ ਸਰਕਾਰ ਰੰਗ ਨਾਥ ਕਮਿਸ਼ਨ ਦੀ ਰਿਪੋਰਟ ਪ੍ਰਕਾਸ਼ਤ ਨਾ ਕਰਨ ਲਈ ਜਾਂਚ ਕਮਿਸ਼ਨ ਦੀ ਸੋਧੇ ਹੋਏ ਉਪ ਨਿਯਮ ਦੀ ਆੜ ਨਹੀਂ ਲੈ ਸਕਦੀ, ਕਿਉਂਕਿ ਜਿਸ ਕਮਿਸ਼ਨ ਦੀ ਰਿਪੋਰਟ ਦੇ ਪ੍ਰਕਾਸ਼ਨ ਨੂੰ ਰੋਕਣ ਲਈ ਉਸ ਨੇ ਕਾਨੂੰਨ ਵਿਚ ਸੋਧ ਕੀਤੀ ਸੀ, ਉਸ ਵਿਚ ਯਾਨੀ ਕਿ ਠੱਕਰ ਕਮਿਸ਼ਨ ਅਤੇ ਰੰਗ ਨਾਥ ਕਮਿਸ਼ਨ ਵਿਚ ਬੜਾ ਫਰਕ ਹੈ।

ਦਰਅਸਲ, ਠੱਕਰ ਕਮਿਸ਼ਨ ਦੀ ਰਿਪੋਰਟ ਰੋਕਣ ਦੀ ਗੱਲ ਤਾਂ ਸਮਝ ਆਉਂਦੀ ਹੈ ਕਿਉਂਕਿ ਇਸ ਕਮਿਸ਼ਨ ਨੇ ਇੰਦਰਾ ਗਾਂਧੀ ਦੇ ਸੁਰੱਖਿਆ ਪ੍ਰਬੰਧਾਂ ਵਿਚ ਕਮੀਆਂ ਅਤੇ ਸਬੰਧਤ ਪੱਖਾਂ ਦੀ ਪੜਤਾਲ ਕੀਤੀ ਸੀ। ਇਸ ਲਈ ਇਸ ਰਿਪੋਰਟ ਦੇ ਕੁਝ ਅੰਸ਼ਾਂ ਦਾ ਸਿਧਾ ਸਬੰਧ ਦੇਸ਼ ਦੀ ਅੰਦਰੂਨੀ ਸੁਰੱਖਿਆ ਨਾਲ ਹੋ ਸਕਦਾ ਹੈ। ਪਰ ਰੰਗ ਨਾਥ ਕਮਿਸ਼ਨ ਦੇ ਮਾਮਲੇ ਵਿਚ ਅਜਿਹਾ ਨਹੀਂ ਹੈ ਕਿਉਂਕਿ ਇਸ ਦੀ ਕਾਇਮੀ ਦੰਗਿਆਂ ਦੀ ਜਾਂਚ ਲਈ ਹੋਈ ਸੀ। ਇਸ ਲਈ ਇਸ ਰਿਪੋਰਟ ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਕਿਸੇ ਤਰ੍ਹਾਂ ਵੀ ਖਤਰੇ ਵਿਚ ਨਹੀਂ ਪੈ ਸਕਦੀ।

ਦੰਗਾ ਪੀੜਤਾਂ ਵਲੋਂ ਜਾਂਚ ਦੀ ਲਗਾਤਾਰ ਮੰਗ ਕਰਨ ਦੇ ਬਾਵਜੂਦ ਸਰਕਾਰ ਨੇ ਕਮਿਸ਼ਨ ਬਿਠਾਉਣ ਵਿਚ ਦੇਰੀ ਕੀਤੀ। ਸ਼ਾਇਦ ਸਰਕਾਰ ਕਮਿਸ਼ਨ ਬਿਠਾਉਂਦੀ ਹੀ ਨਾ, ਪਰ ਜਦ ਰਾਹਤ ਕੰਮਾਂ ਨਾਲ ਜੁੜੀਆਂ ਸੁਤੰਤਰ ਇਛਕ ਸੰਸਥਾਵਾਂ ਨੇ ਦੰਗਾਕਾਰੀਆਂ ਨਾਲ ਇੰਕਾ ਦੀ ਮਿਲੀਭੁਗਤ ਦੀਆਂ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ ਤਾਂ ਸਰਕਾਰ ਨੂੰ ਜਾਂਚ ਦਾ ਹੁਕਮ ਦੇਣਾ ਹੀ ਪਿਆ। ਹੋਰ ਤਾਂ ਹੋਰ ਇਸ ਕਮਿਸ਼ਨ ਦੀ ਰਿਪੋਰਟ ਦਬਾਉਣ ਦਾ ਸਰਕਾਰ ਦਾ ਫੈਸਲਾ ਰਾਜੀਵ ਗਾਂਧੀ ਅਤੇ ਅਕਾਲੀ ਨੇਤਾ ਸੰਤ ਲੌਂਗੋਵਾਲ ਵਿਚਾਲੇ ਹੋਏ ਪੰਜਾਬ ਸਮਝੌਤੇ ਦੀ ਸਿਧੀ ਉਲੰਘਣਾ ਹੈ ਕਿਉਂਕਿ ਸਮਝੌਤੇ ਅਨੁਸਾਰ ਕੇਂਦਰ ਸਰਕਾਰ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਲਈ ਵਚਨਬੱਧ ਹੈ।

ਜਸਟਿਸ ਰੰਗ ਨਾਥ ਮਿਸ਼ਰ ਨੇ ਆਪਣੀ ਰਿਪੋਰਟ ਦਸ ਮਹੀਨੇ ਦੇਰ ਨਾਲ 22 ਫਰਵਰੀ ਨੂੰ ਗ੍ਰਹਿ ਮੰਤਰੀ ਬੂਟਾ ਸਿੰਘ ਨੂੰ ਦਿੱਤੀ। ਜਸਟਿਸ ਮਿਸ਼ਰ ਨੇ ਜਿਸ ਤਰੀਕੇ ਨਾਲ ਜਾਂਚ ਕੀਤੀ, ਉਸ ਤੇ ਵੀ ਅਨੇਕ ਸਵਾਲ ਖੜ੍ਹੇ ਕੀਤੇ ਗਏ ਹਨ। ਜਾਂਚ ਕਮਿਸ਼ਨ ਪ੍ਰਤੀ ਸਰਕਾਰ ਦਾ ਰਵੱਈਆ ਸ਼ੁਰੂ ਤੋਂ ਹੀ ਅਣਗਹਿਲੀ ਵਾਲਾ ਰਿਹਾ ਹੈ। ਨਵੰਬਰ ਦੇ ਦੰਗਿਆਂ ਦੀ ਜਾਂਚ ਲਈ ਕਮਿਸ਼ਨ ਦੇ ਗਠਨ ਦਾ ਨੋਟੀਫਿਕੇਸ਼ਨ ਸਰਕਾਰ ਨੇ ਅਪਰੈਲ 1985 ਵਿਚ ਜਾਰੀ ਕੀਤਾ। ਇਸ ਦੇ ਕਰੀਬ ਤਿੰਨ ਮਹੀਨੇ ਬਾਅਦ ਜਦ ਕਮਿਸ਼ਨ ਨੂੰ 5, ਰਾਜਿੰਦਰ ਪ੍ਰਸਾਦਿ ਰੋਡ ਵਿਚ ਥਾਂ ਦਿਤੀ ਗਈ ਤਦ ਕਿਤੇ ਜਾ ਕੇ ਜਾਂਚ ਦਾ ਕੰਮ ਸ਼ੁਰੂ ਹੋਇਆ। ਇਸ ਸਭ ਵਿਚਕਾਰ ਬੜਾ ਕੀਮਤੀ ਸਮਾਂ ਨਸ਼ਟ ਹੋਇਆ।

ਰੰਗ ਨਾਥ ਕਮਿਸ਼ਨ ਦੀ ਜਾਂਚ ਸ਼ੁਰੂ ਹੋਣ ਤਕ ਰਾਹਤ ਕੰਮਾਂ ਵਿਚ ਲੱਗੀਆਂ ਸਵੈ ਸੇਵੀ ਸੰਸਥਾਵਾਂ, ਪੀ. ਯੂ. ਸੀ. ਐਲ., ਪੀ. ਯੂ. ਡੀ. ਆਰ., ਸੀ. ਐਫ. ਡੀ. ਦੀ ਰਿਪੋਰਟ ਆ ਗਈ ਸੀ। ਇਨ੍ਹਾਂ ਵਿਚ ਅਤੇ ਸਾਬਕ ਚੀਫ ਜਸਟਿਸ ਦੀ ਪ੍ਰਧਾਨਗੀ ਹੇਠ ਕਾਇਮ ਇਕ ਸੁਤੰਤਰ ਕਮਿਸ਼ਨ ਦੀ ਰਿਪੋਰਟ ਵਿਚ ਉਘੇ ਇੰਕਾ ਆਗੂਆਂ ਦੀ ਦੰਗਾਕਾਰੀਆਂ ਨਾਲ ਮਿਲੀ ਭੁਗਤ ਹੋਣ ਦਾ ਦੋਸ਼ ਲਾਇਆ ਗਿਆ ਸੀ। ਕਰੀਬ ਕਰੀਬ ਸਾਰੀਆਂ ਰਿਪੋਰਟਾਂ ਵਿਚ ਸੰਸਦ ਮੈਂਬਰ ਹਰਿ ਕਿਸ਼ਨ ਲਾਲ ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਦਿੱਲੀ ਮੈਟਰੋਪਾਲਿਟਨ ਕੌਂਸਲ ਦੇ ਮੈਂਬਰ ਅਰਜਨ ਦਾਸ ਅਤੇ ਸੁਖਦੇਵ ਲਾਲ ਸੂਦ ਦਾ ਨਾਂ ਲਿਆ ਜਾਂਦਾ ਸੀ

11 ਜੁਲਾਈ ਨੂੰ ਰੰਗ ਨਾਥ ਜਾਂਚ ਕਮਿਸ਼ਨ ਨੇ ਦੰਗਾ ਪੀੜਤਾਂ ਅਤੇ ਆਮ ਜਨਤਾ ਨੂੰ ਉਸ ਸਾਹਮਣੇ ਆ ਕੇ ਹਾਜ਼ਰ ਹੋਣ ਦੀ ਅਪੀਲ ਕੀਤੀ। ਕਮਿਸ਼ਨ ਦੀ ਪਹਿਲੀ ਮੀਟਿੰਗ 29 ਜੁਲਾਈ ਨੂੰ ਹੋਈ। ਦਿਲਚਸਪ ਗੱਲ ਇਹ ਹੈ ਕਿ ਮੀਟਿੰਗ ਹੋਣ ਤਕ ਕਮਿਸ਼ਨ ਦੇ ਕੋਲ ਸਿਰਫ ਇਕ ਹੀ ਹਲਫਨਾਮਾ (ਐਫੀਡੇਵਿਟ) ਪਹੁੰਚਿਆ ਸੀ। ਪੜਤਾਲ ਦੀ ਇਹ ਰਫਤਾਰ ਦੇਖਕੇ ਜਸਟਿਸ ਰੰਗ ਨਾਥ ਮਿਸ਼ਰ ਨੂੰ ਜਦ ਇਹ ਜਾਪਿਆ ਕਿ ਇਸ ਤਰ੍ਹਾਂ ਤਾਂ ਜਾਂਚ ਇਕ ਮਜ਼ਾਕ ਬਣ ਜਾਏਗੀ ਤਾਂ ਉਨ੍ਹਾਂ ਨੇ ਸਿਟੀਜ਼ਨ ਜਸਟਿਸ ਕਮੇਟੀ ਨੂੰ ਅਪੀਲ ਕੀਤੀ ਕਿ ਉਹ ਹਲਫਨਾਮੇ ਇਕੱਠੇ ਕਰਨ ਵਿਚ ਮਦਦ ਕਰੇ।

ਕਮਿਸ਼ਨ ਦੇ ਨਾਲ ਇਸ ਕਮੇਟੀ ਦੇ ਅਨੁਭਵ ਇਸ ਧਾਰਨਾ ਨੂੰ ਹੋਰ ਮਜ਼ਬੂਤ ਕਰਦੇ ਹਨ ਕਿ ਸਾਰੀ ਜਾਂਚ ਇਕ ਪਾਖੰਡ ਤੇ ਦਿਖਾਵਾ ਸੀ। ਦਰਅਸਲ ਇਸ ਕਮੇਟੀ ਦਾ ਗਠਨ ਸਬੂਤ ਇਕੱਠੇ ਕਰਨ ਲਈ ਇਸ ਕਮਿਸ਼ਨ ਦੀ ਮਦਦ ਕਰਨ ਲਈ ਹੀ ਹੋਇਆ ਸੀ। ਜਸਟਿਸ ਐਮ. ਐਸ. ਸੀਕਰੀ ਦੀ ਪ੍ਰਧਾਨਗੀ ਹੇਠ ਬਣੀ ਇਸ ਕਮੇਟੀ ਦੇ ਮੈਂਬਰ ਲੈਫਟੀਨੈਂਟ ਜਨਰਲ ਜਗਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ, ਵੀ. ਐਮ. ਤਾਰਕੁੰਡੇ

ਬਾਕੀ ਪੰਨਾ 32 'ਤੇ

TOGETHER WE ARE STRONGER
NORTH AMERICAN LIFE


Rupinder S. Azad

Looking for
**The Right Kind of Life Insurance?**
YES!
Choice is Yours :
Traditional VS Universal [Smokers & Non Smokers]
For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ ਲਉ। ਕੇਵਲ ਤਿੰਨ, ਚਾਰ ਜਾਂ ਪੰਜ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ

**Toll Free Line (in B.C.)**
**1—800—242—8044**

ਹੋਰ ਜਾਣਕਾਰੀ ਲਈ ਫੋਨ ਕਰੋ :
Contact:
**Rupinder S. Azad**
**AZAD INSURANCE AGENCIES**
#1 - 2619 - Cedar Park Pl. Clearbrook, B.C.

**Ph. (604) 853-0134**

ਦੇਗ ਤੇਗ ਫਤਹਿ ॥ ੧ਓ ਵਾਹਿਗੁਰੂ ਜੀ ਕੀ ਫਤਹਿ ॥ ਪੰਥ ਕੀ ਜੀਤ ॥

**ਕੋਊ ਭਇਓ ਮੁੰਡੀਆ ਸੰਨਿਆਸੀ, ਕੋਊ ਜੋਗੀ ਭਇਓ, ਕੋਈ ਬ੍ਰਹਮਚਾਰੀ, ਕੋਊ ਜਤੀਅਨੁ ਮਾਨਬੋ ॥**
**ਹਿੰਦੂ ਤੁਰਕ ਕੋਊ, ਰਾਫਜੀ ਇਮਾਮ ਸ਼ਾਫੀ, ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥**
**(ਸ੍ਰੀ ਗੁਰੂ ਗੋਬਿੰਦ ਸਿੰਘ ਜੀ)**



ਗੁਰਦੀਪ ਸਿੰਘ ਗਿੱਲ - ਸੀਨੀ. ਵਾਈਸ ਪ੍ਰੈਜ਼ੀਡੈਂਟ
ਫੋਨ : 325-0744

# ਆਉ ਸਾਧ ਸੰਗਤ ਜੀ, ਗੁਰਦੁਆਰਾ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ ਲਈ ਸਰਬ ਸਾਂਝਾ ਕੇਂਦਰ ਬਣਾਈਏ



ਜਰਨੈਲ ਸਿੰਘ ਸੇਖੋਂ - ਮੀਤ-ਪ੍ਰਧਾਨ
ਫੋਨ : 432-9000

---

ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਗੁਰੂ ਘਰ ਦੀਆਂ ਸਮੁੱਚੀਆਂ ਸਿੱਖ ਸੰਗਤਾਂ ਦੀ ਪ੍ਰੇਰਨਾ ਨਾਲ ਸਭ ਸੰਗਤਾਂ ਦੇ ਸਰਬ ਸਾਂਝੇ ਸੇਵਾਦਾਰ, ਭਾਈ ਜਰਨੈਲ ਸਿੰਘ ਜੀ ਭੰਡਾਲ ਦੀ ਪ੍ਰਧਾਨਗੀ ਹੇਠਾਂ, ਆਪ ਸਭ ਸੰਗਤਾਂ ਵੱਲੋਂ
ਸੇਵਾ ਲਈ ਹਾਜ਼ਰ ਹਨ

---



ਸਰਵਣ ਸਿੰਘ ਰੰਧਾਵਾ - ਸੈਕਟਰੀ
ਫੋਨ : 873-9036



ਧਿਆਨ ਸਿੰਘ ਬਾਂਸਲ - ਅਸਿਸ. ਸੈਕਟਰੀ
ਫੋਨ : 876-1002



ਜਰਨੈਲ ਸਿੰਘ ਭੰਡਾਲ
ਫੋਨ : 255-5941



ਪਿਆਰਾ ਸਿੰਘ ਸੰਘੇੜਾ - ਰੀਕਾਰਡਿੰਗ ਸੈਕਟਰੀ(1)
ਫੋਨ : 271-7921



ਪ੍ਰੀਤਮ ਸਿੰਘ ਲਿੱਟ - ਰੀਕਾਰਡਿੰਗ ਸੈਕਟਰੀ (2)

ਖਾਲਸਾ ਪੰਥ ਦੇ ਬੋਲਬਾਲੇ ਸਾਰੇ ਸੰਸਾਰ ਵਿਚ ਉਚੇ ਕਰਨ ਲਈ, ਕੈਨੇਡਾ ਵਿਚ ਸਿੱਖਾਂ ਦਾ ਵਿਕਾਰ ਮੁੜ ਬਹਾਲ ਕਰਨ ਲਈ, ਗੁਰਦੁਆਰਾ ਸਾਹਿਬ ਦਾ ਪ੍ਰਬੰਧ ਨਿਮਰਤਾ ਅਤੇ ਸੇਵਾ ਭਾਵਨਾ ਨਾਲ ਨਿਭਾਉਣ ਲਈ, ਕੌਮ ਵਿਚ ਪਾਈਆਂ ਗਈਆਂ ਵੰਡੀਆਂ ਦੂਰ ਕਰਕੇ ਸੱਦ-ਭਾਵਨਾ ਮੁੜ ਬਹਾਲ ਕਰਨ ਲਈ, ਲੋਕਲ ਸਿੱਖ ਕਮਿਊਨਿਟੀ ਵਿਚੋਂ ਆਪਸੀ ਈਰਖਾ ਅਤੇ ਲੜਾਈ ਫਸਾਦ ਦੀਆਂ ਕਾਰਵਾਈਆਂ ਹਟਾਉਣ ਲਈ, ਸਮੁੱਚੇ ਤੌਰ ਉਪਰ ਸਾਰੇ ਸੰਸਾਰ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਕਰਨ ਹਿਤ ਸਾਂਝੇ ਉਪਰਾਲੇ ਕਰਨ ਲਈ ਆਪ ਸਭ ਸੰਗਤਾਂ ਦੇ ਸਾਂਝੇ ਉਮੀਦਵਾਰਾਂ ਨੂੰ ਵੋਟਾਂ ਪਾ ਕੇ ਕਾਮਯਾਬ ਬਣਾਉ ।



ਜਲੌਰ ਸਿੰਘ ਬਰਾੜ - ਖਜ਼ਾਨਚੀ
ਫੋਨ : 278-7439



ਬਲਕਾਰ ਸਿੰਘ ਭੁੱਲਰ - ਅਸਿਸ. ਖਜ਼ਾਨਚੀ
ਫੋਨ : 278-2840

**ਵੋਟ ਪਾਉਣ ਦਾ ਪਤਾ :—**
ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ
ਸ੍ਰੀ ਗੁਰੂ ਅਮਰਦਾਸ ਨਿਵਾਸ
1071 ਸਾਊਥ ਈਸਟ ਮਰੀਨ ਡਰਾਈਵ
ਵੈਨਕੂਵਰ, ਬੀ. ਸੀ.
(ਗੁਰਦੁਆਰਾ ਸਾਹਿਬ ਦੇ ਸਾਹਮਣੇ)

**ਵੋਟ ਪਾਉਣ ਦਾ ਸਮਾਂ :—**
6 ਦਸੰਬਰ, 1986 ਦਿਨ ਸ਼ਨਿਚਰਵਾਰ
ਸਵੇਰ ਦੇ 8 ਵਜੇ ਤੋਂ ਸ਼ਾਮ ਦੇ 7 ਵਜੇ ਤੱਕ



ਕਰਤਾਰ ਸਿੰਘ ਮਾਨ - ਮੈਂਬਰ
ਫੋਨ : 321-3253



ਪਿਆਰਾ ਸਿੰਘ ਬੋਇਲ - ਮੈਂਬਰ
ਫੋਨ : 325-9805

---

**ਜ਼ਰੂਰੀ ਨੋਟ :— ਵੋਟ ਪਾਉਣ ਆਉਣ ਸਮੇਂ ਆਪਣਾ ਮੈਂਬਰਸ਼ਿਪ ਦਾ ਕਾਰਡ ਅਤੇ ਕਾਰਡ ਉਪਰ ਜੋ ਤੁਹਾਡੀ ਆਡੈਂਟੀਫੀਕੇਸ਼ਨ ਭਰੀ ਹੋਈ ਹੈ ਨਾਲ ਜ਼ਰੂਰ ਲੈ ਕੇ ਆਉਣੀ ਜੀ ।**



ਗੁਰਦਿਆਲ ਸਿੰਘ ਕੰਗ - ਮੈਂਬਰ
ਫੋਨ : 437-9649



ਦੇਵਿੰਦਰ ਸਿੰਘ ਗਰੇਵਾਲ - ਮੈਂਬਰ
ਫੋਨ : 271-8203



ਭਰਪੂਰ ਸਿੰਘ ਨੱਤ - ਮੈਂਬਰ
ਫੋਨ : 826-5023



ਸੁਖਦੇਵ ਸਿੰਘ ਚੀਮਾ - ਮੈਂਬਰ
ਫੋਨ : 826-5685

ਦੇਗ ਤੇਗ ਫਤਿਹ ॥ ੧ੴ ਸਤਿਗੁਰ ਪ੍ਰਸਾਦਿ ॥ ਪੰਥ ਕੀ ਜੀਤ ॥

**ਦੇਹ ਸਿਵਾ ਬਰ ਮੋਹਿ ਇਹੈ, ਸ਼ੁਭ ਕਰਮਨ ਤੇ ਕਬਹੂੰ ਨ ਟਰੋ ॥**

# ਆਉ ਭਰਾਵੋ, ਗੁਰਦੁਆਰਾ ਸਾਹਿਬ ਨੂੰ ਸਿੱਖੀ ਦੇ ਪ੍ਰਚਾਰ ਦਾ ਸਰਬ ਸਾਂਝਾ ਕੇਂਦਰ ਬਣਾਈਏ

**ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ॥**

ਸਤਿਕਾਰ ਯੋਗ ਸਾਧ ਸੰਗਤ ਜੀਉ,

ਵਾਹਿਗੁਰੂ ਜੀ ਕਾ ਖਾਲਸਾ ; ਵਾਹਿਗੁਰੂ ਜੀ ਕੀ ਫਤਹਿ ॥

ਗੁਰਦੁਆਰਾ ਸਾਹਿਬ, ਖਾਲਸਾ ਦੀਵਾਨ ਸੁਸਾਇਟੀ, 8000 ਰੌਸ ਸਟਰੀਟ, ਵੈਨਕੂਵਰ ਬੀ. ਸੀ. ਕੈਨੇਡਾ ਨੂੰ ਮੁੜ ਸਿੱਖੀ ਦੇ ਪ੍ਰਚਾਰ ਦਾ ਸਰਬ ਸਾਂਝਾ ਕੇਂਦਰ ਬਨਾਉਣ ਲਈ ਗੁਰੂ ਘਰ ਦੀਆਂ ਸਮੁੱਚੀਆਂ ਸਿੱਖ ਸੰਗਤਾਂ ਨੇ ਪ੍ਰੇਰਨਾ ਅਤੇ ਉਤਸ਼ਾਹ ਦੇ ਕੇ ਭਾਈ ਜਰਨੈਲ ਸਿੰਘ ਭੰਡਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਉਮੀਦਵਾਰ ਨਾਮਜ਼ਦ ਕੀਤਾ ਹੈ।

ਪਿਛਲੇ ਕੁਝ ਸਮੇਂ ਤੋਂ ਸਾਡੇ ਅਖੌਤੀ ਲੀਡਰਾਂ ਦੀ ਦੋਗਲੀ ਨੀਤੀ ਕਾਰਨ ਕੌਮ ਦਾ ਵਿਕਾਰ ਕੈਨੇਡਾ ਵਿਚ ਨੀਵਾਂ ਹੋਇਆ ਹੈ ਅਤੇ ਹੁਣ ਵੀ ਕੋਈ ਸਪੱਸ਼ਟ ਪ੍ਰੋਗਰਾਮ ਸੰਗਤਾਂ ਸਾਹਮਣੇ ਨਹੀਂ ਹੈ। ਕੌਮ ਉਪਰ ਆਏ ਸੰਕਟ ਨੂੰ ਮੁਖ ਰਖਕੇ ਅਸੀਂ ਲੋਕਲ ਗੁਰਦੁਆਰਾ ਸਾਹਿਬਾਨਾਂ ਵਿਚ ਪਿਛਲੇ 2 ਸਾਲ ਤੋਂ ਚੋਣ ਵਿਚ ਹਿਸਾ ਨਹੀਂ ਲਿਆ ਸੀ ਸਗੋਂ ਪਹਿਲੇ ਪ੍ਰਬੰਧਕਾਂ ਦਾ ਪੂਰਾ ਪੂਰਾ ਸਾਥ ਦਿਤਾ ਸੀ। ਪਰ ਹਾਲਾਤ ਐਸੇ ਹੋ ਗਏ ਹਨ ਕਿ ਮੌਜੂਦਾ ਪ੍ਰਬੰਧਕ ਡਿਕਟੇਟਰ ਬਣਕੇ ਸੰਗਤਾਂ ਉਪਰ ਹੁਕਮ ਚਲਾਉਣ ਲੱਗ ਪਏ ਹਨ, ਗੁਰੂਘਰਾਂ ਵਿਚ ਹਰ ਸ਼ਰੀਫ ਬੰਦੇ ਦੀ ਬੇਇਜ਼ਤੀ ਕੀਤੀ ਜਾਂਦੀ ਹੈ। ਇਥੋਂ ਤਕ ਕਿ ਗੁਰੂ ਘਰ ਦੀ ਇਮਾਰਤ ਦੀ ਰਖਵਾਲੀ ਕਰਨ ਵਿਚ ਇਤਨੀ ਲਾਹਪਰਵਾਹੀ ਕੀਤੀ ਗਈ ਕਿ ਗੁਰੂਘਰ ਨੂੰ ਅੱਗ ਲੱਗਣ ਤੱਕ ਨੌਬਤ ਪੁਚਾ ਦਿਤੀ। ਜਿਸ ਦਾ ਬਹੁਤ ਹੀ ਬੁਰਾ ਅਸਰ ਸਾਰੀ ਕੌਮ ਉਪਰ ਪਿਆ।

ਗੁਰੂ ਘਰ ਦੀ ਹੱਦ ਵਿਚ ਸ਼ਰਾਬ ਪੀਣ ਅਤੇ ਇਖਲਾਕ ਤੋਂ ਗਿਰੀਆਂ ਕਾਰਵਾਈਆਂ ਹੋਈਆਂ ਹਨ ਜਿਨ੍ਹਾਂ ਨੂੰ ਬਿਆਨ ਕਰਦਿਆਂ ਸ਼ਰਮ ਨਾਲ ਸਿਰ ਝੁਕ ਜਾਂਦਾ ਹੈ। ਐਸੇ ਲਾਪਰਵਾਹ ਅਤੇ ਗੈਰ ਜ਼ਿੰਮੇਂਵਾਰ ਸਜਣਾਂ ਦਾ ਕਬਜ਼ਾ ਪਵਿੱਤਰ ਗੁਰੂ ਘਰ ਉਪਰ ਹੋ ਚੁਕਾ ਹੈ ਕਿ ਸੁਧਾਰ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ। ਅਸੀਂ ਕੋਸ਼ਿਸ਼ ਕੀਤੀ ਸੀ ਕਿ ਐਸੇ ਗਲਤ ਅਨਸਰ ਨੂੰ ਗੁਰੂ ਘਰ ਦੇ ਪ੍ਰਬੰਧ ਤੋਂ ਦੂਰ ਕੀਤਾ ਜਾਵੇ ਅਤੇ ਸਿਆਣੇ ਸਜਣਾਂ ਦੀ ਕੋਈ ਸਾਂਝੀ ਕਮੇਟੀ ਬਣਾ ਦਿੱਤੀ ਜਾਵੇ ਤਾਂ ਕਿ ਕੌਮੀ ਸੰਕਟ ਸਮੇਂ ਚੋਣਾਂ ਨਾ ਕਰਵਾਈਆਂ ਜਾਣ ਸਗੋਂ ਸਰਬ ਸੰਮਤੀ ਨਾਲ ਹੀ ਸਭ ਕੰਮ ਕੀਤੇ ਜਾਣ। ਪਰ ਹੰਕਾਰੀ ਅਤੇ ਡਿਕਟੇਟਰਾਨਾ ਕਾਰਵਾਈਆਂ ਕਰਨ ਦੀ ਆਦਤ ਪੈ ਚੁਕੀ ਵਾਲੇ ਅਖੌਤੀ ਅਤੇ ਮੌਕਾਪ੍ਰਸਤ ਲੀਡਰਾਂ ਨੇ ਇਕ ਨਾ ਸੁਣੀ। ਤਾਂ ਅਖੀਰ ਵਿਚ ਸਿੱਖ ਸੰਗਤਾਂ ਨੇ ਇਕੱਠੇ ਹੋ ਕੇ ਭਾਈ ਜਰਨੈਲ ਸਿੰਘ ਜੀ ਭੰਡਾਲ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਚੋਣ ਵਿਚ ਹਿਸਾ ਲੈਣ ਲਈ ਬੇਨਤੀ ਕੀਤੀ। ਹੁਣ ਆਪ ਸਭ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਆਪਣੇ ਕੀਮਤੀ ਵੋਟ ਸਰਬ ਸਾਂਝੇ ਸੇਵਾਦਾਰਾਂ ਨੂੰ ਪਾ ਕੇ ਕਾਮਯਾਬ ਕਰੋ :—

## ਭਾਈ ਜਰਨੈਲ ਸਿੰਘ ਭੰਡਾਲ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਗੁਰੂ ਘਰ ਦੀ ਸੇਵਾ ਨਿਭਾਉਣ ਲਈ ਸਪੱਸ਼ਟ ਵਿਚਾਰਾਂ :-

1. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਾਇਮ ਰੱਖਣ ਲਈ** ਗੁਰੂ ਸਾਹਿਬ ਜੀ ਦੀ ਹਜ਼ੂਰੀ ਤੇ ਗੁਰੂ ਕੇ ਲੰਗਰ ਵਿੱਚ ਸੱਭ ਸੰਗਤਾਂ ਸਿਰ ਢੱਕ ਕੇ ਨਿਮਰਤਾ ਤੇ ਸਤਿਕਾਰ ਨਾਲ ਆ ਕੇ ਸੇਵਾ ਕਰਨ ਲਈ ਪ੍ਰੇਰਨਾ ਦਿੱਤੀ ਜਾਵੇਗੀ। ਗੁਰੂ ਸਾਹਿਬ ਜੀ ਹਾਜ਼ਰੀ ਵਿੱਚ ਕਿਸੇ ਨੂੰ ਵੀ ਗਾਲੀ ਗਲੋਚ ਕਰਨ, ਮੰਦੀ ਭਾਸ਼ਾ ਬੋਲਣ ਅਤੇ ਲੜਾਈ ਝਗੜਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

2. **ਸਾਲਾਨਾ ਧਾਰਮਿਕ ਨਗਰ ਕੀਰਤਨ** ਪੂਰੇ ਸ਼ਾਨੋ ਸ਼ੌਕਤ ਨਾਲ ਹੋਰ ਗੁਆਂਢੀ ਕਮਿਊਨਿਟੀਆਂ ਨੂੰ ਨਾਲਲੈ ਕੇ ਸੱਭ ਸਿਖ ਸੁਸਾਇਟੀਆਂ ਦੇ ਸਹਿਯੋਗ ਨਾਲ ਕੱਢਣ ਦੇ ਪ੍ਰਬੰਧ ਕੀਤੇ ਜਾਣ ਗੇ।

3. **ਧਾਰਮਿਕ ਵਾਤਾਵਰਣ ਅਤੇ ਧਾਰਮਿਕ ਪਰਚਾਰ** ਦਾ ਸਾਰਾ ਪ੍ਰਬੰਧ ਗੁਰਮਤ ਮਰਯਾਦਾ ਅਨੁਸਾਰ ਕੀਤਾ ਅਤੇ ਕਰਵਾਇਆ ਜਾਵੇਗਾ। ਅੰਮ੍ਰਿਤ ਪਰਚਾਰ ਦੇ ਪ੍ਰਬੰਧ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਅਨੁਸਾਰ ਕੀਤੇ ਜਾਇਆ ਕਰਨਗੇ। ਉਚੀ ਅਤੇ ਸੁੱਚੀ ਜੀਵਨੀ ਵਾਲੇ ਰਾਗੀ ਅਤੇ ਢਾਡੀ ਜਥੇ ਮੰਗਵਾ ਕੇ ਗੁਰਮਤਿ ਦੇ ਪਰਚਾਰ ਦੀ ਲਹਿਰ ਨੂੰ ਤੇਜ਼ ਕੀਤਾ ਜਾਵੇਗਾ। ਪਿਛਲੇ ਸਾਲ ਦੀ ਤਰਾਂ ਦਾੜ੍ਹੀ ਕੱਟੇ ਢਾਡੀ ਜਥੇ ਸੁਸਾਇਟੀ ਵਲੋਂ ਸਪੌਂਸਰ ਨਹੀਂ ਕੀਤੇ ਜਾਣਗੇ।

4. **ਖਾਲਸਾ ਪੰਜਾਬੀ ਸਕੂਲ** 1975 ਤੋਂ ਚੱਲ ਰਹੇ ਪੰਜਾਬੀ ਸਕੂਲ ਨੂੰ ਹੋਰ ਵੀ ਪਰਫੁੱਲਤ ਕੀਤਾ ਜਾਵੇਗਾ। ਸਫਾਰਸ਼ਾਂ ਨਾਲ ਟੀਚਰ ਰੱਖਣ ਦੀ ਬਜਾਏ ਲਾਇਕ ਅਤੇ ਸ਼ਰਧਾ ਵਾਲੇ ਟੀਚਰਾਂ ਨੂੰ ਉਤਸ਼ਾਹਤ ਕਰਕੇ ਬੱਚਿਆਂ ਨੂੰ ਨਵੀਨ ਢੰਗਾ ਨਾਲ ਪੰਜਾਬੀ ਅਤੇ ਗੁਰਮਤਿ ਦੀ ਸਿੱਖਿਆ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ।

5. **ਡੇ ਕੇਅਰ ਸੈਂਟਰ** ਜੋ ਕਿ 1981 ਤੋਂ ਚੱਲ ਰਿਹਾ ਹੈ ਉਸ ਵਿੱਚ ਗੁਰਮਤਿ ਦੇ ਧਾਰਨੀ ਸਟਾਫ ਦੀ ਸਹਾਇਤਾ ਨਾਲ ਛੋਟੇ ਬੱਚਿਆਂ ਨੂੰ ਮੁੱਢਲੀ ਵਿਦਿਆ ਦੇਣ ਦਾ ਪ੍ਰਬੰਧ ਹੋਵੇਗਾ ਅਤੇ ਜੋ ਪਿਛਲੇ ਦੋ ਸਾਲਾਂ ਤੋਂ ਡੇ ਕੇਅਰ ਸੈਂਟਰ ਦੀ ਤਰੱਕੀ ਰੋਕੀ ਹੋਈ ਹੈ ਉਸ ਨੂੰ ਮੁੜ ਚੜ੍ਹਦੀਆਂ ਕਲਾ ਵਿੱਚ ਲੈ ਜਾਣ ਦੇ ਉਪਰਾਲੇ ਕੀਤੇ ਜਾਣ ਗੇ।

6. **ਖੇਡਾਂ ਦਾ ਪ੍ਰੋਗਰਾਮ** ਜੋ ਕਿ ਪਿਛਲੇ ਸਾਲ ਇੱਕ ਨਾ ਮਾਤਰ ਹੀ ਨੂੰ ਮੁੜ ਉਤਸ਼ਾਹਤ ਕਰਕੇ ਨੌਜਵਾਨਾ ਨੂੰ ਪ੍ਰੇਰ ਕੇ ਕਾਮਯਾਬ ਕੀਤਾ ਜਾਵੇਗਾ। ਇਨਾਮ ਮੁੜ ਮੁੜ ਆਪਣੇ ਘਰਦਿਆਂ ਨੂੰ ਦੇਣ ਦੀ ਬਜਾਏ ਜੇਤੂ ਖਿਡਾਰੀਆਂ ਨੂੰ ਸਨਮਾਨਤ ਕੀਤਾ ਜਾਇਆ ਕਰੇਗਾ। ਖੇਡਾਂ ਨੂੰ ਸਿਆਸਤ ਤੋਂ ਦੂਰ ਕੀਤਾ ਜਾਵੇਗਾ।

7. **ਗੁਰਦੁਆਰਾ ਸਾਹਿਬ ਦੀ ਆਮਦਨ ਖਰਚ** ਦੀ ਰਿਪੋਰਟ ਅਤੇ ਗੋਲਕ ਦੀ ਗਿਣਤੀ ਦੀ ਰਿਪੋਰਟ ਜੋ ਕਿ ਪਹਿਲਾਂ ਹਰ ਮਹੀਨੇ ਦਿੱਤੀ ਜਾਂਦੀ ਸੀ ਅਤੇ ਪਿਛਲੇ ਦੋ ਸਾਲਾਂ ਤੋਂ ਸੰਗਤਾਂ ਨੂੰ ਸਮੇਂ ਸਿਰ ਅਤੇ ਸਹੀ ਰਿਪੋਰਟ ਨਹੀਂ ਦਿੱਤੀ ਜਾਂਦੀ, ਹੁਣ ਅੱਗੇ ਤੋਂ ਹਰ ਮਹੀਨੇ ਰਿਪੋਰਟ ਸੰਗਤਾਂ ਨੂੰ ਦਿੱਤੀ ਜਾਵੇਗੀ।

8. **ਰਿਚਮੰਡ ਵਾਲੀ ਕਮਿਊਨਿਟੀ ਸੈਂਟਰ ਲਈ** ਜੋ ਪ੍ਰਾਪਰਟੀ ਸੱਭ ਸੰਗਤਾਂ ਨੇ 1982 'ਚ ਖਰੀਦੀ ਸੀ, ਉੱਥੇ ਡਵੈਲਪਮੈਂਟ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸਗੋਂ ਇੰਨੀ ਵੱਡੀ ਰਕਮ ਇਨਵੈਸਟ ਕਰਕੇ ਕੋਈ ਲਾਭ ਨਹੀਂ ਲਿਆ ਗਿਆ ਇਸ ਪ੍ਰਾਪਰਟੀ ਦੀ ਰੀਜ਼ੋਨਿੰਗ ਕਰਵਾਉਣ ਦੇ ਉਪਰਾਲੇ ਕੀਤੇ ਜਾਣਗੇ।

9. **ਖਾਲਸ ਸਕੂਲ ਵੈਨਕੂਵਰ ਦੀ ਚੜ੍ਹਦੀ ਕਲਾ** ਅਤੇਕਾਮਯਾਬੀ ਲਈ ਵੱਧ ਤੋਂ ਵੱਧ ਮਾਇਆ ਇਕੱਤਰ ਕਰਨ ਅਤੇ ਪੱਕੇ ਤੌਰ ਉਪਰ ਸਕੂਲ ਦੀ ਇਮਾਰਤ ਸਥਾਪਤ ਕਰਨ ਲਈ ਖਾਲਸਾ ਸਕੂਲ ਦੇ ਪ੍ਰਬੰਧਕਾਂ ਨੂੰ ਪੂਰਾ ਪੂਰਾ ਸਹਿਯੋਗ ਦਿੱਤਾ ਜਾਵੇਗਾ।

10. **ਖਾਲਸਾ ਕਰੈਡਿਟ ਯੂਨੀਅਨ** ਦੀ ਸਫਲਤਾ ਲਈ ਹਰ ਸੰਭਵ ਰਤਨ ਕੀਤਾ ਜਾਵੇਗਾ। ਅਤੇ ਗੁਰੂ ਘਰ ਦਾ ਅਕਾਂਊਟ ਖਾਲਸਾ ਕਰੈਡਿਟ ਯੂਨੀਅਨ ਵਿੱਚ ਪੂਰੀ ਤਰਾਂ ਐਕਟਿਵ ਕਰਕੇ ਸਾਰਾ ਲੈਣ ਦੇਣ ਇਸ ਤਰਾਂ ਹੀ ਕੀਤਾ ਜਾਵੇਗਾ।

11. **ਸਿੱਖ ਸਮਾਚਾਰ ਪੇਪਰ** ਜੋ ਕਿ 1975 ਤੋਂ ਚਲਦਾ ਆ ਰਿਹਾ ਹੈ ਅਤੇ ਨੋਰਥ ਅਮਰੀਕਾ ਵਿੱਚ ਇਕੋ ਇੱਕ ਧਾਰਮਿਕ ਮਾਸਕ ਪੱਤਰਕਾ ਹੈ ਪਿਛਲੇ ਦੋ ਸਾਲਾਂ ਤੋਂ ਇਸ ਦੇ ਪੂਰੇ ਅਡੀਸ਼ਨ ਹੀ ਨਹੀਂ ਛਾਪੇ ਜਾ ਰਹੇ ਇਸ ਲਈ ਸਿੱਖ ਸਮਾਚਾਰ ਦੀ ਤਰੱਕੀ ਨੂੰ ਮੁੜ ਬਹਾਲ ਕੀਤਾ ਜਾਵੇਗਾ।

12. **ਗੁਰਦੁਆਰਾ ਸਾਹਿਬ ਦਾ ਆਲਾ ਦੁਆਲਾ** ਹਮੇਸ਼ਾ ਹੀ ਸਾਫ ਰੱਖਿਆ ਜਾਇਆ ਕਰੇਗਾ।

**ਭਾਈ ਜਰਨੈਲ ਸਿੰਘ ਭੰਡਾਲ ਤੇ ਉਨ੍ਹਾਂ ਦੇ ਸਾਥੀਆਂ ਨੂੰ ਵੋਟ ਪਾ ਕੇ ਕਾਮਯਾਬ ਬਣਾਓ**

# ਸਾਹਿਤ ਤੇ ਕਲਾ

ਕਹਾਣੀ

## ਆਪਣਾ ਦੇਸ਼

ਜਗਰੂਪ ਸਿੰਘ ਦਾਤੇਵਾਸ

ਕਈਆਂ ਸਾਲਾਂ ਤੋਂ ਮੈਂ ਜੇਲ੍ਹ 'ਚ ਬੰਦ ਸਾਂ ਤੇ ਇਕ ਕਤਲ ਕੇਸ 'ਚ ਆਪਣੀ ਉਮਰਕੈਦ ਭੁਗਤ ਰਿਹਾ ਸਾਂ। ਜੇਲ੍ਹ ਮੈਨੂੰ ਜੇਲ੍ਹ ਨਹੀਂ ਸੀ ਮਹਿਸੂਸ ਹੁੰਦੀ — ਇਹ ਮੇਰਾ ਘਰ ਸੀ, ਮੇਰੀ ਦੁਨੀਆਂ। ਸਵੇਰੇ ਉਠਦਾ — ਨਾਸ਼ਤਾ ਬਗੈਰਾ ਕਰਕੇ ਪੁਲੀਸ ਦੇ ਪਹਿਰੇ ਹੇਠ ਆਪਣੇ ਕੰਮ 'ਤੇ ਜੁਟ ਜਾਂਦਾ ਤੇ ਸ਼ਾਮ ਨੂੰ ਫਿਰ ਪੁਲੀਸ ਦੇ ਹੀ ਪਹਿਰੇ ਹੇਠ ਆਪਣੇ ਘਰ ਆ ਪਰਤਦਾ। ਪੈਰਾਂ ਦੀਆਂ ਬੇੜੀਆਂ ਤੇ ਹੱਥਾਂ ਦੀਆਂ ਜ਼ੰਜੀਰਾਂ ਦੇ ਮੈਂ ਅਰਥ ਹੀ ਭੁੱਲ ਗਿਆ ਸੀ ਤੇ ਕਦੇ ਵੀ ਨਾ ਸੋਚਿਆ ਕਿ ਇਨ੍ਹਾਂ ਦਾ ਮਕਸਦ ਕੀ ਹੈ। ਮੈਨੂੰ ਇਹ ਗਹਿਣਿਆਂ ਵਾਂਗ ਮਹਿਸੂਸ ਹੁੰਦੀਆਂ, ਕਿਉਂਕਿ ਮੈਂ ਬਾਹਰ ਦੀ ਦੁਨੀਆਂ ਤੇ ਬੀਤੇ ਦਿਨਾਂ ਨੂੰ ਇਕ ਤਰ੍ਹਾਂ ਭੁੱਲ ਹੀ ਗਿਆ ਸੀ। ਜ਼ਿੰਦਗੀ ਨੇ ਮੈਨੂੰ ਆਪਣੇ ਵਰਗਾ ਹੀ ਬਣਾ ਲਿਆ ਸੀ। ਤੇ ਕਈ ਵਾਰ ਮੈਂ ਸੋਚਦਾ ਕਿ ਕੈਦ ਦੀ ਸਮਾਪਤੀ ਤੋਂ ਬਾਅਦ ਜੇਲ੍ਹ ਦੀ ਆਦੀ ਬਣ ਚੁੱਕੀ ਜ਼ਿੰਦਗੀ ਬਾਹਰਲੀ ਦੁਨੀਆਂ 'ਚ ਜਾ ਕੇ ਕਿਵੇਂ ਵਿਚਰੇਗੀ ? ਇਹ ਸੋਚਦਿਆਂ ਸੋਚਦਿਆਂ ਮੈਂ ਉਦਾਸ ਹੋ ਜਾਂਦਾ। ਮੈਨੂੰ ਪਤਾ ਸੀ ਕਿ ਜੇ ਇਹ ਦੁਨੀਆਂ ਆਪਣੇ ਨਾਲੋਂ ਇਕ ਵਾਰੀ ਤੋੜ ਦੇਵੇ - ਫਿਰ ਕਦੇ ਨਹੀਂ ਨਾਲ ਜੋੜਦੀ। ਮੈਨੂੰ ਲੱਗਦਾ ਹੈ ਜਿਵੇਂ ਮੈਂ ਉਹ ਸੁੱਕਾ ਪੱਤਾ ਹੋਵਾਂ ਜਿਸ ਨੂੰ ਹਵਾ ਦੇ ਤੇਜ਼ ਬੁਲਿਆਂ ਨੇ ਟਾਹਣੀ ਨਾਲੋਂ ਤੋੜ ਕੇ ਬਹੁਤ ਦੂਰ ਕਿਸੇ ਬੀਆਬਾਨ 'ਚ ਲਿਆ ਸੁੱਟਿਆ ਹੋਵੇ। ਸੱਚਮੁੱਚ ਕਦੇ ਕਦੇ ਮੈਂ ਆਪਣੇ ਆਪ ਨੂੰ ਸੁੱਕਿਆ ਹੋਇਆ ਝਾੜ ਮਹਿਸੂਸ ਕਰਦਾ ਜੋ ਭੱਠੀ ਵਾਲੀ ਦੇ ਰਹਿਮ ਦੀ ਇੰਤਜ਼ਾਰ 'ਚ ਹੁੰਦਾ ਹੈ, ਤੇ ਮੈਂ ਸੋਚਦਾ ਕਿ ਜੇ ਕੈਦ ਖਤਮ ਹੋਣ ਤੋਂ ਪਹਿਲਾਂ ਹੀ ਕੋਈ ਭੱਠੀ ਵਾਲੀ ਆ ਬਹੁੜੇ, ਮੇਰੇ ਸਾਰੇ ਫਿਕਰ ਮੁੱਕ ਜਾਣ।

ਜਿੱਧਰ ਵੀ ਨਜ਼ਰ ਮਾਰੋ, ਲੋਹੇ ਦੀਆਂ ਸੀਖਾਂ ਨਜ਼ਰ ਆਉਂਦੀਆਂ ਸਨ। ਹਰ ਕਮਰੇ ਦਾ ਮੂਹਰਲਾ ਹਿੱਸਾ ਲੋਹੇ ਦੀਆਂ ਸੀਖਾਂ ਦਾ ਬਣਿਆ ਹੋਇਆ ਸੀ ਤੇ ਹਰ ਕਮਰੇ 'ਚ ਦੋ ਦੋ ਕੈਦੀ ਬੰਦ ਸਨ। ਇਸ ਤਰ੍ਹਾਂ ਲਗਦਾ ਸੀ ਕਿ ਜਿਵੇਂ ਇਥੇ ਆਦਮੀ ਨਹੀਂ ਜੰਗਲੀ ਜਾਨਵਰ ਬੰਦ ਕੀਤੇ ਗਏ ਹੋਣ। ਕੁਝ ਕੁ ਕੈਦੀਆਂ ਦੀ ਜ਼ਿੰਦਗੀ ਤਾਂ ਜੰਗਲੀ ਜਾਨਵਰਾਂ ਤੋਂ ਵੀ ਬੁਰੀ ਹੁੰਦੀ ਹੈ। ਜਾਨਵਰ ਪਿੰਜਰੇ 'ਚ ਤਾਂ ਆਜ਼ਾਦ ਹੋ ਕੇ ਸੌਂਦੇ ਐ, ਪਰ ਕੁਝ ਕੈਦੀ ਅਜਿਹੇ ਸਨ, ਜਿਨ੍ਹਾਂ ਨੂੰ ਤਾਲਾ ਮਾਰੇ ਕਮਰਿਆਂ 'ਚ ਜ਼ੰਜੀਰਾਂ ਪਹਿਨਾ ਕੇ ਸੌਣ ਦਿੱਤਾ ਜਾਂਦਾ ਹੈ। ਸ਼ਾਇਦ ਇਸ ਲਈ ਕਿ ਕਿਤੇ ਉਹ ਦੌੜ ਨਾ ਜਾਣ।

ਹਰ ਰੋਜ਼ ਕੰਮ ਤੋਂ ਪਰਤਦਿਆਂ ਹੀ ਮੈਨੂੰ ਵੀ ਕੁਝ ਹੋਰ ਸਾਥੀਆਂ ਵਾਂਗ ਜ਼ੰਜੀਰਾਂ 'ਚ ਜਕੜ ਕੇ ਕਮਰੇ 'ਚ ਸੀਖਾਂ ਪਿਛੇ ਬੰਦ ਕਰ ਕੇ ਤਾਲਾ ਮਾਰ ਦਿੱਤਾ ਜਾਂਦਾ।

ਨਾ ਮੈਨੂੰ ਪੈਰਾਂ ਦੀਆਂ ਬੇੜੀਆਂ ਤੇ ਹੱਥਾਂ ਦੀਆਂ ਜ਼ੰਜੀਰਾਂ ਦਾ ਦੁੱਖ ਸੀ ਤੇ ਨਾ ਹੀ ਕਰੜੀ ਮੁਸ਼ੱਕਤ ਦਾ, ਕਿਉਂਕਿ ਮੈਂ ਜ਼ਿੰਦਗੀ ਤੇ ਤਕਦੀਰ ਨਾਲ ਸਮਝੌਤਾ ਕਰ ਲਿਆ ਸੀ।

ਮੈਂ ਇਹ ਜ਼ਿੰਦਗੀ ਜਾਣ ਬੁੱਝ ਕੇ ਚੁਣੀ ਸੀ। ਜਦ ਜ਼ਿੰਦਗੀ ਜੀਣ ਦੇ ਸਾਰੇ ਰਾਹ ਹੀ ਬੰਦ ਹੋ ਗਏ ਤੇ ਹਰ ਪਾਸੇ ਮੈਨੂੰ ਉਹ ਰਾਹ ਨਜ਼ਰ ਆਇਆ ਜਿਸ ਦਾ ਆਖਰੀ ਸਿਰਾ ਇਸ ਜੇਲ੍ਹ ਦੇ ਦਰਵਾਜ਼ੇ ਤਕ ਪਹੁੰਚਦਾ ਸੀ ਤੇ ਉਨ੍ਹਾਂ ਰਾਹਾਂ 'ਚੋਂ ਇਕ ਰਾਹ ਮੈਨੂੰ ਇਥੇ ਤਕ ਲੈ ਆਇਆ। ਇਸੇ ਲਈ ਨਾ ਮੈਨੂੰ ਆਪਣੇ ਆਪ 'ਤੇ ਗਿਲਾ ਸੀ ਤੇ ਨਾ ਹੀ ਕਿਸੇ ਹੋਰ 'ਤੇ।

ਹਰ ਕਮਰੇ 'ਚ ਦੋ ਦੋ ਆਦਮੀ ਬੰਦ ਸਨ ਜੋ ਇਥੇ ਆਪਣੇ ਘਰਦਿਆਂ ਤੇ ਸਕਦੇ ਸਬੰਧੀਆਂ ਤੋਂ ਦੂਰ ਜਾਨਵਰਾਂ ਵਾਲੀ ਜ਼ਿੰਦਗੀ ਬਤੀਤ ਕਰ ਰਹੇ ਸਨ। ਸਭਨਾਂ ਦੇ ਚਿਹਰਿਆਂ 'ਤੇ ਉਦਾਸੀਆਂ ਸਨ ਅਤੇ ਦਿਲ ਇਸ ਤਰ੍ਹਾਂ ਬੁਝੇ ਹੋਏ ਸਨ ਜਿਵੇਂ ਕੋਈ ਲਾਮ ਹਾਰ ਕੇ ਕਿਸੇ ਦੁਸ਼ਮਣ ਦੇਸ਼ ਦੇ ਕੈਦੀ ਬਣ ਗਏ ਹੋਣ।

ਇਨ੍ਹਾਂ ਕਈਆਂ ਸਾਲਾਂ 'ਚ ਕਈ ਮੇਰੇ ਕਮਰੇ 'ਚ ਆਏ ਤੇ ਕਈ ਗਏ ਚੋਰ, ਡਾਕੂ, ਸਮਗਲਰਾਂ ਤੇ ਕਾਤਲਾਂ ਨੂੰ ਬੜਾ ਨੇੜਿਓਂ ਹੋ ਕੇ ਵੇਖਣ ਦਾ ਮੌਕਾ ਮਿਲਿਆ, ਪਰ ਪੰਦਰਾਂ ਕੁ ਦਿਨ ਹੋਏ ਮੇਰੇ ਵਾਲੇ ਕਮਰੇ ਵਿਚ ਇਕ ਬੜਾ ਅਜੀਬ ਕੈਦੀ ਆਇਆ, ਜਿਸ ਨੂੰ ਮੈਂ ਅਜੇ ਤੱਕ ਬੋਲਦਿਆਂ ਨਹੀਂ ਸੀ ਵੇਖਿਆ। ਉਮਰ ਉਸ ਦੀ ਕੋਈ ਪੈਂਤੀ ਕੁ ਦੇ ਕਰੀਬ ਹੋਵੇਗੀ ਤੇ ਸੋਹਣੀ ਜਿਹੀ ਸੂਰਤ ਵਾਲਾ ਉਹ ਇਸ ਤਰ੍ਹਾਂ ਲਗਦਾ ਸੀ ਜਿਵੇਂ ਕੋਈ ਪ੍ਰਦੇਸੀ ਹੋਵੇ। ਚਿਹਰੇ 'ਤੇ ਲਾਲੀ ਇਸ ਤਰ੍ਹਾਂ ਲਿਸ਼ਕਾਂ ਮਾਰਦੀ ਸੀ ਜਿਵੇਂ ਉਹ ਯੂਰਪ ਦੀਆਂ ਪੌਣਾਂ ਖਾ ਕੇ ਆਇਆ ਹੋਵੇ।

ਉਹ ਸੋਹਣੀ ਸੂਰਤ ਹਮੇਸ਼ਾਂ ਹੀ ਉਦਾਸੀ ਦੀ ਮੂਰਤ ਬਣਿਆ ਰਹਿੰਦਾ ਉਸ ਦੀਆਂ ਭਰੀਆਂ ਅੱਖਾਂ ਤੋਂ ਇਸ ਤਰ੍ਹਾਂ ਲਗਦਾ ਜਿਵੇਂ ਉਹ ਹੁਣੇ ਹੀ ਡੁੱਲ੍ਹ ਪੈਣਗੀਆਂ। ਉਸ ਦੀਆਂ ਗਿੱਲੀਆਂ ਅੱਖਾਂ ਤੋਂ ਇਸ ਤਰ੍ਹਾਂ ਲਗਦਾ ਜਿਵੇਂ ਉਹਦਾ ਅੰਦਰਲਾ ਚੌਵੀ ਘੰਟੇ ਹੀ ਰੋਂਦਾ ਰਹਿੰਦਾ ਹੋਵੇ। ਅਚਾਨਕ ਹੀ ਕਦੇ ਕਦੇ ਉਸ ਦੀਆਂ ਅੱਖਾਂ ਅੰਗਾਰੇ ਛੱਡਣ ਲਗ ਪੈਂਦੀਆਂ ਤੇ ਗੁੱਸੇ ਨਾਲ ਉਸ ਦੇ ਚਿਹਰੇ ਦਾ ਰੰਗ ਲਾਲ ਹੋ ਜਾਂਦਾ। ਉਸ ਦੀ ਤੱਕਣੀ ਤੋਂ ਇਸ ਤਰ੍ਹਾਂ ਲਗਦਾ ਜਿਵੇਂ ਉਹ ਕੰਧਾਂ 'ਚ ਹੁਣੇ ਹੀ ਸੁਰਾਖ ਕਰ ਦੇਵੇਗਾ।

ਉਸ ਨੂੰ ਰਾਤ ਨੂੰ ਮੈਂ ਕਦੇ ਵੀ ਸੁੱਤੇ ਨਾ ਵੇਖਿਆ। ਜਦੋਂ ਵੀ ਕਦੇ ਮੇਰੀ ਅੱਖ ਖੁੱਲ੍ਹਦੀ, ਉਹ ਪਲਸੇਟੇ ਮਾਰ ਰਿਹਾ ਹੁੰਦਾ। ਕਦੇ ਕਦਾਈਂ ਉਸ ਦੇ ਹੌਕਿਆਂ ਤੇ ਰੋਣ ਦੀ ਆਵਾਜ਼ ਵੀ ਮੇਰੇ ਕੰਨੀ ਪੈਂਦੀ। ਇਕ ਸਵੇਰ ਮੈਂ ਜਲਦੀ ਵਿਚ ਉਠ ਗਿਆ ਤੇ ਉਹ ਗੂੜ੍ਹੀ ਨੀਂਦ ਸੁੱਤਾ ਪਿਆ ਸੀ। ਮੈਂ ਦੇਖਿਆ ਉਸ ਦੀਆਂ ਅੱਖਾਂ ਤੇ ਗਲ੍ਹਾਂ ਉਤੇ ਹੰਝੂਆਂ ਦੀ ਇਕ ਮੋਟੀ ਤਹਿ ਜੰਮੀ ਹੋਈ ਸੀ ਤੇ ਉਸਦੇ ਸਿਰ ਹੇਠਲੇ ਕੰਬਲ ਦਾ ਕਾਫੀ ਹਿੱਸਾ ਭਿੱਜਿਆ ਪਿਆ ਸੀ। ਮੈਨੂੰ ਜਾਪਿਆ ਜਿਵੇਂ ਉਹ ਸਾਰੀ ਰਾਤ ਸੁੱਤਾ ਨਾ ਹੋਵੇ ਤੇ ਰੋਂਦਾ ਹੀ ਰਿਹਾ ਹੋਵੇ। ਸ਼ਾਇਦ ਇਸੇ ਲਈ ਹੀ ਸਵੇਰੇ ਉਸ ਨੂੰ ਨੀਂਦ ਨੇ ਆ ਕੇ ਦਬੋਚ ਲਿਆ ਸੀ।

ਭਾਰੇ ਬੂਟਾਂ ਦਾ ਖੜਾਕ ਸੁਣ ਕੇ ਮੈਂ ਮੂੰਹ ਦਰਵਾਜ਼ੇ ਵੱਲ ਘੁੰਮਾਇਆ। ਜੇਲ੍ਹ ਦਾ ਪੁਲਸੀਆ ਚਾਹ ਦੀ ਇਕ ਵੱਡੀ ਸਾਰੀ ਕੇਤਲੀ ਉਠਾਈ ਸਾਡੇ ਵੱਲ ਆ ਰਿਹਾ ਸੀ।

"ਉਏ ...., ਇਹ ਉਠਿਆ ਨਹੀਂ ਅਜੇ" ਉਹ ਕੜਕ ਕੇ ਪੁਲਸੀ ਲਹਿਜ਼ੇ ਵਿਚ ਬੋਲਿਆ, "ਇਸ ਕੁੱਤੇ ਨੂੰ ਕਹਿ ਕੇ ਆਪਣੇ ਪਿਓ ਤੋਂ ਚਾਹ ਪਵਾ ਲਵੇ। ਇਸ ਤਰ੍ਹਾਂ ਸੁੱਤਾ ਪਿਐ .... ਜਿਵੇਂ ਬੀਵੀ .....।"

"ਕਿਉਂ ਜ਼ਬਾਨ ਗੰਦੀ ਕਰਦੈਂ ਅਬਦੁੱਲ" ਮੈਂ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਆਖਿਆ। "ਲਿਆ ਮੈਂ ਪਵਾ ਦਿੰਦਾ ਹਾਂ ਇਸ ਦੀ ਚਾਹ। ਪਤਾ ਨਹੀਂ ਵਿਚਾਰਾ ਅੱਜ ਕਿੰਨੀਆਂ ਰਾਤਾਂ ਬਾਦ ਸੁੱਤਾ ਹੋਵੇਗਾ ਮੇਰਾ ਹੌਕਾ ਨਿਕਲ ਗਿਆ ਤੇ ਉਸ ਦੀ ਸਟੀਲ ਦਾ ਕੱਪ ਉਠਾ ਕੇ ਮੈਂ ਚਾਹ ਪਵਾ ਦਿੱਤੀ। "ਕਿਸਮਤ ਇਸ ਵਿਚਾਰੇ ਨੂੰ ਪਤਾ ਨਹੀਂ ਇਥੇ ਕਿਵੇਂ ਲੈ ਆਈ ਅਬਦੁਲ, ਨਹੀਂ ਤਾਂ ਕੀ ਇਹ ਸੂਰਤ ਭੁੰਜੇ ਸੌਣ ਵਾਲੀ ਸੀ ?"

"ਹੂੰ .... ਕਾਤਲਾਂ ਲਈ ਜੇਲ੍ਹ ਨਹੀਂ ਤਾਂ ਹੋਰ ਰੈਸਟਰੂਮ ਬਨਣਗੇ ...." ਉਹ ਖਚਰੀ ਜਿਹੀ ਹਾਸੀ ਹੱਸਦਾ ਅਗੇ ਤੁਰ ਪਿਆ।

ਮੈਨੂੰ ਅਬਦੁੱਲ 'ਤੇ ਬੜਾ ਗੁੱਸਾ ਆਇਆ ਤੇ ਸੋਚ ਰਿਹਾ ਸਾਂ ਕਿ ਜੇ ਉਹ ਵਿਚਾਰਾ ਬੋਲਦਾ ਨਹੀਂ, ਇਸੇ ਲਈ ਗਾਲ੍ਹਾਂ ਕੱਢ ਗਿਆ। ਇਸ ਦੀ ਜਗ੍ਹਾ ਮੈਂ ਹੁੰਦਾ ਜੇ ਸਾਲੇ ਦੀਆਂ ਜਾੜ੍ਹਾਂ ਨਾ ਭੰਨ ਦਿੰਦਾ ?

ਉਸ ਦਾ ਚਾਹ ਵਾਲਾ ਕੱਪ ਮੈਂ ਗੱਤੇ ਨਾਲ ਢੱਕ ਦਿੱਤਾ ਅਤੇ ਅਜੇ ਮੈਂ ਚਾਹ ਦੀ ਘੁੱਟ ਹੀ ਭਰੀ ਸੀ ਕਿ ਦੇਖ ਕੇ ਮੈਂ ਹੈਰਾਨ ਰਹਿ ਗਿਆ — ਉਸ ਦੇ ਚਿਹਰੇ 'ਤੇ ਇਕ ਮੁਸਕਰਾਹਟ ਖੇਡ ਰਹੀ ਸੀ। ਸ਼ਾਇਦ ਉਹ ਸੁਪਨਿਆਂ ਦੀ ਦੁਨੀਆਂ 'ਚ ਪਹੁੰਚਿਆ ਹੋਇਆ ਸੀ।

"ਹੋ ਸਕਦਾ ਹੈ ਇਸ ਦੀ ਰੂਹ ਇਸ ਵੇਲੇ ਆਪਣੀ ਬੀਵੀ ਤੇ ਬੱਚਿਆਂ ਪਾਸ ਹੋਵੇ, ਆਪਣੇ ਮਾਂ-ਪਿਓ ਅਤੇ ਭੈਣ ਭਰਾ ਪਾਸ ਹੋਵੇ। ਮੈਨੂੰ ਖਿਆਲ ਆਇਆ। ਮੇਰਾ ਦਿਲ ਕੀਤਾ ਇਸ ਵੇਲੇ ਇਸ ਨੂੰ ਕੋਈ ਜਗਾਵੇ ਨਾ ਤੇ ਇਹ ਇਸੇ ਤਰ੍ਹਾਂ ਮੁਸਕਰਾਉਂਦਾ ਰਹੇ — ਭਾਵੇਂ ਸੁਪਨੇ 'ਚ ਹੀ ਸਹੀ, ਕੁਝ ਦੇਰ ਲਈ ਤਾਂ ਇਸ ਦੀ ਰੂਹ ਨੂੰ ਚੈਨ ਮਿਲੇਗਾ। ਇੰਨੀ ਮਨਮੋਹਣੀ ਮੁਸਕਰਾਹਟ ਮੈਂ ਜ਼ਿੰਦਗੀ 'ਚ ਪਹਿਲੀ ਵਾਰ ਦੇਖੀ ਸੀ। ਫਿਰ ਖਿਆਲ ਆਇਆ ਕਿ ਜਦੋਂ ਇਹ ਉਠੇਗਾ, ਫਿਰ ਉਦਾਸ ਹੋ ਜਾਵੇਗਾ। ਮੇਰਾ ਦਿਲ ਕੀਤਾ ਕਿ ਕੋਈ ਇਸ ਨੂੰ ਜਗਾਉਣ ਨਾ ਆਵੇ ਤੇ ਮੈਂ ਹਰ ਉਸ ਮੁਲਾਜ਼ਮ ਨੂੰ ਵਾਪਿਸ ਪਰਤਾ ਦਿਆਂ ਜੋ ਵੀ ਇਸ ਨੂੰ ਜਗਾਉਣ ਲਈ ਆਵੇ। ਪਰ ਮੈਂ ਐਸਾ ਕਿਵੇਂ ਕਰ ਸਕਦਾ ਸਾਂ ? ਮੈਨੂੰ ਫਿਰ ਦੁੱਖ ਜਿਹਾ ਹੋਇਆ ਜਦੋਂ ਉਹੀ ਪੁਲਸੀਆ ਆਪਣੇ ਵੱਲ ਆਉਂਦਾ ਦਿਖਾਈ ਦਿੱਤਾ। ਮੈਨੂੰ ਪਤਾ ਸੀ ਕਿ ਇਹ ਹੁਣ ਫਿਰ ਜ਼ਬਾਨ ਗੰਦੀ ਕਰੇਗਾ ਤੇ ਇਸ ਵਿਚਾਰੇ ਨੂੰ ਬੁਰਾ ਭਲਾ ਕਹੇਗਾ। ਇਸ ਤੋਂ ਪਹਿਲਾਂ ਕਿ ਉਹ ਕੁਝ ਬੋਲਦਾ, ਮੈਂ ਆਪਣੇ ਸਾਥੀ ਨੂੰ ਜਗਾਉਣ ਲਈ ਅਜੇ ਹੱਥ ਹੀ ਵਧਾਇਆ ਸੀ, ਪਰ ਗੰਦੇ ਬੋਲਾਂ ਦੀ ਹਵਾੜ ਪਹਿਲਾਂ ਹੀ ਮੇਰੇ ਤੱਕ ਪਹੁੰਚ ਗਈ।

"ਇਹ ਮਾਂ ਦਾ ਯਾਰ ... ਅਜੇ ਤੱਕ ਨਹੀਂ ਉਠਿਆ" ਉਹ ਦੂਰੋਂ ਹੀ ਕੜਕਿਆ। "ਜੇ ਚਾਰ ਠੁੱਡੇ ਪੈ ਗਏ, ਫਿਰ ਕਦੇ ਨੀਂਦ ਨਹੀਂ ਆਇਆ ਕਰਨੀ।" ਇਸ ਤਰ੍ਹਾਂ ਉਹ ਬੋਲ ਰਿਹਾ ਸੀ ਜਿਵੇਂ ਉਹ ਕੋਈ ਪੁਲਸੀਆ ਨਾ ਹੋ ਕੇ ਕੋਈ ਹਿਟਲਰ ਹੋਵੇ।

"ਇਸ ਵਿਚਾਰੇ ਨੂੰ ਨੀਂਦ ਕੀ ਆਵੇਗੀ ਅਬਦੁਲ, ਇਹ ਤਾਂ ਆਪਣੀ ਨੀਂਦ ਕਿਤੇ ਛੱਡ ਆਇਆ ਹੈ ? ਜੇ ਇਹ ਇਥੇ ਨੀਂਦ ਲੈ ਕੇ ਆਇਆ ਹੁੰਦਾ, ਫਿਰ ਹੁਣ ਤੱਕ ਜਾਗਿਆ ਨਾ ਹੁੰਦਾ, ਤੇ ਤੇਰੇ ਵਰਗੇ ਟਕੇ ਦੇ ਸਿਪਾਹੀ ਤੋਂ ਕਿਉਂ ਗਾਲ੍ਹਾਂ ਖਾਂਦਾ ....।" ਮੇਰੀ ਗੱਲ ਅਜੇ ਵਿਚਕਾਰ ਹੀ ਸੀ ਕਿ ਉਹ ਅੱਖਾਂ ਮਲਦਾ ਖੜ੍ਹਾ ਹੋ ਗਿਆ ਤੇ ਘੜੇ 'ਚੋਂ ਪਾਣੀ ਦੀ ਗੜਵੀ ਲੈ, ਮੂੰਹ ਧੋ ਕੇ ਫਿਰ ਹੇਠਾਂ ਵਿਛੇ ਕੰਬਲ 'ਤੇ ਬੈਠ ਗਿਆ। ਨੀਵੀਂ ਪਾਈ ਫਟੇ ਪੁਰਾਣੇ ਕੰਬਲ ਨੂੰ ਉਹ ਘੂਰ-ਘੂਰ ਵੇਖ ਰਿਹਾ ਸੀ। ਮੈਂ ਧਿਆਨ ਨਾਲ ਦੇਖਿਆ— ਉਹੀ ਉਦਾਸ ਚਿਹਰਾ, ਉਹੀ ਉਦਾਸ ਨਜ਼ਰਾਂ।

"ਪੀਓ ਦੋਸਤ, ਚਾਹ ਪੀਓ" ਮੈਂ ਚਾਹ ਦਾ ਕੱਪ ਉਸ ਦੇ ਅੱਗੇ ਰੱਖਦਿਆਂ ਕਿਹਾ।

ਉਹ ਕੁਝ ਨਾ ਬੋਲਿਆ ਅਤੇ ਨਾ ਮੇਰੇ ਨਾਲ ਨਜ਼ਰਾਂ ਮਿਲਾਉਣ ਦੀ ਕੋਸ਼ਿਸ਼ ਕੀਤੀ। ਉਹ ਚੁੱਪ ਚਾਪ ਚਾਹ ਪੀਣ ਲੱਗਾ ਤੇ ਮੈਨੂੰ ਜਾਪਿਆ ਜਿਵੇਂ ਉਹ ਚਾਹ ਨਹੀਂ, ਹੰਝੂਆਂ ਦੇ ਘੁੱਟ ਪੀ ਰਿਹਾ ਹੋਵੇ। ਬੜੀ ਵਾਰੀ ਦਿਲ ਕੀਤਾ ਕਿ ਉਸ ਤੋਂ ਉਸ ਦਾ ਦਰਦ ਪੁੱਛਾਂ, ਇਥੋਂ ਤੱਕ ਕਿ ਉਸ ਦੇ ਸਫਰ ਦੀ ਕਹਾਣੀ ਪੁੱਛਾਂ। ਪਰ ਜਿੰਨੇ ਵਾਰੀ ਵੀ ਕੋਸ਼ਿਸ਼ ਕੀਤੀ, ਉਸ ਨੇ ਚੁੱਪ ਨਾ ਤੋੜੀ।

ਇੰਨਾ ਮੈਂ ਸਮਝ ਲਿਆ ਸੀ ਕਿ ਉਹ ਕੋਈ ਕਾਤਲ ਨਹੀਂ, ਜ਼ਰੂਰ ਕੋਈ ਬੇਗੁਨਾਹ ਹੈ, ਕਿਉਂਕਿ ਕਾਤਲ ਦੀਆਂ ਅੱਖਾਂ 'ਚ ਹੰਝੂ ਨਹੀਂ ਹੁੰਦੇ ਤੇ ਕਤਲ ਕੋਈ ਪੱਥਰ ਦਿਲ ਹੀ ਕਰ ਸਕਦਾ ਹੈ। ਕਾਤਲ ਜੇਲ੍ਹ 'ਚ ਕਦੇ ਚੁੱਪ ਨਹੀਂ ਬੈਠ ਸਕਦਾ, ਇਹਦੇ ਵਾਂਗ ਧੇਲੇ ਦੇ ਪੁਲਸੀਏ ਤੋਂ ਗਾਲ੍ਹਾਂ ਖਾ ਕੇ ਸ਼ਿਕਵਾ ਤਾਂ ਕੀ ਕਰਨਾ ਸੀ, ਗਾਲ੍ਹਾਂ ਕੱਢਣ ਵਾਲੇ ਨਾਲ ਕਦੇ ਅੱਖ ਹੀ ਨਹੀਂ ਮਿਲਾਈ।

ਮਾਨਸਿਕ ਤੌਰ 'ਤੇ ਮੈਂ ਉਹਨੂੰ ਕਦੇ ਜੇਲ੍ਹ 'ਚ ਵੇਖਿਆ ਹੀ ਨਹੀਂ ਸੀ, ਉਸ ਦਾ ਮਨ ਤਾਂ ਕਿਤੇ ਹੋਰ ਹੁੰਦਾ ਸੀ, ਜੇਲ੍ਹ ਦੀ ਦੁਨੀਆਂ ਤੋਂ ਬਾਹਰ, ਜ਼ਰੂਰ ਕਿਸੇ ਆਪਣੇ ਪਾਸ। ਉਸ ਨੂੰ ਨਾ ਕੋਈ ਰੋਟੀ ਦਾ ਫਿਕਰ ਸੀ ਨਾ ਹੀ ਚਾਹ ਪਾਣੀ ਦਾ। ਜਦੋਂ ਮਿਲ ਜਾਂਦੇ ਖਾ ਲੈਂਦਾ, ਪੀ ਲੈਂਦਾ।

ਦਿਨ ਬੀਤਦੇ ਗਏ। ਉਸ ਦੀ ਉਦਾਸੀ ਉਥੇ ਦੀ ਉਥੇ ਰਹੀ। ਜਿਉਂ ਜਿਉਂ ਮੈਂ ਉਸ ਦੇ ਨਜ਼ਦੀਕ ਹੋਣ ਦੀ ਕੋਸ਼ਿਸ਼ ਕੀਤੀ, ਉਹ ਹੋਰ ਦੂਰ ਹੁੰਦਾ ਗਿਆ। ਉਹ ਮੇਰੇ ਲਈ ਇਕ ਬੁਝਾਰਤ ਬਣ ਗਿਆ ਸੀ, ਜਿਸ ਨੂੰ ਮੈਂ ਬੁੱਝਣਾ ਚਾਹੁੰਦਾ ਸਾਂ - ਉਸ ਦਾ ਦਰਦ ਵੰਡਾਉਣਾ ਚਾਹੁੰਦਾ ਸਾਂ। ਮੈਂ ਜਾਣਦਾ ਸਾਂ ਕਿ ਅਗਰ ਇਸ ਦੇ ਅੰਦਰ ਮੱਚ ਰਹੀ ਜਵਾਲਾ ਨੂੰ ਬਾਹਰ ਨਾ ਲਿਆਂਦਾ ਗਿਆ, ਇਹ ਇਸ ਨੂੰ ਅੰਦਰੋਂ ਬਾਹਰੋਂ ਸੁਆਹ ਕਰ ਦੇਵੇਗੀ।

ਪਰ ਇਕ ਉਹ ਸੀ ਜੋ ਆਪਣੀ ਅੱਗ ਕਿਸੇ ਨੂੰ ਦੇਣਾ ਨਹੀਂ ਸੀ ਚਾਹੁੰਦਾ, ਵੰਡਾਉਣਾ ਨਹੀਂ ਸੀ ਚਾਹੁੰਦਾ ਤੇ ਖੁਦ ਜਲਣ ਲਈ ਬਾਲਣ ਬਣਿਆ ਬੈਠਾ ਸੀ। ਸੋਚਦਾ ਸਾਂ ਕਿ ਅਗਰ ਇਹ ਇਸੇ ਤਰ੍ਹਾਂ ਜਲਦਾ ਰਿਹਾ, ਕੈਦ ਖਤਮ ਹੋਣ ਤੋਂ ਪਹਿਲਾਂ ਹੀ ਇਹ ਖਤਮ ਹੋ ਜਾਵੇਗਾ।

ਫਿਰ ਇਕ ਦਿਨ, ਮੁਲਾਕਾਤ ਦੇ ਸਮੇਂ, ਮੇਰਾ ਕੋਈ ਮੁਲਾਕਾਤੀ

ਬਾਕੀ ਪੰਨਾ 24 ਉਤੇ

**BHANDAL DRYWALL LTD.**

3397 Kingsway, Vancouver, B.C.

Ph. 430-5011



Vice President
**Karnail S. Bhandal**

President
**Jarnail S. Bhandal M.A.**

ਪੰਨਾ 24 ਦੀ ਬਾਕੀ

"ਕਿੱਥੇ ਜਾ ਰਹੇ ਹੋ ਸਰਦਾਰ ਜੀ ?" ਉਸ ਨੇ ਪੰਜਾਬੀ ਵਿਚ ਪੁੱਛਿਆ।

"ਆਪਣੇ ਦੇਸ਼, ਆਪਣੇ ਪੰਜਾਬ" ਖੁਸ਼ੀ ਮੇਰੇ ਅੰਗ ਅੰਗ 'ਚ ਨੱਚ ਰਹੀ ਸੀ।

"ਕੁਝ ਦਿਨ ਲਈ ਜਾਂ ...।"

"ਸਦਾ ਲਈ, ਮੁੜਕੇ ਨਾ ਆਉਣ ਲਈ", ਮੈਂ ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਉਤਰ ਦਿੱਤਾ।

"ਕੀ ਗੱਲ ? ਅਮਰੀਕਾ ਚੰਗਾ ਨਹੀਂ ਲੱਗਾ।"

"ਨਹੀਂ।"

"ਕਿਉਂ ?"

"ਇਹ ਕੋਈ ਦੇਸ਼ ਹੈ ? ਜੇਲ੍ਹ ਹੈ ਜੇਲ੍ਹ।"

ਇੰਨਾ ਕਹਿ ਕੇ ਮੇਰਾ ਕੈਦੀ ਦੋਸਤ ਚੁੱਪ ਹੋ ਗਿਆ ਤੇ ਥੋੜ੍ਹੀ ਦੇਰ ਚੁੱਪ ਰਹਿ ਕੇ ਫਿਰ ਬੋਲਿਆ।

"ਕਿਸਮਤ ਬੜੀ ਅਜੀਬ ਹੈ ਦੋਸਤ ਜੇਲ੍ਹ ਸ਼ਬਦ ਮੂੰਹੋਂ ਨਿਕਲਿਆ ਸੀ ਤੇ ਆਉਂਦਿਆਂ ਹੀ ਜੇਲ੍ਹ ਮਿਲ ਗਈ — ਆਪਣੀ ਬੱਚੀ ਤੇ ਬੀਵੀ ਨੂੰ ਅਜੇ ਗਲੇ ਵੀ ਨਹੀਂ ਸੀ ਲਾਇਆ, ਉਨ੍ਹਾਂ ਦੀ ਸ਼ਕਲ ਵੀ ਨਹੀਂ ਸੀ ਦੇਖੀ — ਉਨ੍ਹਾਂ ਤੋਂ ਪਹਿਲਾਂ ਜੇਲ੍ਹ ਦੇ ਫਾਟਕ ਸ਼ਾਇਦ ਮੇਰਾ ਇੰਤਜ਼ਾਰ ਕਰ ਰਹੇ ਸਨ।"

ਉਹ ਇਕ ਵਾਰ ਫੇਰ ਚੁੱਪ ਹੋ ਗਿਆ। ਉਸ ਨੇ ਇਕ ਲੰਮਾ ਜਿਹਾ ਸਾਹ ਖਿਚਿਆ, ਮੈਨੂੰ ਜਾਪਿਆ ਜਿਵੇਂ ਉਸ ਦੇ ਦਿਮਾਗ ਤੋਂ ਬਹੁਤ ਸਾਰਾ ਬੋਝ ਉਤਰ ਗਿਆ ਹੋਵੇ।

ਉਸ ਦੀ ਕਹਾਣੀ ਦਾ ਅੰਤਲਾ ਕਾਂਡ ਅਜੇ ਵੀ ਮੇਰੇ ਲਈ ਅਧੂਰਾ ਸੀ ਤੇ ਉਹ ਵੀ ਸੁਣਨ ਲਈ ਮੈਂ ਉਤਾਵਲਾ ਸਾਂ।

"ਅਧੂਰੀ ਕਹਾਣੀ ਦਾ ਅਗਲਾ ਹਿਸਾ ?" ਮੈਂ ਕਿਹਾ।

"ਦਿੱਲੀ ਏਅਰ ਪੋਰਟ 'ਤੇ ਪਹੁੰਚਦਿਆਂ ਹੀ ਸੁਨੇਹਾ ਮਿਲਿਆ ਕਿ ਪਟਿਆਲੇ ਪਹੁੰਚਣ ਦੀ ਬਜਾਏ ਪਿੰਡ ਹੀ ਆ ਜਾਵੋ — ਗੁਆਂਢੀਆਂ ਨਾਲ ਸ਼ਾਇਦ ਕੋਈ ਜ਼ਮੀਨ ਦਾ ਝਗੜਾ ਚੱਲ ਰਿਹਾ ਸੀ। ਦਿਲ ਤਾਂ ਬਹੁਤ ਕਰਦਾ ਸੀ ਕਿ ਸਿੱਧਾ ਪਟਿਆਲਾ ਆਪਣੀ ਬੀਵੀ ਤੇ ਬੱਚੀ ਪਾਸ ਪਹੁੰਚ ਜਾਵਾਂ ਪਰ ਇਹ ਸੋਚ ਕੇ ਝਗੜਾ ਜ਼ਿਆਦਾ ਨਾ ਵਧ ਗਿਆ ਹੋਵੇ, ਮੈਂ ਸਿੱਧਾ ਪਿੰਡ ਹੀ ਪਹੁੰਚ ਗਿਆ।

"ਹੋਣੀ ਸ਼ਾਇਦ ਮੇਰੇ 'ਤੇ ਖੜ੍ਹੀ ਮੁਸਕਰਾ ਰਹੀ ਸੀ ਮੇਰੇ ਦੋਸਤ।" ਉਸ ਨੇ ਰੁਕ ਕੇ ਫਿਰ ਕਹਿਣਾ ਸ਼ੁਰੂ ਕੀਤਾ, "ਜਿਉਂ ਹੀ ਘਰ ਪਹੁੰਚਿਆ, ਪੁਲੀਸ ਹੱਥਕੜੀਆਂ ਲਈ ਘਰ ਦੇ ਦਰਵਾਜ਼ੇ 'ਤੇ ਮੇਰੇ 'ਸੁਆਗਤ' ਲਈ ਖੜ੍ਹੀ ਸੀ। ਮਾਂ-ਪਿਓ ਤੇ ਭੈਣ-ਭਰਾ ਨੂੰ ਗਲਵਕੜੀ ਪਾਉਣ ਲਈ ਤਰਸਦੀਆਂ ਬਾਹਾਂ ਨੂੰ ਹੱਥਕੜੀਆਂ ਪਹਿਨਾ ਦਿੱਤੀਆਂ ਗਈਆਂ। ਮੈਂ ਹੈਰਾਨ ਹੋਇਆ ਇਧਰ ਉਧਰ ਤੱਕ ਰਿਹਾ ਸੀ ਕਿ ਇਹ ਕੀ ਹੋ ਗਿਆ ? ਜੀਪ ਵਿਚ ਬਿਠਾ ਕੇ ਪੁਲੀਸ ਮੈਨੂੰ ਥਾਣੇ ਲੈ ਗਈ। ਜਿਥੇ ਮੈਨੂੰ ਪਤਾ ਚੱਲਿਆ ਕਿ ਜਿਸ ਕਤਲ ਕੇਸ ਵਿਚ ਮੈਨੂੰ ਪਕੜਿਆ ਗਿਆ ਹੈ, ਦਰਅਸਲ ਉਹ ਬੰਦਾ ਦਿਲ ਦਾ ਮਰੀਜ਼ ਸੀ ਤੇ ਉਸ ਦੀ ਮੌਤ ਹਰਟ ਅਟੈਕ ਨਾਲ ਹੋਈ ਹੈ। ਪੁਲੀਸ ਵਾਲਿਆਂ ਨੇ ਪੈਸੇ ਲੈ ਕੇ ਮੌਤ ਨੂੰ ਕਤਲ ਕੇਸ ਬਣਾ ਕੇ ਪੇਸ਼ ਕੀਤਾ।

"ਖੈਰ ਮੈਂ ਘਬਰਾਇਆ ਨਹੀਂ ਤੇ ਮੈਨੂੰ ਪਤਾ ਸੀ ਕਿ ਪੋਸਟ-ਮਾਰਟਮ ਰਿਪੋਰਟ ਆਉਣ 'ਤੇ ਮੈਂ ਛੁੱਟ ਜਾਵਾਂਗਾ, ਪੁਲੀਸ ਦਾ ਝੂਠ ਨੰਗਾ ਹੋ ਜਾਵੇਗਾ, ਮੇਰਾ ਵਿਸ਼ਵਾਸ਼ ਅਜੇ ਵੀ ਕਹਿ ਰਿਹਾ ਸੀ।"

"ਪੁਲੀਸ ਵਾਲਿਆਂ ਪੋਸਟ-ਮਾਰਟਮ ਲਿਖਣ ਤੋਂ ਪਹਿਲਾਂ ਹੀ ਲਾਸ਼ ਦਾ ਸਸਕਾਰ ਕਰਵਾ ਦਿੱਤਾ। ਬਾਦ 'ਚ ਰਿਪੋਰਟ ਸੁਣ ਕੇ ਮੇਰੀਆਂ ਖਾਨਿਉਂ ਗਈਆਂ — ਲਿਖਿਆ ਗਿਆ ਸੀ ਕਿ ਮ੍ਰਿਤਕ ਤੇਜ਼ਧਾਰ ਹਥਿਆਰਾਂ ਦੇ ਜ਼ਖਮਾਂ ਨਾਲ ਮਰਿਆ ਹੈ। ਮੈਨੂੰ ਬਾਦ ਵਿਚ ਪਤਾ ਚਲਿਆ ਕਿ ਇਹ ਸਭ ਕੁਝ ਡਾਕਟਰ ਤੋਂ ਹਜ਼ਾਰਾਂ ਰੁਪਿਆ ਦੇ ਕੇ ਕਰਵਾਇਆ ਗਿਆ ਹੈ।"

"ਕੇਸ ਇਕ ਕੋਰਟ ਤੋਂ ਬਾਅਦ ਦੂਸਰੀ ਕੋਰਟ 'ਚ ਗਿਆ ਤੇ ਅਸੀਂ ਹਰ ਥਾਂ ਆਪਣੀ ਬਾਜ਼ੀ ਹਾਰਦੇ ਗਏ। ਜੋ ਪੈਸਾ ਬਦੇਸ਼ੋਂ ਲੈ ਕੇ ਆਇਆ ਸੀ — ਸਾਰਾ ਪੁਲੀਸ ਵਾਲਿਆਂ ਤੇ ਵਕੀਲਾਂ ਦੇ ਢਿੱਡ 'ਚ ਪਾ ਦਿੱਤਾ।"

ਉਸ ਨੇ ਇਕ ਹੌਕਾ ਲਿਆ ਤੇ ਫਿਰ ਬੋਲਿਆ, "ਇਹ ਸੀ ਮੇਰੀ ਕਿਸਮਤ ਦੀ ਦਾਸਤਾਨ — ਤੇ ਜਿਸ ਨੂੰ ਤੂੰ ਆਜ਼ਾਦੀ ਦਾ ਦਿਨ ਕਹਿ ਰਿਹਾ ਏਂ, ਦਰਅਸਲ ਇਹ ਮੇਰੀ ਗੁਲਾਮੀ ਦਾ ਦਿਨ ਹੈ।"

ਭਰੀਆਂ ਅੱਖਾਂ ਡੋਲ੍ਹ ਕੇ ਉਹ ਭੁੰਜੇ ਕੰਬਲ 'ਤੇ ਬੈਠ ਗਿਆ। ਮਿੰਨੀ ਜਿਹੀ ਮੁਸਕਰਾਹਟ ਚਿਹਰੇ 'ਤੇ ਲਿਆਉਂਦਿਆਂ ਉਸ ਨੇ ਮੇਰੇ ਵੱਲ ਦੇਖਿਆ ਅਤੇ ਮੈਂ ਉਠ ਕੇ ਉਸ ਨੂੰ ਆਪਣੇ ਗਲੇ ਲਾ ਲਿਆ।

# ਮੈਂ ਭੇਦ ਛੁਪਾ ਕੇ ਕੀ ਲੈਣਾ

**ਸੰਤੋਖ ਸਿੰਘ ਗਿੱਲ 'ਜਗਤਪੁਰੀ', ਯੂ. ਐਸ. ਏ.**

ਮੈਨੂੰ ਢੋਲ ਵਜਾਕੇ ਪੀਣ ਦਿਓ,
ਮੈਂ ਭੇਦ ਛੁਪਾਕੇ ਕੀ ਲੈਣਾ
ਜਨਤ ਦੇ ਠੇਕੇਦਾਰਾਂ ਦੀ,
ਸ਼ੋਹਬਤ ਵਿਚ ਰਹਿਕੇ ਕੀ ਲੈਣਾ।

ਉਹ ਪਾਕ ਪਵਿਤਰ ਮੋਮਨ ਹੈ,
ਜੋ ਮਹਿਫਲ ਦੇ ਵਿਚ ਆ ਜਾਵੇ
ਫਿਰ ਮਹਿਫਲ ਦੇ ਰੰਗੇ ਨੂਰ ਵਿਚੋਂ,
ਇਹ ਕਦਮ ਉਠਾ ਕੇ ਕੀ ਲੈਣਾ।

ਔਹ ਚੰਗਾ ਹੈ, ਔਹ ਮੰਦਾ ਹੈ,
ਇਸ ਰੱਬ ਦੀ ਵਸਦੀ ਦੁਨੀਆਂ ਤੇ
ਬਦ-ਮਗਜ਼ੀ ਠੰਡੀ ਸੋਚਾਂ ਦੀ
ਮੈਂ ਢਾਬ 'ਚ ਡੁਬਕੇ ਕੀ ਲੈਣਾ।

ਕਰ ਕਰਕੇ ਗੱਲਾਂ ਸੜਦੇ ਜੋ
ਸਾਡੀ ਮਸਤੀ ਬੇ-ਬਰਬਾਦੀ ਤੇ
ਉਸ ਨਫਰਤ ਰੱਜੀ ਦੁਨੀਆਂ ਤੋਂ
ਮੈਂ ਪੱਲੇ ਅੱਡਕੇ ਕੀ ਲੈਣਾ।

ਭਾਸ਼ਣ ਦੀ ਲੰਮੀ ਕਥਾ ਵਿਚੋਂ,
ਜੋ ਦੰਗੇ ਲਾਂਬੂ ਉਗਣੇ ਨੇ
ਫਿਰ ਜਗਦੇ ਨੀਤੀਵਾਨਾਂ ਦੀ
ਪੰਗਤ ਵਿਚ ਬਹਿਕੇ ਕੀ ਲੈਣਾ।

ਟੂਕਾਂ ਲਾ ਰਿੰਦਾ ਨਿੰਦੋ ਨਾ
ਜੀ ਕਰਦੈ ਤਾਂ ਘੁੱਟ ਪੀ ਜਾਵੋ
ਰੂਹਾਂ ਦੀ ਚਾਹਤ ਮਾਰੋ ਨਾ
ਗੀਤਾਂ ਵਿਚ ਫਸਕੇ ਕੀ ਲੈਣਾ।

ਆਓ ਬੋਤਲ ਘੁੱਟ ਘੁੱਟ ਪੀ ਕੇ ਤੇ,
ਚੰਦ ਪਿਆਰ ਦੇ ਨਗਮੇਂ ਗਾ ਲਈਏ
ਇਸ ਘੁੱਟਣੀ ਘੁੱਟਣੀ ਵਾਦੀ ਦੇ
'ਗਿੱਲ' ਪਿਛੇ ਲਗਕੇ ਕੀ ਲੈਣਾ।

ਗੋਰੇ ਤੇ ਕਾਲੇ ਰੰਗਾਂ ਦਾ
ਜਿਸ ਦਿਲ ਵਿਚ ਡੂੰਘਾ ਪਾੜਾ ਏ।
ਉਸ ਦਿਲ ਦੇ ਨਫਰਤ ਦੇ ਬੋਲਾਂ ਨੂੰ
ਮੈਂ ਕੰਨਾਂ 'ਚ ਪਾ ਕੇ ਕੀ ਲੈਣਾ।

ਮੈਨੂੰ ਢੋਲ ਵਜਾਕੇ ਪੀਣ ਦਿਓ,
ਮੈਂ ਭੇਦ ਛੁਪਾਕੇ ਕੀ ਲੈਣਾ
ਜਨਤ ਦੇ ਠੇਕੇਦਾਰਾਂ ਦੀ
ਸ਼ੋਹਬਤ ਵਿਚ ਰਹਿਕੇ ਕੀ ਲੈਣਾ।


## ਐਡੀਟਰ ਦੀ ਲੋੜ

ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਜਾਨਣ ਵਾਲੇ ਐਡੀਟਰ ਦੀ ਲੋੜ ਹੈ। ਉਮੀਦਵਾਰ ਆਰਟੀਕਲ ਲਿਖਣ, ਐਡਿਟ ਕਰਨ ਅਤੇ ਲੇਅ ਆਊਟ ਕਰਨ ਦਾ ਕੰਮ ਚੰਗੀ ਤਰ੍ਹਾਂ ਜਾਣਦਾ ਹੋਵੇ। ਇਸ਼ਤਿਹਾਰਾਂ ਦਾ ਕੰਮ ਵੀ ਕਰਨਾ ਪਵੇਗਾ। ਯੋਗ ਉਮੀਦਵਾਰ ਹੇਠ ਲਿਖੇ ਪਤੇ 'ਤੇ ਲਿਖਣ :

**D.B.**
**23524 - AMF**
**Vancouver, B.C. V7B 1W2**


# ਬੇੜੀ ਕਾਗ਼ਜ਼ ਦੀ

ਸੁਮੇਰ

ਬੇੜੀ ਕਾਗ਼ਜ਼ ਦੀ ਮੈਂ ਤਾਰੀ
ਸੱਤ ਸਮੁੰਦਰ' ਤੇ ਅਸਵਾਰੀ
ਤੂਫਾਨਾਂ ਦੀਆਂ ਚੀਕਣ ਜੀਭਾਂ

"ਪਾਣੀ ਕਾਗ਼ਜ਼ ਦੀ ਨਹੀਂ ਯਾਰੀ।"
ਪਰ ਲੋਹਿਆ ਮਿਰੇ ਸੰਗ ਨ ਹੋਇਆ ---

ਭੰਨ ਭੰਨ ਪਤਝੜ ਤੋਂ ਤੀਲ੍ਹੇ
ਇਕ ਕੰਡਿਆਲੀ ਸੇਜ ਬਣਾਈ
ਪਹੁੰਚ ਮੇਰੀ ਤੋਂ ਡਾਲ ਉਚੇਰੀ
ਕੋਈ ਕਲੀ ਝੜ ਕੇ ਨਾ ਆਈ

ਅਪਣੀ ਜੀਵਨ ਜਾਤ ਨੂੰ ਸਿਰ ਤੋਂ
–ਪੈਰਾਂ ਤੀਕ ਸ਼ਿੰਗਾਰਤ ਕੀਤਾ
ਨਾ ਉਸ ਕੰਡਿਆ ਦਾ ਗ਼ਮ ਖਾਧਾ
ਨਾ ਕਾਗ਼ਜ਼ ਦਾ ਹੌਕਾ ਪੀਤਾ

ਅਪਣੇ ਸਾਹ ਦੇ ਦੋ ਰੁਗ ਭਰ ਕੇ
ਬੇੜੀ 'ਤੇ ਉਸ ਪੈਰ ਟਿਕਾਇਆ
ਨਾ ਕੋਈ ਉਸ 'ਤੇ ਨਜ਼ਰ ਪੈ ਸਕੀ
ਨਾ ਕੋਈ ਉਸ ਨੂੰ ਤੋਰਨ ਆਇਆ

ਚੰਨ ਸੂਰਜ ਤਲੀਆਂ' ਤੇ ਉਗਾ ਕੇ
ਖੇਲ੍ਹ ਰਿਹਾ ਬੇੜੀ ਸੰਗ ਸਾਗਰ
ਪਰ ਮੈਂ ਕੰਢੇ ਉਤੇ ਅੱਧਾ
–ਏਧਰ ਹਾਂ ਅੱਧਾ ਕੁਝ ਔਧਰ

ਮੇਰੀ ਜੀਵਨ ਜਾਤ ਦੇ ਕਦਮਾਂ
–ਤੀਕ ਕੋਈ ਮੈਨੂੰ ਲੈ ਜਾਏ
ਜਾਂ ਫਿਰ ਇਸਦੇ ਆਕੀ ਤਨ ਦੀ
ਪੀੜ ਦੀ ਕੋਈ ਗੱਲ ਸੁਣਾਏ

ਬੇੜੀ ਬੇਸ਼ਕ ਮੁੜੇ ਨ ਪਿੱਛੇ
ਖੇਲ੍ਹ ਮੈਂ ਵੀ ਇਕ ਖੇਲ੍ਹ ਰਿਹਾ ਹਾਂ
ਰਤੇਂ ਤੇ ਚੱਪੂ ਵਾਹ ਵਾਹ ਕੇ
ਬੜੀ ਵਲ ਨੂੰ ਠੇਲ੍ਹ ਰਿਹਾ ਹਾਂ

ਦਰਸ਼ਨ ਨੱਤ

ਦਿਨੇ-ਰਾਤੀਂ ਗ਼ੁਜ਼ਰੀਏ ਕਿਸ ਤਰ੍ਹਾਂ ਕਪਟਾਂ-ਛਲਾਂ ਵਿਚੋਂ!
ਕਿ ਇਹ ਸਾਡਾ ਹੀ ਜੇਰਾ ਉਗਮੀਏ, ਮੋਏ ਪਲਾਂ ਵਿਚੋਂ।

ਕਿ ਪਿਘਲੇ ਪਲਾਂ ਦੀ ਇਸ ਦਾਸਤਾਂ ਨੂੰ ਕੌਣ ਛੇੜੇਗਾ
ਇਨ੍ਹਾਂ ਜ਼ਿੰਦਾ-ਦਿਲਾਂ ਵਿਚੋਂ, ਇਨ੍ਹਾਂ ਮੁਰਦਾ-ਦਿਲਾਂ ਵਿਚੋਂ।

ਮਹਿਜ਼ ਇਕ ਹਾਦਸੇ ਪਿੱਛੋਂ, ਘਰਾਂ ਨੂੰ ਪਰਤ ਆਉਂਦੇ ਹਾਂ
ਜਿਵੇਂ ਤਨਹਾ ਕੋਈ ਪਰਤੇ, ਕਿ ਭਰੀਆਂ ਮਹਿਫਲਾਂ ਵਿਚੋਂ।

ਕਰੀ ਜਾਂਦੇ ਹਾਂ ਪੂਜਾ-ਅਰਚਨਾ, ਬੇਜਾਨ ਬੁੱਤਾਂ ਦੀ
ਕਿ ਮਿਲਿਆ ਰੱਬ ਧੰਨੇ ਨੂੰ, ਇਨ੍ਹਾਂ ਪੱਥਰ-ਸਿਲਾਂ ਵਿਚੋਂ।

ਹਜ਼ਾਰਾਂ ਸਾਲ ਗੁਜ਼ਰੇ, ਝੁੱਲੀਆਂ ਲੱਖਾਂ ਹਵਾਵਾਂ ਵੀ
ਅਸੀਂ ਸੱਸੀ ਦੀ ਲੱਭੀਏ ਪੈੜ, ਹੁਣ ਮਾਰੂਥਲਾਂ ਵਿਚੋਂ।

ਰੋਈ ਜਾਵੇ, ਰੋਈ ਜਾਵੇ, ਪਕੜ ਕੇ ਉਲਝੀਆਂ ਤੰਦਾਂ
ਨਾ ਲੱਭਣਾ ਕੁਝ, ਨਾ ਲੱਭਿਆ ਹੈ, ਇਨ੍ਹਾਂ ਪਲਰੇ ਵਲਾਂ ਵਿਚੋਂ।

ਝਨਾਂ ਦੇ ਸ਼ਾਂਤ ਕੰਢੇ, ਸ਼ੂਕਦੇ ਪਾਣੀ ਗਰਗਲਾਉਂਦੇ
ਕਿਵੇਂ ਵਿਰਲਾਪ ਸੋਹਣੀ ਦਾ, ਸੁਣੇ ਡੂੰਘੇ ਤਲਾਂ ਵਿਚੋਂ ?


# Success Through Service & Experience

**AWARD WINNER**

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**

**Without any obligation, contact**

Buying, Selling or Trading

**ਮਕਾਨ ਵੇਚਣ ਜਾਂ ਖ਼ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ**

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**

# ਕੈਨੇਡਾ ਦੀ ਸਮਕਾਲੀ ਪੰਜਾਬੀ ਕਵਿਤਾ ਅਤੇ ਕੁਝ ਸੰਬੰਧਿਤ ਮਸਲੇ

—ਸੁਖਿੰਦਰ—

ਪਿਛਲੇ ਕੁਝ ਸਾਲਾਂ ਤੋਂ ਹਿੰਦੁਸਤਾਨ ਦੀ ਨਿੱਘਰ ਰਹੀ ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਸਥਿਤੀ ਨੇ ਬਦੇਸ਼ਾਂ ਵਿਚ ਰਹਿ ਰਹੇ ਹਿੰਦੁਸਤਾਨੀ ਮੂਲ ਦੇ ਲੋਕਾਂ ਨੂੰ ਕਾਫ਼ੀ ਪ੍ਰਭਾਵਤ ਕੀਤਾ ਹੈ। ਹਿੰਦੁਸਤਾਨ ਵਿਚ ਵਾਪਰਨ ਵਾਲੀਆਂ ਅਣਸੁਖਾਵੀਆਂ ਘਟਨਾਵਾਂ ਦੇ ਅਸਰ ਨੂੰ ਘਟਾਉਣ/ਵਧਾਉਣ ਵਿਚ ਕੈਨੇਡਾ ਵਿਚ ਰਹਿ ਰਹੇ ਲੇਖਕਾਂ ਨੇ ਯਥਾ-ਸ਼ਕਤੀ ਆਪਣਾ ਹਿਸਾ ਪਾਇਆ ਹੈ। ਕੁਝ ਲੇਖਕ ਜੇਕਰ ਉਲਾਰ ਹੋ ਕੇ ਫਿਰਕੂ ਜਨੂੰਨ ਦੇ ਹੜ੍ਹ ਵਿਚ ਰੁੜ੍ਹ ਗਏ ਤਾਂ ਕੁਝ ਲੇਖਕ ਆਪਣੀ ਸਾਹਿਤਕ, ਸਮਾਜਿਕ ਅਤੇ ਸਭਿਆਚਾਰਕ ਜ਼ਿੰਮੇਂਵਾਰੀ ਨੂੰ ਨਿਭਾਉਂਦਿਆਂ ਹੋਇਆਂ, ਬਿਨ੍ਹਾਂ ਭਾਵੁਕ ਹੋਇਆਂ, ਪ੍ਰਗਤੀਵਾਦੀ ਸ਼ਕਤੀਆਂ ਨਾਲ ਮਿਲਕੇ ਹਾਲਾਤ ਦਾ ਸਹੀ ਨਿਰੀਖਣ ਕਰਨ ਲੱਗੇ। ਕੁਝ ਲੇਖਕਾਂ ਨੇ ਬਹੁ-ਰੰਗੇ ਮੁਖੌਟੇ ਪਹਿਣ ਲਏ। ਪਰ ਕੁਝ ਲੇਖਕ ਅਜਿਹੇ ਵੀ ਸਨ ਜਿਨ੍ਹਾਂ ਆਪਣੇ ਕੁਝ ਨਿੱਜੀ, ਪਰ ਅਗਿਆਤ, ਕਾਰਨਾਂ ਕਰਕੇ ਘਰਾਂ ਵਿਚ ਚੁੱਪ ਚਾਪ ਸਿਮਦੇ ਰਹਿਣਾ ਹੀ ਜਾਇਜ਼ ਸਮਝਿਆ। ਇੰਜ, ਇਹ ਸਾਰਾ ਦੌਰ ਹਿੰਦੁਸਤਾਨੀ ਮੂਲ ਦੇ ਲੇਖਕਾਂ ਅਤੇ ਉਨ੍ਹਾਂ ਵੱਲੋਂ ਪੈਦਾ ਕੀਤੇ ਜਾ ਰਹੇ ਸਾਹਿਤ ਲਈ ਇੱਕ ਬਹੁਤ ਹੀ ਮਹੱਤਵ-ਪੂਰਨ ਦੌਰ ਬਣ ਗਿਆ। ਅਤੇ ਇੰਜ ਇਸ ਸਾਰੇ ਦੌਰ ਨੇ ਇੱਕ ਬਿਲਕੁਲ ਨਵੇਂ ਮੁਹਾਂਦਰੇ ਵਾਲੀ ਪੰਜਾਬੀ ਕਵਿਤਾ ਨੂੰ ਜਨਮ ਦਿਤਾ। ਇਸ ਕਵਿਤਾ ਨੇ, ਮੂਲ ਰੂਪ ਵਿਚ, ਧਾਰਮਕ-ਜਨੂੰਨ, ਭ੍ਰਿਸ਼ਟ-ਰਾਜਨੀਤੀ, ਨਸਲਵਾਦ, ਸੱਭਿਆਚਾਰਕ-ਸੰਕਟ ਅਤੇ ਸਮਾਜਿਕ-ਰਿਸ਼ਤੇ ਜਿਹੇ ਵਿਸ਼ਿਆਂ ਨੂੰ ਆਪਦੀ ਪ੍ਰਿਸ਼ਟ-ਭੂਮੀ ਬਣਾਇਆ ਅਤੇ ਅਜਿਹਾ ਕਰਦਿਆਂ ਇਹ ਨਵੀਂ ਭਾਂਤ ਦੀ ਕਵਿਤਾ ਹੁਣ ਤੱਕ ਪਰਚਲਤ ਕਾਵਿ-ਸ਼ਾਸ਼ਤਰੀ ਕਦਰਾਂ ਕੀਮਤਾਂ ਨੂੰ ਰੱਦ ਕਰਦੀ ਹੋਈ, ਸਮਕਾਲੀ ਕਵਿਤਾ ਦੇ ਹਾਣ ਦੇ ਕਾਵਿ-ਸ਼ਾਸਤਰ ਦੀ ਤਲਾਸ਼ ਕੀਤੇ ਜਾਣ ਬਾਰੇ ਵੀ ਚੇਤੰਨ ਕਰਦੀ ਹੈ।

ਕੈਨੇਡਾ ਦੀ ਸਮਕਾਲੀ ਪੰਜਾਬੀ ਕਵਿਤਾ ਨੇ ਜਿੱਥੇ ਵਿਸ਼ੇ ਅਤੇ ਰੂਪ ਦੀ ਨਵੀਨਤਾ ਕਾਰਨ ਪਾਠਕਾਂ ਦਾ ਧਿਆਨ ਖ਼ਿਚਿਆ ਹੈ ਉਥੇ ਇਸ ਕਵਿਤਾ ਨਾਲ ਸੰਬੰਧਿਤ ਕੁਝ ਕਵੀਆਂ ਨੇ ਸਾਹਿਤਕ, ਸਮਾਜਿਕ ਅਤੇ ਆਲੋਚਨਾਤਮਕ ਸੰਕਟ ਵੀ ਖੜ੍ਹੇ ਕੀਤੇ ਹਨ। ਕੁਝ ਕਵੀਆਂ ਦੇ ਸਾਹਿਤਕ ਅਤੇ ਸਮਾਜਿਕ ਕਿਰਦਾਰ ਵਿਚਲੇ ਦਵੰਦ ਨੇ ਅਜਿਹੇ ਲੇਖਕਾਂ ਦਾ ਪੁਨਰ ਨਿਰੀਖਣ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਅਜਿਹਾ ਸੰਕਟ ਸੰਰਚਨਾਵਾਦੀ ਆਲੋਚਕਾਂ ਲਈ ਵਿਸ਼ੇਸ਼ ਕਰਕੇ ਇੱਕ ਚੁਣੌਤੀ ਵਜੋਂ ਪੇਸ਼ ਹੋ ਕੇ ਸਾਹਮਣੇ ਆਇਆ ਹੈ ਅਤੇ ਵਿਸ਼ਵ ਵਿਆਪੀ ਪੱਧਰ ਉਤੇ ਸਾਹਿਤਕ ਅਤੇ ਆਲੋਚਨਾਤਮਕ ਖੇਤਰਾਂ ਵਿਚ ਇਕ ਵੇਰ ਫਿਰ ਬੜੀ ਜ਼ੋਰਦਾਰ ਚਰਚਾ ਹੋਣ ਲੱਗੀ ਹੈ ਕਿ ਕੀ ਕਿਸੇ ਲੇਖਕ ਦੀ ਰਚਨਾ ਨੂੰ ਉਸ ਲੇਖਕ ਦੇ ਸਮਾਜਿਕ ਅਤੇ ਸਭਿਆਚਾਰਕ ਕਿਰਦਾਰ ਤੋਂ ਵੱਖ ਕਰਕੇ ਦੇਖਿਆ ਜਾ ਸਕਦਾ ਹੈ? ਇਸ ਸਮਕਾਲੀ ਸੰਕਟ ਨੇ ਸਾਨੂੰ ਲੇਖਕਾਂ ਨੂੰ, ਇਸ ਗੱਲ ਲਈ ਵੀ ਮਜ਼ਬੂਰ ਕਰ ਦਿੱਤਾ ਹੈ ਕਿ ਅਸੀਂ ਇਸ ਵਿਚਾਰ ਉਤੇ ਵੀ ਬੜੀ ਗੰਭੀਰਤਾ ਨਾਲ ਗੌਰ ਕਰੀਏ ਕਿ ਆਖਿਰ ਇੱਕ ਲੇਖਕ ਲਿਖਦਾ ਹੀ ਕਿਉਂ ਹੈ? ਜੇਕਰ ਕੋਈ ਲੇਖਕ ਆਪਣੇ ਨਿਤਾ-ਪ੍ਰਤੀ ਦੇ ਜੀਵਨ ਵਿਚ ਆਪ ਆਪਣੀਆਂ ਲਿਖਤਾਂ ਦੇ ਵਿਰੁੱਧ ਤੁਰਦਾ ਹੈ ਤਾਂ ਉਸਦੀਆਂ ਲਿਖਤਾਂ ਉਸ ਲੇਖਕ ਦੇ ਆਪਣੇ ਪਾਠਕਾਂ ਉਤੇ ਕਿਹੋ ਜਿਹਾ ਪ੍ਰਭਾਵ ਪੈਦਾ ਕਰਨਗੀਆਂ ਜੋ ਕਿ ਲੇਖਕ ਦੀ ਰਚਨਾ ਅਤੇ ਉਸਦੇ ਕਿਰਦਾਰ ਨੂੰ ਇੱਕੋ ਜਿੰਨੀ ਨੀਝ ਅਤੇ ਗੰਭੀਰਤਾ ਨਾਲ ਵੇਖਦੇ ਹਨ? ਅਜਿਹੇ ਕਿਸੇ ਦਵੰਦ-ਗ੍ਰਸਤ ਲੇਖਕ ਦੀ 'ਰਚਨਾ-ਪ੍ਰਕ੍ਰਿਆ' ਅਤੇ ਉਸਦੇ 'ਕਿਰਦਾਰ' ਸਬੰਧੀ ਵਿਲਹੈਲਮ ਵੌਂ ਹੈਮਬੋਲ ਕੁਝ ਇਸ ਤਰ੍ਹਾਂ ਲਿਖਦਾ ਹੈ:

Whatever does not spring from a man's free choice, or is only the result of instruction and guidance, does not enter into his very being, but still remains alien to his true nature; he does not perform it with truly human energies, but merely with mechanical exactness.[1]

ਕੈਨੇਡਾ ਦੀ ਕਵਿਤਾ ਵਿਚ, ਮੂਲ ਤੌਰ ਉਤੇ, ਅਜਿਹਾ ਸੰਕਟ ਇਕਬਾਲ ਰਾਮੂਵਾਲੀਆ ਅਤੇ ਰਵਿੰਦਰ ਰਵੀ ਨੇ ਪੈਦਾ ਕੀਤਾ ਹੈ। ਜਿੱਥੇ ਇਨ੍ਹਾਂ ਸ਼ਾਇਰਾਂ ਦੀ ਕਵਿਤਾ ਕਈ ਵੇਰੀ ਪ੍ਰਗਤੀਵਾਦੀ ਹੋਣ ਦਾ ਭਰਮ ਪੈਦਾ ਕਰਦੀ ਹੈ (ਖਾਸ ਤੌਰ ਉਤੇ ਇਕਬਾਲ ਦੀ ਕਵਿਤਾ, ਜਿਸ ਦੇ ਪ੍ਰਗਤੀਵਾਦੀ ਹੋਣ ਦਾ ਸਮਰੱਥਨ ਉਸਦੀ ਪੁਸਤਕ **'ਕੁਝ ਵੀ ਨਹੀਂ'** ਦੀ ਭੂਮਿਕਾ ਲਿਖਣ ਵੇਲੇ ਪਾਸ਼ ਨੇ ਵੀ ਕੀਤਾ ਸੀ, ਉਥੇ ਇਨ੍ਹਾਂ ਕਵੀਆਂ ਦਾ ਸਮਾਜਿਕ ਵਿਹਾਰ ਜਨੂੰਨਵਾਦੀ ਤਾਕਤਾਂ ਨਾਲ ਕਦਮ ਮਿਲਾਕੇ ਤੁਰਨ ਵਿਚ ਸਾਹਮਣੇ ਆਉਂਦਾ ਰਿਹਾ ਹੈ। ਇਸ ਸਾਰੇ ਸੰਕਟ ਦੌਰਾਨ ਜਿੱਥੇ ਇਕਬਾਲ ਦਾ ਝੁਕਾਓ ਅਕਾਲੀ ਰਾਜਨੀਤੀ ਅਤੇ ਉਨ੍ਹਾਂ ਦੇ ਧਾਰਮਿਕ/ਜਨੂੰਨੀ ਪੈਰੋਕਾਰਾਂ ਵੱਲ ਰਿਹਾ ਤਾਂ ਰਵਿੰਦਰ ਰਵੀ, ਚਰਨ ਸਿੰਘ ਅਤੇ ਇਸ ਦਾਇਰੇ ਵਿਚ ਵਿਚਰਨ ਵਾਲੇ ਕੁਝ ਹੋਰ ਘੱਟ ਚਰਚਿਤ ਸ਼ਾਇਰ ਵੱਖਵਾਦੀ ਅਤੇ ਜਨੂੰਨੀ ਤਾਕਤਾਂ ਨਾਲ ਤੁਰਨ ਵਜੋਂ ਅਜਿਹੀਆਂ ਸ਼ਕਤੀਆਂ ਦੇ ਨੀਮ-ਸਾਹਿਤਕ ਅਦਾਰਿਆਂ ਵੱਲੋਂ, ਅਜਿਹੇ ਭਾਵ ਪੈਦਾ ਕਰਨ ਵਾਲੀਆਂ ਨਜ਼ਮਾਂ ਲਿਖਣ ਖਾਤਰ, ਸਨਮਾਨੇ ਜਾਂਦੇ ਰਹੇ ਹਨ। ਇਕ ਚੇਤੰਨ ਲੇਖਕ ਲਈ ਜਿਥੇ ਭ੍ਰਿਸ਼ਟ-ਰਾਜਨੀਤੀਵਾਨਾਂ ਦੇ ਵਿਰੁੱਧ ਖੜ੍ਹੇ ਹੋਣਾ ਜ਼ਰੂਰੀ ਹੈ ਉਥੇ ਅਜਿਹੇ ਭ੍ਰਿਸ਼ਟ-ਰਾਜਨੀਤੀਵਾਨਾਂ ਦੀ ਬੁੱਕਲ ਵਿਚ ਪਲ ਰਹੇ, ਮੁਖੌਟਾਧਾਰੀ ਅਤੇ ਦੋਗਲੀ ਨੀਤੀ ਵਿਚ ਵਿਚਰ ਰਹੇ ਲੇਖਕਾਂ ਦੇ ਕਿਰਦਾਰਾਂ ਨੂੰ ਨੰਗਾ ਕਰਨਾ ਵੀ ਜ਼ਰੂਰੀ ਹੈ। ਮੇਰੇ ਇਹ ਵਿਚਾਰ ਮਹਿਜ਼ ਕੈਨੇਡਾ ਦੇ ਲੇਖਕਾਂ ਤੱਕ ਹੀ ਸੀਮਤ ਲਈਂ ਹਨ ਮੈਂ ਇਸ ਸਮੇਂ ਹਿੰਦੁਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਰਹਿ ਰਹੇ ਸਥਾਪਤ ਜਾਂ ਸਥਾਪਿਤ ਹੋ ਰਹੇ ਉਨ੍ਹਾਂ ਲੇਖਕਾਂ ਬਾਰੇ ਵੀ ਗੱਲ ਕਰ ਰਿਹਾ ਹਾਂ ਜੋ ਆਪਣੀਆਂ ਲਿਖਤਾਂ ਵਿਚ ਤਾਂ ਭ੍ਰਿਸ਼ਟ-ਰਾਜਨੀਤੀ ਅਤੇ ਇਸ ਦੇ ਸਰਪਰਸਤਾਂ ਵਿਰੁੱਧ ਸਫੇ ਕਾਲੇ ਕਰਦੇ ਹਨ ਪਰ ਅੰਦਰਖਾਤੇ ਇਨ੍ਹਾਂ ਹੀ ਭ੍ਰਿਸ਼ਟ-ਰਾਜਨੀਤੀਵਾਨਾਂ ਦੇ ਪੈਰ ਚੱਟਦੇ ਹਨ। ਕਵੀ ਗੁਰਚਰਨ ਰਾਮਪੁਰੀ, ਆਪਣੀ ਇਕ ਕਵਿਤਾ ਵਿਚ, ਇਸ ਸੰਕਟ ਦਾ ਸੁਲਝਾ ਬੜੇ ਸਪੱਸ਼ਟ ਸ਼ਬਦਾਂ ਵਿਚ ਪੇਸ਼ ਕਰਦਾ ਹੈ:

ਸੱਪ, ਸਪੇਰਾ ਦੋਵੇਂ ਸਾਡੇ ਵੈਰੀ
ਦੋਧਾਰੀ ਦੀ ਸ਼ਰਨ ਲਵਾਂ ਹੁਣ
ਜਾਂ ਦੋ ਤੀਰ ਕਮਾਨੇ ਚਾੜ੍ਹਾਂ
ਇਸ ਵਿੱਚ ਹੀ ਸਾਡੀ ਮੁਕਤੀ ਹੈ।
('ਨਾਗ ਤੇ ਰਾਗ' — ਗੁਰਚਰਨ ਰਾਮਪੁਰੀ)

2.

ਸਮਕਾਲੀ ਕਵਿਤਾ ਨੇ ਸਦੀਆਂ ਤੋਂ ਵਾਦ-ਵਿਵਾਦ ਦਾ ਵਿਸ਼ਾ ਬਣੇ ਆ ਰਹੇ ਵਿਚਾਰ ਕਿ ਕੀ ਸਾਹਿਤ ਅਤੇ ਸਿਆਸਤ ਦਾ ਕੋਈ ਆਪਸੀ ਸਬੰਧ ਹੈ, ਨੂੰ ਇਕ ਵੇਰ ਫਿਰ ਵੰਗਾਰਿਆ ਹੈ। ਅੱਜ ਦੀ ਕਵਿਤਾ 'ਭ੍ਰਿਸ਼ਟ-ਰਾਜਨੀਤੀ' ਅਤੇ ਇਸ ਨਾਲ ਸੰਬੰਧਿਤ ਮਸਲਿਆਂ ਨੂੰ ਆਪਣਾ ਮੂਲ ਵਿਸ਼ਾ ਗਰਦਾਨਦੀ ਹੋਈ ਇਹ ਸਪੱਸ਼ਟ ਸ਼ਬਦਾਂ ਵਿਚ ਕਹਿੰਦੀ ਜਾਪਦੀ ਹੈ ਕਿ ਅੱਜ ਜਦੋਂ ਕਿ ਜ਼ਿੰਦਗੀ ਦਾ ਕੋਈ ਵੀ ਪਹਿਲੂ ਭ੍ਰਿਸ਼ਟ-ਸਿਆਸਤ ਦੇ ਅਸਰ ਤੋਂ ਬਚ ਨਹੀਂ ਸਕਿਆ ਤਾਂ ਸਾਹਿਤ ਜੋ ਕਿ ਮਨੁੱਖ ਦੇ ਚੌਗਿਰਦੇ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਹੁੰਦਾ ਹੈ, ਕਿਵੇਂ ਬਚ ਸਕਦਾ ਹੈ:

ਜਿਸ ਦਿਨ ਗੱਦੀ ਰਤਾ ਕੁ ਹਿੱਲੇ
'ਅਮਨ, ਚੈਨ ਦੇ ਰਾਖੇ' ਹਾਕਮ ਤੇ ਦਰਬਾਰੀ ਰਲ ਕੇ
ਸੂਰ, ਗਊ, ਸਿਗਰਟ ਦੀ ਪੂਛ ਸੁਟਾ ਕੇ ਮੰਦਰੀਂ
ਭੋਲੀ ਲੋਕਾਈ ਨੂੰ ਪਾੜਨ
ਧਰਮੀ ਆਗੂ ਤੱਤੇ, ਜ਼ਹਿਰੀ ਭਾਸ਼ਨ ਝਾੜਨ
ਬੋਲਾਂ ਦੇ ਚੰਗਿਆੜੇ ਉਡਣ,
ਲੋਕੀ ਪਏ ਜੈਕਾਰੇ ਛੱਡਣ,
ਬਿਨ - ਕਾਰਨ ਹਮਸਾਏ ਵੱਢਣ।
ਚੋਰਾਂ ਦੇ ਅੰਦਰ ਨਾ ਦੇਖਣ
ਨਾਅਰੇ ਦੇ ਪਿੱਛੇ ਨਾ ਝਾਕਣ
('ਤਿੱਕੜੀ' — ਗੁਰਚਰਨ ਰਾਮਪੁਰੀ)

ਭ੍ਰਿਸ਼ਟ-ਰਾਜਨੀਤੀਵਾਨਾਂ ਨੇ, ਆਪਣੀ ਭ੍ਰਿਸ਼ਟ-ਰਾਜਨੀਤੀ ਸਦਕਾ, ਅਜਿਹਾ ਰਾਜਨੀਤਕ, ਸਭਿਆਚਾਰਕ ਅਤੇ ਧਾਰਮਕ ਸੰਕਟ ਖੜ੍ਹਾ ਕਰ ਦਿੱਤਾ ਹੈ ਜਿਸ ਦੇ ਮਾਰੂ ਪ੍ਰਭਾਵ ਸਿਰਫ ਵਰਤਮਾਨ ਤੱਕ ਹੀ ਸੀਮਿਤ ਨਹੀਂ ਹਨ। ਰਵਿੰਦਰ ਰਵੀ ਇਸ ਮੌਜੂਦਾ ਸੰਕਟ ਨੂੰ ਭਵਿੱਖ ਵਿਚ ਕਿਸੇ ਵੱਡੇ ਸੰਕਟ ਨਾਲ ਸੰਬੰਧਿਤ ਦੇਖਦਾ ਹੈ। ਰਵੀ ਦੀ ਅੱਖ ਸਾਡੀ ਭਵਿੱਖ ਦੀ ਪੀੜ੍ਹੀ ਨੂੰ ਵੀ ਸੰਕਟ-ਗ੍ਰਸਤ ਦੇਖਦੀ ਹੈ:

ਜੋ ਬੀਜ, ਅਜੇ ਬੀਜਿਆ ਨਹੀਂ —
ਜੋ ਫਸਲ, ਅਜੇ ਉਗੀ ਨਹੀਂ —
ਜੋ ਫਲ, ਅਜੇ ਲੱਗਾ ਨਹੀਂ —
ਜੋ ਸਿੱਟਾ, ਅਜੇ ਨਿਸਰਿਆ ਨਹੀਂ —
ਜੋ ਕਲੀ, ਅਜੇ ਖੁੱਲ੍ਹੀ ਨਹੀਂ —
ਸਭ 'ਚੋਂ
ਹਾਂ, ਸਭ 'ਚੋਂ
ਹਥਿਆਰ ਝਾਕਦੇ ਹਨ
ਬਾਰੂਦ ਮਹਿਕਦੇ ਹਨ
('ਪੰਜਾਬ ਦੀ ਲਾਸ਼' — ਰਵਿੰਦਰ ਰਵੀ)

ਇਹ ਕੇਹੀ ਰਾਜਨੀਤੀ ਹੈ ਜੋ ਕਿ ਕਿਸੇ ਰਾਜਸੀ ਸਿਧਾਂਤ ਉਤੇ, ਕਿਸੇ ਰਾਜਸੀ ਅਸੂਲ ਉਤੇ, ਨਿਰਭਰ ਨਹੀਂ ਕਰਦੀ ਸਗੋਂ ਲੋਕਾਂ ਨੂੰ ਧਰਮ ਅਤੇ ਜ਼ਾਤ-ਪਾਤ ਦੇ ਨਾਮ ਉਤੇ ਪਾੜ ਕੇ ਰਾਜ-ਗੱਦੀਆਂ ਉਤੇ ਕਾਬਜ਼ ਹੋਣ ਵਿਚ ਵਿਸ਼ਵਾਸ਼ ਰੱਖਦੀ ਹੈ। ਅਜਿਹੀ ਰਾਜਨੀਤੀ ਵਿੱਚ ਸਿਰਫ ਰਾਜ-ਸੱਤਾ ਉਤੇ ਕਾਬਜ਼ ਪਾਰਟੀ ਹੀ ਵਿਸ਼ਵਾਸ਼ ਨਹੀਂ ਰੱਖਦੀ, ਸਗੋਂ ਰਾਜ-ਸੱਤਾ ਵਿਚ ਭਾਈਵਾਲ, ਹੋਣ ਦੀ ਇੱਛਾ ਰੱਖਣ ਵਾਲੀਆਂ ਉਹ ਪਾਰਟੀਆਂ ਵੀ ਇਸੇ ਵਿਸ਼ਵਾਸ ਦੀਆਂ ਧਾਰਣੀ ਹਨ ਜੋ ਕਿ ਰਾਜਨੀਤਕ-ਮੰਤਵਾਂ ਦੀ ਪੂਰਤੀ ਹਿੱਤ ਆਰਥਿਕ ਮਸਲਿਆਂ ਨੂੰ ਆਧਾਰ ਬਣਾ ਕੇ ਰਾਜਨੀਤਕ-ਯੁੱਧ ਨਹੀਂ ਰਚਾਉਂਦੀਆਂ ਬਲਕਿ 'ਧਰਮ-ਯੁੱਧ' ਦੇ ਨਾਮ ਉਤੇ ਲੋਕਾਂ ਦੇ ਧਾਰਮਕ ਵਿਸ਼ਵਾਸਾਂ ਨੂੰ ਭੜਕਾ ਕੇ ਆਪਣੇ ਰਾਜਸੀ ਮੰਤਵਾਂ ਹਿਤ ਵਰਤਦੀਆਂ ਹਨ। ਇਕਬਾਲ ਰਾਮੂਵਾਲੀਆ, ਜਿਸ ਨੂੰ ਕਿ ਅਜਿਹੀ ਭ੍ਰਿਸ਼ਟ ਸਿਆਸਤ ਅਤੇ ਅਜਿਹੇ ਭ੍ਰਿਸ਼ਟ-ਸਿਆਸਤਦਾਨਾਂ ਦੇ ਬੜੇ ਨੇੜੇ ਰਹਿਣ ਦਾ ਮੌਕਾ ਮਿਲਿਆ ਹੈ, ਅਜਿਹੀ ਰਾਜਨੀਤੀ ਦੇ ਪਾਖੰਡ ਨੂੰ ਬੜੇ ਸਪੱਸ਼ਟ ਸ਼ਬਦਾਂ ਵਿਚ ਸਾਹਮਣੇ ਲਿਆਉਂਦਾ ਹੈ:

ਇੱਕ ਨਦੀ ਹੁਣ ਖ਼ੂਨ ਦੀ ਵੀ ਵਗਦੀ ਹੈ
ਜਿਦ੍ਹੇ 'ਚ ਮੰਦਰ ਦਾ ਕਲਸ ਵੀ ਡੁੱਬਿਆ ਹੈ,
ਤੇ ਗੁਰਦੁਆਰੇ ਦਾ ਗੁੰਬਦ ਵੀ;
ਸਿਰਫ਼ ਕੁਰਸੀਆਂ ਤਰਦੀਆਂ ਨੇ

ਬਾਕੀ ਪੰਨਾ 27 ਉਤੇ

FOR THE SOUTH ASIAN COMMUNITY

Sabrung

شہر میں اپنی نوعیت کا واحد

SOUTHERN TELEVISION SHOW
GOOD NEWS FOR
THE SOUTH EAST ASIAN COMMUNITIES
LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION (415) 928-1650 | SATURDAYS 6:00 p.m. | CHANNEL 25 CABLE KUSF 90.3 FM

RADIO PROGRAM
SUNDAYS
10-12 NOON

KUSF
90.3 FM

# ਸਿਆਸੀ ਵਿਅੰਗ :

## ਗੁਰਨਾਮ ਸਿੰਘ ਤੀਰ

### ਨਿਰਖਨਾਮੇ

ਪੰਜਾਬ ਸਰਕਾਰ ਦੇ ਕੁਝ ਵਜ਼ੀਰਾਂ ਤੇ ਅਫਸਰਾਂ ਨੇ ਵੱਖ ਵੱਖ ਕੰਮਾਂ ਲਈ ਨਿਰਖਨਾਮੇ ਤਿਆਰ ਕੀਤੇ ਹੋਏ ਹਨ। ਜਿਹੜਾ ਸੱਜਣ ਸਾਰੀਆਂ ਹੱਦਾਂ ਟੱਪ ਕੇ ਉਨ੍ਹਾਂ ਤੱਕ ਪਹੁੰਚ ਜਾਏ, ਉਸ ਨੂੰ ਉਹ ਪੜਦੇ ਨਾਲ ਨਿਰਖਨਾਮਾ ਦਸਦੇ ਹਨ। ਜਿਵੇਂ ਕਈਂ ਧਰਮਾਂ ਵਾਲੇ ਆਪਣੇ ਸੇਵਕਾਂ ਦੇ ਕੰਨ ਵਿਚ ਫੂਕ ਮਾਰਦੇ ਹਨ। ਨਿਰਖਨਾਮੇ ਦੀਆਂ ਮੋਟੀਆਂ ਮੋਟੀਆਂ ਮੱਦਾਂ ਵਿਚ ਬਦਲੀ ਕਰਵਾਉਣੀ, ਬਦਲੀ ਰੁਕਵਾਉਣੀ ਨੌਕਰੀ ਲੈਣੀ, ਤਰੱਕੀ ਹਾਸਲ ਕਰਨੀ ਜਾਂ ਕਿਸੇ ਦੀ ਹੁੰਦੀ ਹੋਈ ਤਰੱਕੀ ਵਿਚ ਲੱਤ ਅੜਾਉਣੀ ਜਾਂ ਫਿਰ ਕਿਸੇ ਹੋਰ ਦੀ ਬਦਲੀ ਕਰਵਾ ਕੇ ਉਸ ਦੀ ਥਾਂ ਮੱਲਣੀ ਆਦਿ ਸ਼ਾਮਲ ਹੈ।

ਇਕ ਵਜ਼ੀਰ ਸਾਹਿਬ ਨੇ ਤਾਂ ਆਪਣੀ ਇੰਨੀ ਪਬਲੀਸਿਟੀ ਕਰਵਾ ਲਈ ਹੈ ਕਿ ਦਫਤਰ ਦੇ ਚਪੜਾਸੀ ਵੀ ਜਾਣਦੇ ਹਨ ਕਿ ਕਿਸੇ ਪੋਸਟ ਦਾ ਕੀ ਨਿਰਖ ਹੈ।

ਪੈਸੇ ਤਾਰਨ ਵਾਲੇ ਇਸ ਗੱਲੋਂ ਵੀ ਬਹੁਤ ਡਰਦੇ ਹਨ ਕਿ ਐਸਾ ਨਾ ਹੋਵੇ ਕਿ ਨਿਰਖਨਾਮੇ ਮੁਤਾਬਕ ਰਕਮ ਤਾਰ ਦਿਤੀ ਜਾਵੇ ਤੇ ਮਗਰੋਂ ਕੰਮ ਬਣੇ ਹੀ ਨਾ। ਫਿਰ ਇਹ ਮਾਇਆ ਕਿਵੇਂ ਵਾਪਸ ਕਰਵਾਈ ਜਾਵੇ ?

ਨਿਰਖਨਾਮੇ ਦੇ ਰੇਟ ਹਰ ਰੋਜ਼ ਬਦਲਦੇ ਰਹਿੰਦੇ ਹਨ। ਜਿਸ ਤਰ੍ਹਾਂ ਮੰਡੀਆਂ ਵਿਚ ਭਾਵਾਂ ਵਿਚ ਉਤਰਾ ਚੜ੍ਹਾਅ ਹੁੰਦੇ ਹਨ, ਇਸੇ ਤਰ੍ਹਾਂ ਵੱਖ ਵੱਖ ਨੌਕਰੀਆਂ ਤੇ ਪਦਵੀਆਂ ਲਈ ਵੱਖ ਵੱਖ ਸਮੇਂ ਤੇ ਵੱਖ ਵੱਖ ਰੇਟ ਲਾਗੂ ਕੀਤੇ ਜਾਂਦੇ ਹਨ।

ਕਾਂਗਰਸ ਰਾਜ ਵੇਲੇ ਬੋਤਲਾਂ ਤੇ ਬੇਗਮਾਂ ਦੇ ਮੰਨੇ ਪ੍ਰਮੰਨੇ ਰੇਟ ਸਨ, ਪਰ ਹੁਣ ਜਥੇਦਾਰ ਵਜ਼ੀਰ ਇਹੋ ਜਿਹੇ ਮਾੜੇ ਪਾਸੇ ਨਹੀਂ ਪੈਂਦੇ। ਉਹ ਇਸ ਖਿਆਲ ਨਾਲ ਧੜਾਧੜ ਪੈਸੇ ਕਮਾਉਣ ਡਹੇ ਹਨ ਕਿ ਕਿਧਰੇ ਸਰਕਾਰ ਨੂੰ ਨੇਕੀ ਦੀ ਨਜ਼ਰ ਨਾ ਲਗ ਜਾਏ।

ਸ. ਸੁਰਜੀਤ ਸਿੰਘ ਬਰਨਾਲਾ ਆਪਣੇ ਕੁਝ ਸਾਥੀਆਂ ਦੇ ਨਿਰਖਨਾਮਿਆਂ ਵਿਚ ਕਿਸੇ ਕਿਸਮ ਦੀ ਸੋਧ ਕਰਨ ਦੀ ਸਮਰਥਾ ਨਹੀਂ ਰਖਦੇ ਕਿਉਂਕਿ ਉਹ ਚੋਰ ਨੂੰ ਚੋਰ ਕਹਿ ਕੇ ਆਪਣੀਆਂ ਵੋਟਾਂ ਨਹੀਂ ਘਟਾਉਣਾ ਚਾਹੁੰਦੇ।

### ਡਾ. ਫਾਰੂਕ ਦੇ ਮਿਤਰਾਂ ਦਾ ਫਤਵਾ

ਡਾ. ਫਾਰੂਕ ਅਬਦੁੱਲਾ ਨੇ ਕਾਂਗਰਸ ਵਾਲਿਆਂ ਨਾਲ ਅੰਦਰਖਾਤੇ ਗੱਲ ਕਰਕੇ ਜੰਮੂ-ਕਸ਼ਮੀਰ ਵਿਚ ਇਕ ਸਾਂਝੀ ਸਰਕਾਰ ਸਥਾਪਤ ਕਰਵਾ ਲਈ ਤੇ ਨਾਲ ਹੀ ਲਗਦੇ ਹੱਥ ਜੰਮੂ-ਕਸ਼ਮੀਰ ਦੀ ਅਸੰਬਲੀ ਭੰਗ ਕਰ ਦਿੱਤੀ। ਉਨ੍ਹਾਂ ਦਾ ਮਨੋਰਥ ਸ਼ਾਇਦ ਇਹ ਹੋਵੇ ਕਿ ਵਜ਼ੀਰ ਮੰਡਲੀ ਦੇ ਆਗੂ ਆਉਣ ਵਾਲੀਆਂ ਚੋਣਾਂ ਵੇਲੇ ਆਪੋ ਆਪਣੀਆਂ ਪਾਰਟੀਆਂ ਲਈ ਕੰਮ ਕਰਨਗੇ। ਉਸੇ ਤਰ੍ਹਾਂ ਨੈਸ਼ਨਲ ਕਾਨਫਰੰਸ ਦੀ ਗਿਣਤੀ ਇਸ ਹੱਦ ਤੱਕ ਵਧ ਜਾਏਗੀ ਕਿ ਕਾਂਗਰਸ ਦੀ ਮੱਦਦ ਦੀ ਉਨੀਂ ਲੋੜ ਨਹੀਂ ਪਏਗੀ। ਜੇ ਕਾਂਗਰਸੀ ਸਰਕਾਰ ਵਿਚ ਸ਼ਾਮਲ ਵੀ ਕੀਤੇ ਗਏ ਤਦ ਉਹ ਆਟੇ ਵਿਚ ਲੂਣ ਬਰਾਬਰ ਹੋਣਗੇ। ਉਨ੍ਹਾਂ ਦਾ ਕੰਮ ਕੇਵਲ ਦਿੱਲੀਉਂ ਢੋਆ-ਢੁਆਈ ਕਰਨ ਦਾ ਹੋਵੇਗਾ। ਉਥੋਂ ਜਾ ਕੇ ਜੰਮੂ-ਕਸ਼ਮੀਰ ਲਈ ਰਾਸ਼ਨ ਅਤੇ ਫੌਜਾਂ ਲਈ ਸਮਾਨ ਲੈਣ ਆਇਆ ਕਰਨਗੇ। ਬਾਕੀ ਪ੍ਰਬੰਧ ਫਾਰੂਕ ਦੇ ਵਜ਼ੀਰ ਕਰਨਗੇ।

ਭਾਰਤ ਦੀਆਂ ਆਪੋਜ਼ੀਸ਼ਨ ਪਾਰਟੀਆਂ ਡਾ. ਫਾਰੂਕ ਅਬਦੁੱਲਾ ਦੇ ਮਨੋਰਥਾਂ ਨੂੰ ਸਮਝ ਨਹੀਂ ਸਕੀਆਂ। ਇਹ ਲਈ ਉਨ੍ਹਾਂ ਨੇ ਕਾਂਗਰਸ ਨਾਲ ਕੀਤੀ ਗਈ ਕੋਲੀਸ਼ਨ ਵਿਰੁੱਧ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਗੁਰਚਰਨ ਸਿੰਘ ਟੌਹੜਾ ਨੇ ਇਸ ਕੋਲੀਸ਼ਨ ਸਰਕਾਰ ਦੀ ਨਿੰਦਾ ਕੀਤੀ ਹੈ ਇਸੇ ਤਰ੍ਹਾਂ ਵਿਰੋਧੀ ਲੀਡਰ ਬਹੁਗੁਣਾ ਤੇ ਹੋਰ ਲੀਡਰਾਂ ਨੇ ਇਸ ਨੂੰ ਮੌਕਾਪ੍ਰਸਤੀ ਕਹਿ ਕੇ ਨਿੰਦਿਆ ਹੈ।

ਡਾ. ਫਾਰੂਕ ਅਬਦੁੱਲਾ ਦੀ ਤੁਲਨਾ ਉਸ ਜੱਟ ਨਾਲ ਕੀਤੀ ਜਾ ਸਕਦੀ ਹੈ ਜਿਸ ਦਾ ਬਲਦ ਗਵਾਚ ਗਿਆ ਸੀ। ਉਹ ਵੱਖ ਵੱਖ ਪੀਰਾਂ-ਫਕੀਰਾਂ ਦੀਆਂ ਸੁੱਖਾਂ ਸੁੱਖਦਾ ਜਾ ਰਿਹਾ ਸੀ ਕਿ ਜੇ ਬਲਦ ਮਿਲ ਗਿਆ ਤਾਂ ਇੰਨੇ ਇੰਨੇ ਪੈਸੇ ਚੜ੍ਹਾਵਾਂਗਾ। ਜੱਟ ਦੇ ਮਗਰ ਮਗਰ ਪਿੰਡ ਦਾ ਇਕ ਸਿਆਣਾ ਨਾਈ ਜਾ ਰਿਹਾ ਸੀ। ਉਸ ਨੇ ਜੱਟ ਨੂੰ ਰੋਕ ਕੇ ਕਿਹਾ ਕਿ ਤੂੰ ਜਿੰਨੇ ਦੀਆਂ ਸੁਖਾਂ ਸੁਖ ਲਈਆਂ ਹਨ, ਉਨੇ ਦਾ ਤੇਰਾ ਬਲਦ ਨਹੀਂ। ਫਿਰ ਤਾਂ ਇਹ ਸੌਦਾ ਮਹਿੰਗਾ ਪਏਗਾ।

ਅਗੋਂ ਜੱਟ ਮੁਸਕਰਾ ਕੇ ਕਹਿਣ ਲੱਗਾ, "ਰਾਜਾ ਜੀ ਫਿਕਰ ਨਾ ਕਰੋ। ਇਕ ਵਾਰ ਮੇਰੇ ਹੱਥ ਬਲਦ ਦੇ ਸਿੰਗਾਂ ਨੂੰ ਪੈ ਲੈਣ ਦਿਓ, ਫਿਰ ਮੈਂ ਇਨ੍ਹਾਂ ਪੀਰਾਂ-ਫਕੀਰਾਂ ਨੂੰ ਆਪੇ ਸਿੱਝ ਲਵਾਂਗਾ।"

### ਸੰਤ ਲੌਂਗੋਵਾਲ ਦਾ ਬੁੱਤ

ਅਖਬਾਰਾਂ ਰਾਹੀਂ ਪਤਾ ਲਗਾ ਹੈ ਕਿ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੀ ਉਸ ਤਜਵੀਜ਼ ਨੂੰ ਰੱਦ ਕਰ ਦਿਤਾ ਹੈ, ਜਿਸ ਦੁਆਰਾ ਚਾਰ ਵੱਡੇ ਪੰਜਾਬੀਆਂ ਦੇ ਦਿੱਲੀ ਵਿਖੇ ਬੁੱਤ ਲਾਉਣ ਦੀ ਬੇਨਤੀ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਭਾਰਤ ਸਰਕਾਰ ਨੂੰ ਲਿਖਿਆ ਸੀ ਕਿ ਦਿੱਲੀ ਵਿਖੇ ਮਹਾਰਾਜਾ ਰਣਜੀਤ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਢੁੱਕਵੀਂ ਥਾਂ 'ਤੇ ਬੁੱਤ ਲਗਾਏ ਜਾਣ।

ਭਾਰਤ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਤਲਾਹ ਦਿਤੀ ਹੈ ਕਿ ਐਸਾ ਹੋ ਨਹੀਂ ਸਕੇਗਾ ਹਾਂ, ਜੇ ਪੰਜਾਬ ਸਰਕਾਰ ਆਪਣੇ ਤੌਰ 'ਤੇ ਜ਼ਮੀਨ ਖਰੀਦ ਕੇ ਬੁੱਤ ਲਾਉਣਾ ਚਾਹੇ ਤਾਂ ਭਾਰਤ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਭਾਰਤ ਸਰਕਾਰ ਨੇ ਬੁੱਤ ਲਾਉਣ ਦੀ ਬੇਨਤੀ ਨੂੰ ਰੱਦ ਕਰਦਿਆਂ ਰਾਜਧਾਨੀ ਦੇ ਨਿਯਮਾਂ ਦਾ ਸਹਾਰਾ ਲਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕਿਸੇ ਧਾਰਮਿਕ ਨੇਤਾ ਦਾ ਬੁੱਤ ਨਹੀਂ ਲਾਇਆ ਜਾ ਸਕਦਾ ਤੇ ਕੇਵਲ ਕੌਮੀ ਨੇਤਾਵਾਂ ਦੇ ਬੁੱਤ ਹੀ ਲਾਏ ਜਾ ਸਕਦੇ ਹਨ। ਇਹ ਪੜ੍ਹ ਕੇ ਭਾਰਤ ਦੇ ਕਰੋੜਾਂ ਬੰਦਿਆਂ ਨੂੰ ਦੁੱਖ ਹੋਇਆ ਹੋਵੇਗਾ ਕਿ ਕੌਮੀ ਨੇਤਾ ਦੀ ਪਰਿਭਾਸ਼ਾ ਕੀ ਹੋਈ ? ਕੀ ਕੇਵਲ ਬਹੁ ਗਿਣਤੀ ਦੇ ਲੋਕ ਹੀ ਕੌਮੀ ਨੇਤਾ ਸਮਝੇ ਜਾਂਦੇ ਹਨ ? ਜਿਨ੍ਹਾਂ ਬੰਦਿਆਂ ਨੇ ਭਾਰਤ ਦੀ ਏਕਤਾ ਤੇ ਅਖੰਡਤਾ ਲਈ ਜਾਨਾਂ ਵਾਰੀਆਂ ਹੋਣ, ਉਹ ਭਾਰਤ ਦੀ ਫਿਲਾਸਫੀ ਮੁਤਾਬਕ ਕੌਮੀ ਨੇਤਾ ਨਹੀਂ ਗਿਣੇ ਜਾ ਸਕਦੇ, ਜੇ ਉਨ੍ਹਾਂ ਨੇ ਕਿਸੇ ਘੱਟ-ਗਿਣਤੀ ਵਿਚ ਜਨਮ ਲਿਆ ਸੀ। ਇਸ ਤਰ੍ਹਾਂ ਦੀ ਸੋਚ ਬੇਹੱਦ, ਖਤਰਨਾਕ ਸਮਝੀ ਜਾਏਗੀ ਕਿਉਂਕਿ ਜੇ ਕੌਮੀਅਤ ਦਾ ਆਧਾਰ ਫਿਰਕਾ ਹੈ ਤਾਂ ਫਿਰ ਭਾਰਤ ਦੀ ਕਿਸੇ ਵੀ ਘੱਟ ਗਿਣਤੀ ਦਾ ਕੋਈ ਨੇਤਾ ਕਦੇ ਕੌਮੀ ਨੇਤਾ ਨਹੀਂ ਸਮਝਿਆ ਜਾਵੇਗਾ ਭਾਵੇਂ ਉਹ ਗਿਆਨੀ ਜ਼ੈਲ ਸਿੰਘ ਹੀ ਕਿਉਂ ਨਾ ਹੋਵੇ

### ਮਾਡਰਨ ਦਰੋਣਾਚਾਰਯ

14 ਨਵੰਬਰ ਨੂੰ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋਈ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਵਿਚਾਰ ਵਟਾਂਦਰਾ ਕਰਨਾ ਸੀ। ਬਹੁਤ ਸਾਰੇ ਮੈਂਬਰਾਂ ਨੇ ਆਪੋ ਆਪਣੀਆਂ ਰਾਵਾਂ ਦਿੱਤੀਆਂ ਅਖੀਰ ਵਿਚ ਅਕਾਲੀ ਦਲ ਦੇ ਇਕ ਜਾਣੇ ਪਛਾਣੇ ਸਲਾਹਕਾਰ ਪ੍ਰੋਫੈਸਰ ਐਮ. ਸੀ. ਭਾਰਦਵਾਜ ਹੁਰਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਚੋਣ ਯੁੱਧ ਮਹਾਂਭਾਰਤ ਦੇ ਯੁੱਧ ਤੋਂ ਵੀ ਵੱਡਾ ਯੁਧ ਬਣ ਗਿਆ ਹੈ। ਅੱਜ ਕੇਵਲ ਪੰਜਾਬ ਜਾਂ ਕੁਲ ਹਿੰਦੁਸਤਾਨ ਦੀਆਂ ਹੀ ਨਹੀਂ ਸਗੋਂ ਸ਼੍ਰੋਮਣੀ ਕਮੇਟੀ ਦੇ "ਜੰਗ-ਏ-ਪ੍ਰਧਾਨਗੀ" 'ਤੇ ਸਾਰੇ ਸੰਸਾਰ ਦੀਆਂ ਅੱਖਾਂ ਲੱਗੀਆਂ ਹੋਈਆਂ ਹਨ ਕਿਉਂਕਿ ਪੂਰੇ ਸੰਸਾਰ ਵਿਚ ਵਸ ਰਹੇ ਹਜ਼ਾਰਾਂ ਲੋਕਾਂ ਦਾ ਜੀਵਨ ਇਸ ਤੇ ਨਿਰਭਰ ਕਰਦਾ ਹੈ। ਗੱਲ ਕੇਵਲ ਪ੍ਰਧਾਨਗੀ ਦੀ ਨਹੀਂ ਕਿ ਕੌਣ ਬਣਦਾ ਹੈ ਤੇ ਕੌਣ ਨਹੀਂ ਬਣਦਾ ਸਗੋਂ ਦੁਨੀਆਂ ਭਰ ਦੇ ਸਿੱਖ ਇਹ ਦੇਖਣਾ ਚਾਹੁੰਦੇ ਹਨ ਕਿ ਪ੍ਰਧਾਨਗੀ ਦੇ ਯੁੱਧ ਵਿਚ ਨਰਮ ਧੜੇ ਵਾਲੇ ਜਿੱਤਦੇ ਹਨ ਕਿ ਗਰਮ ਧੜੇ ਵਾਲੇ। ਨਰਮ ਧੜੇ ਵਾਲੇ ਅਜੇ ਤੱਕ ਬਲਿਊ ਸਟਾਰ ਅਪਰੇਸ਼ਨ ਨੂੰ ਯਾਦ ਕਰ ਕੇ ਥਰ ਥਰ ਕੰਬਦੇ ਹਨ ਤੇ ਅਰਦਾਸ ਕਰਦੇ ਹਨ ਕਿ ਸੱਚੇ ਪਾਤਸ਼ਾਹ ! ਮੁੜ ਕੇ ਕਦੇ ਇਹੋ ਜਿਹੇ ਦਿਨ ਨਾ ਦਿਖਾਈਂ। ਪਰ ਗਰਮ ਧੜੇ ਦੇ ਲੋਕ ਜੋ ਅੰਗਿਆਰ ਖਾਣ ਤੱਕ ਜਾਂਦੇ ਹਨ, ਇਸੇ ਦੀ ਲਾਟਾਂ ਛੱਡਦੀ ਬੋਲੀ ਬੋਲਦੇ ਹਨ।

ਅਖੀਰ ਵਿਚ ਪ੍ਰੋਫੈਸਰ ਭਾਰਦਵਾਜ ਹੁਰਾਂ ਨੇ ਇਕ ਉਮੀਦਵਾਰ ਨੂੰ ਗੁਰੂ ਦਰੋਣਾਚਾਰਯ ਨਾਲ ਤੁਲਨਾ ਦਿੰਦੇ ਕਿਹਾ : ਚੰਗਾ ਹੁੰਦਾ ਜੇ ਇਸ ਯੁੱਧ ਵਿਚ ਦਰੋਣਾਚਾਰਯ ਨਿਰਪੱਖ ਰਹਿੰਦੇ। ਜੇ ਉਹ ਪੂੰਜੀਪਤੀਆਂ, ਭੂਮੀਪਤੀਆਂ, ਰਜਵਾੜਿਆਂ ਤੇ ਰਾਜਿਆਂ-ਮਹਾਰਾਜਿਆਂ ਦੀ ਕਤਾਰ ਵਿਚ ਜਾ ਖਲੋਤੇ ਹਨ ਤਾਂ ਸਾਨੂੰ ਇਨ੍ਹਾਂ ਵਿਰੁੱਧ ਲੜਨ ਤੋਂ ਵੀ ਸੰਕੋਚ ਨਹੀਂ ਕਰਨਾ ਚਾਹੀਦਾ। ਮੈਨੂੰ ਨਿਸ਼ਚਾ ਹੈ ਕਿ ਜਿਨ੍ਹਾਂ ਸੱਜਣਾਂ ਦੀਆਂ ਵਾਹਿਗੁਰੂ ਨੇ ਵੋਟਾਂ ਬਣਾਈਆਂ ਹਨ, ਉਹ ਇਨ੍ਹਾਂ ਦੀ ਯੋਗ ਵਰਤੋਂ ਹੀ ਕਰਨਗੇ ਤੇ ਸਿੱਖਾਂ ਦੇ ਸਭ ਤੋਂ ਪਵਿਤਰ ਅਸਥਾਨ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਹਮੇਸ਼ਾ ਲਈ ਬਲਿਊ ਸਟਾਰ ਅਪ੍ਰੇਸ਼ਨਾਂ ਤੋਂ ਬਚਾਈ ਰੱਖਣਗੇ।

### ਮੱਛੀ ਕਿ ਬੀਵੀ

ਕੁਝ ਲੋਕਾਂ ਨੂੰ ਆਪਣੀ ਹੀ ਸੁੰਦਰਤਾ ਕੱਟ ਜਾਂਦੀ ਹੈ। ਇਹੋ ਜਿਹੀ ਹੀ ਇਕ ਦੁਰਘਟਨਾ ਇਕ ਈਰਾਨੀ ਕੁੜੀ ਨਾਲ ਹੋਈ। ਉਸ ਨੂੰ ਇਸ ਗੱਲ ਦਾ ਮਾਣ ਸੀ ਕਿ ਉਹਦੇ ਨਾਲ ਦੀ ਹੋਰ ਸੁੰਦਰ ਕੁੜੀ ਰੱਬ ਨੇ ਪੈਦਾ ਨਹੀਂ ਕੀਤੀ। ਉਸ ਨੂੰ ਸੁੰਦਰਤਾ ਲਈ ਬਹੁਤ ਵੱਡਾ ਐਵਾਰਡ ਮਿਲਿਆ।

ਇਕ ਦਿਨ ਮਿਸ ਹਬੀਬਾ ਇਕ ਘਟੀਆ ਕਿਸਮ ਦਾ ਸ਼ੀਸ਼ਾ ਵੇਖ ਬੈਠੀ। ਉਸ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉਸ ਦੇ ਮੂੰਹ ਨੂੰ ਲਕਵਾ ਹੋ ਗਿਆ ਹੁੰਦਾ ਹੈ। ਉਹ ਬਹੁਤ ਘਬਰਾਈ। ਬਜਾਏ ਇਸ ਦੇ ਕਿ ਉਹ ਕਿਸੇ ਡਾਕਟਰ ਕੋਲੋਂ ਤਸੱਲੀ ਕਰਵਾ ਲੈਂਦੀ ਕਿ ਉਹ ਵਾਕਿਆ ਹੀ ਸੁੰਦਰ ਹੈ ਜਾਂ ਉਸ ਦੀ ਸੁੰਦਰਤਾ ਨੂੰ ਕੋਈ ਰੋਗ ਚਿੰਬੜ ਗਿਆ ਹੈ, ਉਸ ਨੇ ਆਓ ਵੇਖਿਆ ਨਾ ਤਾਓ ਇਕ ਝੀਲ ਵਿਚ ਛਾਲ ਮਾਰ ਕੇ ਆਤਮਘਾਤ ਕਰਨਾ ਚਾਹਿਆ। ਝੀਲ ਕਿਨਾਰੇ ਇਕ ਮਾਹੀਗੀਰ ਮੱਛੀਆਂ ਫੜ ਰਿਹਾ ਸੀ। ਈਰਾਨੀ ਸੁੰਦਰਤਾ ਉਹਦੇ ਜਾਲ ਵਿਚ ਫਸ ਗਈ। ਉਸ ਨੇ ਜਦੋਂ ਖਿੱਚ ਕੇ ਬਾਹਰ ਕੱਢੀ ਤਾਂ ਹੈਰਾਨੀ ਨਾਲ ਕਹਿਣ ਲੱਗਿਆ, "ਰੱਬਾ ਮੈਂ ਤਾਂ ਮੱਛੀ ਭਾਲਦਾ ਸਾਂ, ਤੂੰ ਮੇਰੇ ਜਾਲ ਵਿਚ ਸ਼ੀਰੀ ਫਸਾਂ ਦਿਤੀ। ਕੋਈ ਫਰਿਹਾਦ ਹੀ ਇਹੋ ਜਿਹੀ ਸ਼ੀਰੀ ਨਾਲ ਪੂਰਾ ਉਤਰ ਸਕਦਾ ਹੈ।"

ਮਾਹੀਗੀਰ ਦੀ ਸ਼ੀਰੀ ਨੇ ਹੈਰਾਨ ਹੋ ਕੇ ਪੁਛਿਆ, "ਕੀ ਮੈਂ ਵਾਕਿਆ ਹੀ ਇੰਨੀ ਸੁੰਦਰ ਹਾਂ ਜਿੰਨੀ ਤੂੰ ਕਹਿ ਰਿਹਾ ਹੈਂ ?" ਤਦ ਮਾਹੀਗੀਰ ਕਹਿਣ ਲੱਗਾ, "ਕਾਸ਼ ਮੈਂ ਤੇਰੀ ਸੁੰਦਰਤਾ ਬਿਆਨ ਕਰ ਸਕਦਾ : ਰੱਬ ਮੈਨੂੰ ਵੀ ਪ੍ਰਸਿਧ ਸ਼ਾਇਰ ਉਮਰ ਖਿਆਮ ਵਰਗਾ ਗੁਣ ਦੇ ਦਿੰਦਾ ਤਾਂ ਚੰਗਾ ਹੁੰਦਾ। ਫਿਰ ਮੈਂ ਤੈਨੂੰ ਦੱਸਦਾ ਕਿ ਤੂੰ ਕੀ ਚੀਜ਼ ਹੈ ?"

ਕਹਿੰਦੇ ਨੇ ਹਬੀਬਾ ਨੇ ਮਾਹੀਗੀਰ ਦੇ ਮੂੰਹੋਂ ਆਪਣੀ ਸੁੰਦਰਤਾ ਦੀ ਤਾਰੀਫ ਸੁਣਨ ਪਿਛੋਂ ਫੈਸਲਾ ਕਰ ਲਿਆ ਕਿ ਉਹ ਮੱਛੀਆਂ ਫੜਨ ਵਾਲੇ ਨਾਲ ਵਿਆਹ ਕਰਵਾਏਗੀ।


ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ

ਦੀਆਂ ਕਤਾਰਾਂ ਦੇਖਣ ਲਈ ਅੱਜ ਹੀ

ਗੁਰਦੀਪ ਮੁੱਤੀ ਨੂੰ ਫੋਨ ਕਰੋ



Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ।

ਆਪ ਆ ਕੇ ਮਿਲੋ ਜਾਂ ਅੱਜ ਹੀ ਫੋਨ ਕਰੋ

BUS. 520-3055 RES. 521-2184

ਗੁਰਦੀਪ (ਗੋਰਡੀ) ਮੁੱਤੀ

MERCURY
LINCOLN

Ph. 520-3055

301 STEWARDSON WAY, NEW WESTMINSTER, B.C. V3M 2A5

New-West Lincoln Mercury

12th & 3rd Ave. New Westminister, B.C.


'ਕੈਨੇਡਾ ਦਰਪਣ' ਦੇ

ਚੰਦੇ ਦਾ ਫ਼ਾਰਮ

**SUBSCRIPTION FORM**

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name..........................................................
Address.......................................................
City..............................................................
Province.......................................................
Postal code..................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA............................ | 100 dollars[a year] |
| U.S.A. ........................ | 30 dollars [a year] |
| Europe ........................ | 100 dollars[a year] |
| Africa .......................... | 100 dollars [a year] |

# The Gurdwaras and Akalis



Violent mood: a demonstration by Akalis in New Delhi

The heavy overtones of communalism that politics of all brands shows in the Punjab is the result of three decades of narrow opportunism practised by many of its leaders . The Akali Dal did not begin as a communal organisation. It started as a movement for social reform and gathered strength when the sturdy Sikh peasantry of Punjab attaied political awareness and began to lend their full support to it. A second wave of the nationalist awakening swept through the Punjab, especially among the Sikhs, after the First World War when the Indian national movement assumed a mass character. Like the Khalafat movement spread among the Sikhs—— religious in form but essentially anti imperialist in content.

By 1925-26, two opposite developments emerged within the movement -- a left nationalist trend consisting of nationalist Sikhs and communists and the other of pro-imperialist elements mainly centering round landlords and urban traders. In the late thirties, the opportunist group within the Akali Party took a sharp turn away from nationalism. On eve of the 1937 elections, the Akali leadership arrived at an understanding with the pro-imperialist Sunder Singh Majithia group and in the post election period, it made desperate effort to join the Punjab ministry. When the Second World War broke out and the Congress decided not to cooperate in the war effort, Master Tara Singh chose a different course and called upon 10 lakhs Sikhs to join the army . This opportunism led to the Sikander Kyat Khan-Baldev Singh pact and the Akalis joined the Unionist ministry. In North-West Frontier Province [NWFP] the Akalis joined the Muslim league Ministry. Within a decade of its progressive and democratic character and had thus come to be dominated by separatism and communalism. The Muslim League slogan for the partition of the country made the Akalis sectarian and communal more than ever. When the Cripps Mission came in 1942, the Akalis demanded that an 'Azad Punjab' state be created simultaneously with Pakistan and Hindustan. In this Azad Punjab, the Akalis visualised that the population of Hindus would be 40 per cent,Muslims 40 per cent and of the Sikhs 20 per cent. Subsequently the concept of Azad Punjab was developed into a Sikh state in 1945 by Giani Kartar Singh, then Master Tara Singh's chief lieutenant in the Akalis fought the 1946 elections on the slogan of the Sikh state and won 23 seats. They joined both the Central and the Provincial Government as Panthic leaders.

After attainment of Independence, the Akalis joined the Congress and merged with the Congress, but just before the first general elections, they broke away under the leadership of Giani Karter Singh.In the elections, out of the 57 seats, with a substantial proportion of Sikh votes, which they contested, they could win 12 seats. This defeat was a great setback to Akali prestige but soon after when the Akalis won 110 out of 132 seats in the SGPC election, it was like a shot in the arm. Under this mprale-booster the Akalis launched an agitation demanding Punjabi Suba. A large number of Akalis were arrested. Master Tara Singh made use of this opportunity to bargain with the Congress from a position of strength. A Congress-Akalis compromise was reached in 1956 on the eve of the second general elections. The Akalis agreed to give up the slogan of Punjabi Suba and in return the Congress offered what has come to be known as the 'Regional Formula'. Master Tara Singh, however, hankering for recognition as the sole spokesman of the Sikhs, never felt satisf ied with this formula. He expressed his dissatisfaction over the distribution of tickets and went to the extent of opposing all Sikh candidates who were not his nominees,put up by the Congress in the elections.

During the next one decade, between 1955 and 1965 an intense struggle ensued among the Akalis both for the control of the SGPC and the Akali Dal. A series of agatations were organised in this period from within the precincts of the Golden Temple. In these manoeuvres Master Tara Singh took a hawkish stand while Sant Feteh Singh maintained a relatively moderate posture. Sant Feteh Singh who had risen into promince, from an obscure religious precher in Ganga Nagar district of Rajasthan to an outstanding Akali leader managed to ease out Master Tara Singh from Akali politics. This made Master Tara Singh desperate. He started demanding"A Sikh home-land" with complete autonomy. Since this demand had isolated the Akali Dal from the people of the state, including a large sec tion of the Sikhs, Sant Feteh Singh decided that a purely communal demand would not get him the support of the Punjabi people. He decided, therefore,to press the demand for reorganisation of the Punjab on linguistic basis.

Late one night in January 1961, the Master

Contd. from page 30


NORTH AMERICAN LIFE ASSURANCE COMPANY



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1
Bus. 685-9335
Res. 522-7167

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS
WE DO NEW HOME PLUMBING ALSO
CONTACT:
PAUL'S
PLUMBING & ELECTRICAL SUPPLY



4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS

Contd. from Page 29

enfeebled by eighteen days of fasting and seven months stay in the Dharmsala jail told the Sant that it was "a terrible Dharmyudh". To this Sant Feteh Singh replied :"No Masterji, we have conducted it as a struggle for the language ". This was the beginning of a clash between two powerful currents in the Akali politics—a clash which became sharper and sharper in the subsequent years. It culminated into an open split in the Akali Dal and Sant Feteh Singh captured both the SGPC and the Akali Dal.

Thrice within a period of five years, between 1960 and 1965, the Sant had threatened suicide after shutting himself up with in the precincts of the Golden Temple, the highest Sikh religious seat. On all the three occasions, the threat had something to do with the demand for the Punjabi Suba. But it has to be admitted that in all these agitations, the Akali Dal and its followers remained peaceful.

Another significant fact which needs to be mentioned here is that in 1965 Sant Feteh Singh announced that he would undertake a fast death on September 10 and in case he survived the first fifteen days, he would immolate his life by setting fire to himself at the same place, the Akal Takht, inside the Golden Temple complex. But the Sant put off his fast when Indo-Pak hostilites broke out. In fact, the Akali Dal under the leadership of Sant Feteh Singh, actively participated in the defence of the country. The Sikh peasantry in the border districts stood like a rock behind the forces of the country.

Soon after the hostilites were over the then Union Home Minister G.L. Nanda appointed a parliamentary committee headed by the Speaker Hukam Singh to go into the question of linguistic reorganisation of the state. This committee broadly recommended that Punjab should be reorganised on a linguistic basis and that the boundaries should be those of the "regions ", mentioned in the scheme of 1956. The Congress working committee then passed a resolution that a "Punjabi—speaking state be carved out of the existing Punjab State,"and the Union government appointed a boundry commission to democrate the boundaries of the state. The Union government accepted in substance the recommendations of the boundry commission with the modification that tehsil Kharar should be bifurcated, a part of it going to Punjab and Chandigarh to be made a union territory in which was to be located the Capital of both the new states of Punjab and Haryana.

Sant Feteh Singh had not acceped the 1961 cencus as the basis for democration of the boundaries of the two regions but he appeared to be satisfied with the reorganisation of the state and went out of his way to press that the disputed point should be settled through negotiations. In an interview with a reporter, he said on July 26, 1966, "I am satisfied with its form". In reply to another question, he emphasised: "Peaceful negotiations are the only method in my mind" to settle all disputes. Later in London, according to an agency report, he said on September 18, the same year, that he was "satisfied with the decision of the Government of India on the creation of a Punjabi Suba and hoped the minor boundary question would be settled amicably".

During this period many of his lieutenants hinted that the Sant would enter into an electoral alliance with the Congress during the next general election. He himself, whenever he spoke of the elections, mentioned alliances with "other parties, including the Congress".

The reorganisation of the State in 1966 on a linguistic basis was primarily the result of pressures from the Akali Dal. In the given circumstances, historically and politically, communalism and language had got inextricably mixed. Even after the reorganisation, just as before it, the demand for merger of additional Punjabi speaking areas continued unabated. The only difference was that earlier it was rooted in the communal notion of political deprivation while now the main thrust was the communal notion of economic discrimination. The peculiar demographic composition in the newly carved state of Punjab, coupled with 'green revolution', gave a distinct shape to the assertion of various communal groups in politics.

This peculiar demographic composition is evident from the 1971 census, according to which Sikhs form 60.22 per cent of the total population of Punjab and Hindus 37.54 per cent, whereas according to the 1951 and 1961 censuses, in composite Punjab, the Hindus constituted 62.3 per cent and 63.7 per cent of the population respectively. The demographic composition indicates that Sikhs are largely concentrated in the rural areas, except in Hoshiarpur, and Hindus in the urban areas.

Nevertheless after the trifurcation of Punjab and creation of a Punjabi speaking state, a process of 'seculatisation' of the Akali politics, within the framework of anti-congressism began, though it turned out to be a temporary phase. Between 1967 and 1971, the Akali Dal was able to form three coalition governments with the help of the Jana Sangh. Three main factors were responsible for this new 'secular orientation' of the Akali Dal.

Notwithstanding the fact that in the reorganised Punjab, the Sikhs constituted a majority population, the Akali leadership through its own experience came to the

Contd. at page 31


**Business Financial Planning**



**Taking Care of Your Family and Business**

How can I ensure that in the future my estate will have the necessary liquidity to meet outstanding debts, taxes, etc.?

Estate Analysis



**Recruiting and Retaining Key Employees**

What about a basic benefits package for my employees?

Group Insurance



**Affordable Retirement Packages for You and Your Employees**

How can I increase my retirement benefits?

Registered Retirement Savings Plan

**Find Out More About The Plan(s) That Interest You Call Your Financial Planner and Complete Brokerage Service:**



**Sudesh Kalia**

**Bus: (604) 685-9335**

**Res: (604) 254-5837**

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

Contd from Page 30

conclusion that it could not come to power on its own. Though the Akali leaders pretended and continued to do so till the other day (in fact, they do so even today), they knew it more than anybody else that they did not enjoy the support of the entire Sikh community in the state. The social base of the Akali Dal although expanded, was confined to a section of land-owning Jats and urban Sikh trading community. As a matter of fact, both congress and the two communist parties—the CPI and the CPI(M)—continue to retain their influence in a section of the Sikh peasantry.

According to a survey, the proportion of the Jat Sikhs to the total Sikh population roughly varies between 35 per cent and 66 per cent in different districts. In Patiala, Sangrur, Kapurthala, Hoshiarpur, Faridkot and Amritsar more than 50 per cent of the Sikhs are Jats. The other Sikhs castes are Ramgarhias, Mazhabi and Khatri(Bhapa) Sikhs. The total votes secured by the Akali Dal was 31.43 per cent in 1977. The percentage of the Sikh votes polled by the Akali Dal has usually varied between 30 and 45 per cent.

There are thus two options open to the Akali Dal to gain political power in the existing democratic set-up. They have to align themselves with the Congress or with the Jana Sangh and now with the Janata Party. So far they have chosen the second course, though there have always been influential persons in the party who have been wanting to come to a long term understanding with the Congress. In fact, a section of leadership of the Akali Dal too has been striving to come to a political understanding with the Congress(I) on the condition that the Akali Dal rules the state and gets so me share in power at the centre.

Secondly, the 'green revolution', the industrialisation of the country and prospects of better future outside the Punjab have opened up new fields of activities for the Sikhs in other parts of the country. Besides, in the short span of a decade, some of the Akali leaders themselves have become industrialists and have an eye on the markets outside Punjab. A graphic example of this is of Finance Minister Balwant Singh who has established himself as a leading industrialist-cum-contractor.

Thirdly, the Akali leadership has come to the conclusion that an era of one party rule both at the centre and at the states is coming to an end. Therefore, they must come out of the shell of Punjab and build bridges with other parties outside the state.

It is significant to mention here that in its policy programme the Akali Dal committed itself to the goal of a "a secular-democratic-socialist society" of Guru Gobind Singh's concept. The Akali Dal in keeping with this orientation organised a big rally at Ludhiana for Jaya Parkash Narayan against Indira Gandhi's government in October 1974 and participated in another all-India opposition rally led by JP in June 1975. It contested 1977 elections in collaboration with the Janata Party and took part in the joint oath-taking ceremony at Raj Ghat after the electoral victory of the Janata Party in 1977. But there is the other side of the medal also.

After the death of the outstanding Akali leaders like Master Tara Singh, Sant Fateh Singh and Sardar Gurnam Singh (who had left the party even before his death), a political vacuum was



The langar

created in the Akali Dal. There is no doubt that there has always been in-fighting in the Akali Dal between those who control the party and others who dominate the SGPC. Both Master Tara Singh and Sant Fateh Singh handled these conflicts with remarkable political skill.

Whenever the Akali Dal was in power in the state in 1977, it shared power with the Janata Party at the Centre also, the inner conflicts in the Dal remained within manageable limits. Thus the Akali Dal leadership was able to deal with many a serious internal challenges with dexterity and confidence. One such challenge came during the Akali-Nirankari clash in April 1978 which signified the emergence of a new fundamentalist force. Soon after followed the formation in August of a militant Sikh youth organisation named Dal Khalsa which was committed to the achievement of an "Independent Sovereign Sikh Nation". All the same, the ruling leadership was able to withstand with assurance the pressure of this militant group led by Sant Jarnail Singh Bhindranwale as is evident from 1979 SGPC elections in which the 32 candidates supported by Sant Bhindranwale lost the election.

Nevertheless, between 1979 and 1984, particularly after the Akali agitation over sharing of river water which came to be known as the 'Nehar Roko Morcha', three power centres developed in the Akali movement—one led by Sant Bhindranwale, the other by SGPC president Gurcharan Singh Tohra and the third by former Chief Minister Parkash Singh Badal. In this triangle of power-centres, Sant Bhindranwale became the most decisive factor mainly because Jathedar Tohra who controls the SGPC oscillated between the moderates and the fundamentalists, to the advantage of the latter. The potential for forcing the Akali Dal towards a fundamentalist, extremists direction was already there, irrespective of the fact whether or not a section of the Congress (I) leadership provided a cushion to Dal Khalsa and Sant Bhindranwale. The Akali Dal itself provided the ideological base for it and the internal struggle for-power created a fertile soil for this group to consolidate itself. The emergence of break-away groups of Jathedar Jagdev Singh Talwandi and Sukhjinder Singh further compounded the situation because they took to separate agitation on pronounced extremist lines. Against the backgrounds of Dal Khalsa's violent activities including political murders, the main Akali Dal led by the moderate Sant Harchand Singh Longowal was pressurised to fall in the general line.

If one looks back in retrospect and examines the entire sequence of events over the last two years and a half it becomes clear that any negotiated settlement with the dominant section of the Akali leaders on issues like Chandigarh, sharing of river waters and territorial adjustments would have been impossible, as long as the extremists and fundamentalists dominated the political scene and controlled the Golden Temple complex. This can be illustrated by a single instance. Sant Bhindranwale virtually captured the Gurdwara Manji Sahib stage within the Golden Temple complex and started his own morcha in July 1982 against the arrest of his close followers. The Akali Dal leader Sant Longowal clearly read the writing on the wall, adopted Bhindranwale's morcha on August 4 and later even agreed to receive back the breakaway groups into the Dal led by him. This virtually turned the party agitation into a Sikh movement enveloping forces with divergent orientations.

Any attempt or explanation of the recent crisis in Punjab in terms of various conflicting trends in the Akali Dal which does not take into account the role of the SGPC would be partial and therefore lopsided.

The SGPC has, of course, vast financial resources. The income of the eleven leading shrines managed by this body stood at Rs. 307, 68, 963 in 1980. The receipts of these shrines are increasing exponentially. Between 1966 and 1981 alone the income of the eleven important gurdwaras has recorded a 656.64 per cent increase. The budget of the SGPC itself, which was Rs. 650.25,312 in 1980, has increased by 577,41 per cent over the past decade and a half.

The vastness of the financial resources of the SGPC apart, equally important for determining their appropriation in class terms is the pattern of expenditure. Most of its funds are expended on salaries od the staff, education, printing and stationary, propagation of the faith, research and public welfare. The budgetary allocations to these heads of expenditure for 1980 are given on the facing page.

This means that SGPC, next to the state machinery in Punjab has become the highest centre for distribution of patronage.

What is more important is that it has a well-lubricated machinery throughout the state to disseminate its ideology to the Sikh masses at the grass roots. Religious and political sermons are delivered to the masses in the presence of the Guru Granth Sahib from the gurdwara stage by the leaders who control the Budgetary allocations to major heads of expenditure of the SGPC during 1980-81, (in rupees),

| Head of Expenditure | Allocation |
|---|---|
| Salaries | 25,64,200 |
| Education | 9,47,000 |
| Printing and Stationary | 15,06,000 |
| Propagation of the faith | 25,82,000 |
| Research | 99,000 |

Contd. at Page 32.

# ਅਮਲੀ ਕਹਿੰਦੇ ਨੇ

**ਜਸਵੀਰ ਜੱਸੀ**

ਅਫੀਮ ਸਬੰਧੀ ਨਵਾਂ ਕਾਨੂੰਨ ਬਣਨ ਕਾਰਨ ਪਿਛਲੇ ਸਾਲ ਡੇਢ ਸਾਲ ਤੋਂ ਪੰਜਾਬ ਵਿਚ ਅਫੀਮ ਵੇਚਣ ਵਾਲਿਆਂ ਵਿਰੁਧ ਸਖਤੀ ਕਾਫੀ ਵਧ ਗਈ ਹੈ। ਫਲਸਰੂਪ ਪੱਕੇ ਅਮਲੀ ਡਾਢੀ ਔਖ ਮਹਿਸੂਸ ਕਰ ਰਹੇ ਹਨ। ਇਸ ਸਬੰਧੀ ਜ਼ਿਲਾ ਬਠਿੰਡਾ ਦੇ ਵੱਖ ਵੱਖ ਇਲਾਕਿਆਂ ਦਾ ਦੌਰਾ ਕਰਨ ਸਮੇਂ ਹੇਠ ਲਿਖੀਆਂ ਗੱਲਾਂ ਉਭਰ ਕੇ ਸਾਹਮਣੇ ਆਈਆਂ।

ਅਮਲੀਆਂ ਦੇ ਦੱਸਣ ਮੁਤਾਬਕ ਪਹਿਲਾਂ ਚੰਗੀ ਅਫੀਮ 20 ਤੋਂ 25 ਰੁਪਏ ਤੋਲਾ ਮਿਲ ਜਾਂਦੀ ਸੀ ਪਰ ਅੱਜ ਕੱਲ੍ਹ ਛੇਤੀ ਕੀਤਿਆਂ ਤਾਂ ਮਿਲਦੀ ਹੀ ਨਹੀਂ ਜੇ ਅੜੀ ਥੁੜ੍ਹੀ ਕਿਤੋਂ 50-60 ਰੁਪਏ ਤੋਲਾ ਮਿਲ ਜਾਵੇ ਤਾਂ ਇਸ ਦੀ ਕੁਆਲਿਟੀ ਬਹੁਤ ਘਟੀਆ ਹੁੰਦੀ ਹੈ। ਇਹ ਸ਼ਾਇਦ ਇਸ ਕਰ ਕੇ ਹੈ ਕਿ ਪੁਲੀਸ ਸਖਤੀ ਵਧਣ ਕਾਰਨ ਨਿੱਕੇ ਮੋਟੇ ਬਲੈਕੀਏ ਇਹ ਧੰਦਾ ਛੱਡ ਗਏ ਹਨ। ਪਰ ਕਿਸੇ ਟਾਵੇਂ ਟੱਲੇ ਅਮਲੀ ਨੇ ਇਹ ਵੀ ਕਿਹਾ ਕਿ ਜਿਹੋ ਜਿਹੇ ਕੁਝ ਬਲੈਕੀਏ ਇਹ ਧੰਦਾ ਛੱਡ ਗਏ ਉਨੇ ਕੁ ਨਵੇਂ ਇਸ ਕਿੱਤੇ ਵਿਚ ਪ੍ਰਵੇਸ਼ ਕਰ ਗਏ ਹਨ।

ਅਫੀਮ ਨਾ ਮਿਲਣ ਕਾਰਨ ਇਸ ਦੇ ਬਦਲ ਵਜੋਂ ਬਹੁਤੇ ਅਮਲੀਆਂ ਨੇ 'ਭੁੱਕੀ' ਵਰਤਣੀ ਸ਼ੁਰੂ ਕਰ ਦਿੱਤੀ ਹੈ। ਨਤੀਜਾ ਇਹ ਕਿ ਭੁੱਕੀ ਦੇ ਸਮਗਲਰਾਂ ਨੇ ਇਸ ਦੀਆਂ ਕੀਮਤਾਂ ਵੀ ਕਾਫੀ ਵਧਾ ਦਿੱਤੀਆਂ ਹਨ। ਭੁੱਕੀ ਦੀ ਕੀਮਤ 15 ਤੋਂ 25 ਰੁਪਏ ਕਿਲੋ ਸੀ ਜੋ ਵਧਦੀ ਵਧਦੀ 80 ਤੋਂ 100 ਰੁਪਏ ਤਕ ਪੁੱਜ ਗਈ ਹੈ ਅਤੇ ਇਸ ਭਾਅ ਵੀ ਬੜੀ ਮੁਸ਼ਕਲ ਨਾਲ 'ਪੱਕੇ ਬੰਦਿਆਂ' ਤੋਂ ਹੀ ਮਿਲਦੀ ਹੈ। ਅਫੀਮ ਦੇ ਬਦਲ ਵਜੋਂ ਕੁਝ ਅਮਲੀਆਂ ਨੇ 'ਡਾਇਆ ਡੋਨ', ਕੁਨੀਨ ਸਲਫੇਟ ਅਤੇ ਅਜਿਹੀਆਂ ਹੋਰ ਨਸ਼ੀਲੀਆਂ ਗੋਲੀਆਂ ਵਰਤਣੀਆਂ ਸ਼ੁਰੂ ਕੀਤੀਆਂ ਹਨ ਪਰ ਅਮਲੀਆਂ ਦੇ ਕਹਿਣ ਮੁਤਾਬਕ 'ਅਫੀਮ ਵਰਗਾ ਨਜ਼ਾਰਾ ਇਨ੍ਹਾਂ ਚੀਜ਼ਾਂ 'ਚ ਕਿਥੇ।'

ਪੱਕੇ ਅਮਲੀਆਂ ਨੂੰ ਅਫੀਮ ਨਾ ਮਿਲਣ ਕਾਰਨ ਸ਼ਰੀਰਕ ਪੱਖੋਂ ਬੜੇ ਤਸੀਹੇ ਝੱਲਣੇ ਪੈ ਰਹੇ ਹਨ। ਜ਼ੁਕਾਮ, ਟੱਟੀਆਂ ਅਤੇ ਹੋਰ ਕਈ ਕਿਸਮ ਦੀਆਂ ਬਿਮਾਰੀਆਂ ਲੱਗ ਗਈਆਂ ਹਨ। 55 ਸਾਲ ਤੋਂ ਉਪਰ ਉਮਰ ਦੇ 'ਬੇ-ਪਹੁੰਚ' (ਭਾਵ ਜਿਹੜੇ ਆਰਥਿਕ ਪੱਖੋਂ ਵੀ ਕਮਜ਼ੋਰ ਹਨ ਅਤੇ ਜਿਹੜੇ ਤੁਰ ਕੇ ਬਲੈਕੀਆਂ ਤਕ ਪਹੁੰਚ ਨਹੀਂ ਕਰ ਸਕਦੇ) ਦੀ ਤਾਂ ਬਹੁਤ ਮੰਦੀ ਹਾਲਤ ਹੈ। ਕਈ ਪਿੰਡਾਂ ਵਿਚ ਅਜਿਹੇ ਕਾਫੀ ਅਮਲੀ ਤਾਂ ਮੌਤ ਦੇ ਮੂੰਹ ਵੀ ਜਾ ਪਏ ਹਨ।

ਇਹ ਤਲਖ ਹਕੀਕਤ ਹੈ ਕਿ ਅਫੀਮ ਦੀ ਵਿਕਰੀ 'ਤੇ ਪੁਲੀਸ ਸਖਤੀਆਂ ਤੋਂ ਅਮਲੀ ਬਹੁਤ ਜ਼ਿਆਦਾ ਦੁਖੀ ਹਨ। ਇਕ ਅਮਲੀ ਨੇ ਇਸ ਸਬੰਧੀ ਕਿਹਾ : "ਓ ਬਾਈ ਬੜੇ ਤੰਗ ਐਂ, ਖਬਾਰ ਨੂੰ ਖਬਰ ਦੇ ਦੀਂ ਬਈ ਫੀਮ ਖੁੱਲ੍ਹੀ ਮਿਲਣੀ ਚਾਹੀਦੀ ਐ।" ਇਕ ਹੋਰ ਪੜ੍ਹੇ ਲਿਖੇ ਅਮਲੀ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਕਿਹਾ, "ਇਕ ਪਾਸੇ ਪੰਜਾਬ ਵਿਚ ਸ਼ਰਾਬ ਦੀ ਵਿਕਰੀ ਦਿਨੋ ਦਿਨ ਵਧ ਰਹੀ ਐ, ਜਦੋਂ ਕਿ ਇਹ ਨਸ਼ਾ ਅਪਰਾਧਾਂ ਵਿਚ ਹੀ ਵਾਧਾ ਕਰਦੈ ਪਰ ਦੂਜੇ ਪਾਸੇ ਅਫੀਮ ਜਿਹੜੀ ਅਨੇਕਾਂ ਦੁਆਈਆਂ ਵਿਚ ਵੀ ਵਰਤੋਂ 'ਚ ਲਿਆਂਦੀ ਜਾਂਦੀ ਐ, ਦੀ ਵਿਕਰੀ 'ਤੇ ਸਰਕਾਰ ਨੇ ਪਾਬੰਦੀ ਲਾ ਰੱਖੀ ਐ, ਪੰਜਾਬ 'ਚ ਸ਼ਰਾਬ ਆਦਿ ਦੇ ਨਸ਼ਿਆਂ 'ਤੇ ਪਾਬੰਦੀ ਲਾ ਕੇ ਅਫੀਮ ਦੇ ਠੇਕੇ ਖੁੱਲ੍ਹਣੇ ਚਾਹੀਦੇ ਐ।" ਇਕ ਹੋਰ ਅਮਲੀ ਨੇ ਕਿਹਾ, "ਸਮੂਹ ਪੱਕੇ ਅਮਲੀਆਂ ਦੇ ਕਾਰਡ ਬਣਨੇ ਚਾਹੀਦੇ ਐ, ਤੇ ਇਨਾਂ ਕਾਰਡਾਂ 'ਤੇ ਹਸਪਤਾਲਾਂ 'ਚੋਂ ਅਫੀਮ ਮਿਲਣੀ ਚਾਹੀਦੀ ਐ।" ਇਕ ਹੋਰ ਪੜ੍ਹੇ ਲਿਖੇ ਅਮਲੀ ਨੇ ਬੜੀ ਦਿਲਚਸਪ ਗੱਲ ਕਹੀ, "ਬਰਨਾਲੇ ਨੂੰ ਸ਼ਾਇਦ ਪੰਜਾਬ ਦੇ ਪਿੰਡਾਂ 'ਚ ਅਮਲੀਆਂ ਦੀ ਗਿਣਤੀ ਤੇ ਉਨ੍ਹਾਂ ਦੀ ਪਹੁੰਚ ਬਾਰੇ ਨ੍ਹੀਂ ਪਤਾ, ਅਫੀਮ ਦੀ ਵਿਕਰੀ 'ਤੇ ਸਖਤੀ ਬਰਨਾਲਾ ਸਰਕਾਰ 'ਤੇ ਓਹੀ ਅਸਰ ਪਾ ਸਕਦੀ ਹੈ ਜਿਹੜਾ ਅਸਰ ਸੰਜੇ ਗਾਂਧੀ ਦੇ "ਅਪਰੇਸ਼ਨ ਪ੍ਰੋਗਰਾਮ" ਨੇ ਕਾਂਗਰਸ 'ਤੇ ਪਾਇਆ ਸੀ।"


TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336



Main Street Clothing Manufacturer

SAVE ON CLOTHING

You've Never Seen Prices in B.C. Like This Before

TWO LOCATIONS

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

*This coupon is worth:*
$2.00 OFF
on the purchase of any dress over $10.00

■ BUYING ■ SELLING

Free Evaluation For Your
Property Call Any Time
Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)
Member of Prestigious M.L.S.
Medallion Club For 83-84 85-86

# ਪੂੰਜੀ ਦਰਪਣ

## ਪੂੰਜੀ ਦੀ ਬੱਚਤ ਵਿਚ ਸਮੇਂ ਨੂੰ ਆਪਣਾ ਸਾਥੀ ਬਣਾਓ

ਗੁਰਚਰਨ ਰਾਮਪੁਰੀ

ਕਿੰਨੀ ਵਾਰੀ ਤੁਸੀਂ ਕਿਸੇ ਨੂੰ ਇਹ ਕਹਿੰਦਿਆਂ ਸੁਣਿਆ ਹੋਵੇਗਾ ਜਾਂ ਤੁਸੀਂ ਖੁਦ ਆਪ ਸੋਚਿਆ ਹੋਵੇਗਾ: 'ਕਾਸ਼! ਮੇਰੇ ਵਿਚ ਇਹ ਕਰਨ ਦੀ ਸਮਰੱਥਾ ਹੁੰਦੀ! ਜਾਂ 'ਮੇਰੇ ਕੋਲ ਤਾਂ ਪੈਸੇ ਨਹੀਂ ਹਨ; ਮੈਂ ਇਹ ਕਿਵੇਂ ਕਰ ਸਕਦਾ ਹਾਂ?

ਕੀ ਤੁਸੀਂ ਕਦੇ ਅਜੇਹੀ ਹਾਲਤ ਨੂੰ ਬਦਲਨ ਲਈ ਇਸ ਮੁਸ਼ਕਲ ਨੂੰ ਹੱਲ ਕਰਨ ਦਾ ਚੈਲਿੰਜ ਕਬੂਲ ਕੀਤਾ ਅਤੇ ਸੋਚਿਆ ਹੈ ਕਿ ਤੁਸੀਂ ਇਸ ਮਸਲੇ ਬਾਰੇ ਕੀ ਕਰ ਰਹੇ ਹੋ? ਜਾਂ ਅੱਗੋਂ ਕੀ ਕਰੋਗੇ?

**ਇਸ ਮੁਸ਼ਕਿਲ ਨੂੰ ਹੱਲ ਕਰਨ ਦਾ ਜੁੱਗਾਂ ਦਾ ਪਰਖਿਆ ਹੋਇਆ ਇਕ ਕਾਮਯਾਬ ਢੰਗ ਹੈ, ਬੱਚਤ, ਨੇਮ ਨਾਲ ਕੀਤੀ ਹੋਈ ਥੋੜਵੀਂ ਬੱਚਤ ਦਾ ਪ੍ਰੋਗਰਾਮ।** ਇਹ ਫੈਸਲਾ ਤੁਹਾਡੇ ਆਪਣੇ ਹੱਥ ਹੈ ਕਿ ਤੁਸੀਂ, ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਕੇ ਸੌਖ ਨਾਲ ਕਿੰਨੀ ਬੱਚਤ ਹਰ ਹਫਤੇ ਜਾਂ ਹਰ ਮਹੀਨੇ ਕਰ ਸਕਦੇ ਹੋ? ਕਿਸੇ ਵੀ ਮਾਇਕ ਟੀਚੇ ਉੱਤੇ ਪਹੁੰਚਣ ਲਈ ਸਹੀ ਰਾਹ ਉੱਤੇ ਪੁੱਟਿਆ ਇਹ ਮੁੱਢਲਾ ਕਦਮ ਤੁਹਾਨੂੰ ਮੰਜ਼ਿਲ ਦੇ ਨੇੜੇ ਲਿਜਾਣ ਵਿੱਚ ਸਹਾਈ ਹੋਵੇਗਾ। ਸ਼ਾਇਦ ਬੱਚਤ ਦੇ ਸਾਈਜ਼ ਨਾਲੋਂ ਵੀ ਵੱਡੀ ਗੱਲ ਬਾਕਾਇਦਾ ਬੱਚਤ ਦੀ ਆਦਤ ਪਾਉਣ ਦੀ ਹੈ। ਪਰ ਸਾਡੇ'ਚੋਂ ਕਿੰਨਿਆਂ ਲਈ ਇਸ ਰਾਹ ਦਾ ਸਭ ਤੋਂ ਵੱਡਾ ਰੋੜਾ ਹੈ: ਟਾਲ ਮਟੋਲਾ ਅਤੇ ਘੌਲ : ਮੈਂ ਇਹ ਪਰੋਗਰਾਮ ਅਗਲੇ ਸਾਲ ਸ਼ੁਰੂ ਕਰਾਂਗਾ ਜਾਂ ਅਗਲੇ ਮਹੀਨੇ ਜਾਂ ਕੱਲ ਨੂੰ ; ਅਤੇ ਤੁਸੀਂ ਜਾਣਦੇ ਹੋ ਕਿ ਕੱਲ ਨਾਮ ਹੈ ਕਾਲ ਦਾ। ਇਹ ਕੱਲ੍ਹ ਕਦੇ ਨਹੀਂ ਆਉਂਦੀ ਸੋ ਬੱਚਤ ਦਾ ਜੋ ਪਰੋਗਰਾਮ ਤੁਸੀਂ ਬਣਾਉਣਾ ਹੈ ਉਹ ਅੱਜ ਹੁਣੇ ਹੀ ਸ਼ੁਰੂ ਕਰੋ। ਬਾਕਾਇਦਗੀ ਨਾਲੇ ਲਗਾਤਾਰ ਕੀਤੀ ਹੋਈ ਥੋੜੀ ਥੋੜੀ ਬੱਚਤ ਵੀ ਮਿਸ਼ਰਤ ਵਿਆਜ (Compound interest) ਨਾਲ ਹੈਰਾਨ ਕਰਨ ਵਾਲੇ ਨਤੀਜੇ ਕੱਢ ਸਕਦੀ ਹੈ।

**ਜੇ ਤੁਸੀਂ 100 ਡਾਲਰ ਹਰ ਮਹੀਨੇ 20 ਸਾਲ ਜਮਾਂ ਕਰਾਉਂਦੇ ਰਹੇ ਤਾਂ ਤੁਸੀਂ ਆਪਣੇ ਕੋਲੋਂ ਕੁੱਲ 24000 ਡਾਲਰ ਬਚਾਇਆ ਹੋਵੇਗਾ। ਜੇ ਇਸ ਸਮੇਂ ਵਿੱਚ ਇਸ ਰਕਮ ਉੱਤੇ ਆਪਨੂੰ 15 ਪ੍ਰਤੀਸ਼ਤ ਵਿਆਜ ਮਿਲਦਾ ਰਿਹਾ ਹੋਵੇ ਤਾਂ ਤੁਹਾਡੇ ਕੋਲ ਉਸ ਖਾਤੇ ਵਿੱਚ ਅਖੀਰ ਉੱਤੇ 141,372 ਡਾਲਰ ਜਮ੍ਹਾਂ ਹੋ ਜਾਣਗੇ।**

**ਜੇ ਤੁਸੀਂ ਕਹੋ ਕਿ ਤੁਸੀਂ ਤਾਂ ਦਸ ਸਾਲ ਪਿੱਛੋਂ ਬੱਚਤ ਕਰਨ ਲੱਗੋਗੇ ਪਰ$100 ਦੀ ਥਾਂ $200 ਹਰ ਮਹੀਨੇ ਜਮਾਂ ਕਰਾ ਦਿਆ ਕਰੋਗੇ। ਫਿਰ ਵੀ ਤੁਸੀਂ ਆਪਣੇ ਕੋਲੋਂ 24000 ਡਾਲਰ ਹੀ ਜਮਾਂ ਕਰਾਇਆ ਹੋਵੇਗਾ, ਪਰ ਸਮਾਂ ਤੁਹਾਡੇ ਲਈ ਉਨ੍ਹਾਂ ਲੰਮਾ ਕੰਮ ਨਹੀਂ ਕਰ ਸਕੇਗਾ। ਸੋ ਦਸ ਸਾਲ ਦੇ ਅਖੀਰ ਉੱਤੇ ਤੁਹਾਡੇ ਕੋਲ ਕੇਵਲ 56036 ਡਾਲਰ ਖਾਤੇ ਵਿੱਚ ਹੋਣਗੇ ਹਾਲਾਂਕਿ ਮਿਸ਼ਰਤ ਵਿਆਜ ਦੀ ਦਰ ਹੁਣ ਵੀ ਪਹਿਲੀ ਮਿਸਾਲ ਵਾਂਗ 15 ਪ੍ਰਤੀਸ਼ਤ ਹੀ ਹੈ!**

**ਸੋ 10 ਸਾਲ ਟਾਲ-ਮਟੋਲ ਕਰਨ ਅਤੇ ਫੈਸਲਾ ਪਿੱਛੇ ਪਾਣ ਦੇ ਕਾਰਨ ਤੁਸੀਂ 85336 ਡਾਲਰ ਗੁਆ ਲਏ। ਅਸਲ ਵਿੱਚ ਪਹਿਲੀ ਮਿਸਾਲ ਜਿੰਨੀ ਰਕਮ ਕੱਠੀ ਕਰਨ ਲਈ ਆਪ ਨੂੰ ਹਰ ਮਹੀਨੇ 505 ਡਾਲਰ ਜਮਾਂ ਕਰਨੇ ਪੈਣਗੇ।**

ਤੁਸੀਂ ਪੁੱਛੋਗੇ 15 ਪ੍ਰਤੀਸ਼ਤ ਮਿਸ਼ਰਤ ਵਿਆਜ ਅੱਜ ਕੱਲ੍ਹ ਕਿਥੇ ਮਿਲਦਾ ਹੈ? ਬੈਂਕ ਤਾਂ ਇੰਨਾ ਵਿਆਜ ਦਿੰਦੇ ਨਹੀਂ। ਜੇ ਵਿਆਜ ਮਿਲਦਾ ਵੀ ਹੋਵੇ ਤਾਂ ਉਸ 'ਚੋਂ ਕਾਫੀ ਟੈਕਸ ਦੇਣਾ ਪਵੇਗਾ। ਪਰ ਮਾਇਕ ਮਾਹਿਰਾਂ ਦੇ ਚੰਗੇ ਪੇਸ਼ਾਵਰ ਪਰਬੰਧ ਹੇਠ ਚਲ ਰਹੇ ਕਈ ਮਿਊਚੂਅਲ ਫੰਡ ਪਿਛਲੇ 10 ਜਾ 20 ਸਾਲਾਂ ਤੋਂ ਅਜੇਹਾ ਨਫਾ ਆਪਣੇ ਹਿੱਸੇਦਾਰ ਲੋਕਾਂ ਲਈ ਕਮਾ ਕੇ ਦਿੰਦੇ ਆ ਰਹੇ ਹਨ ਅਤੇ ਆਸ ਕੀਤੀ ਜਾਂਦੀ ਹੈ ਕਿ ਅੱਗੋਂ ਵੀ ਅਜੇਹਾ ਨਫਾ ਕਮਾ ਕੇ ਦਿੰਦੇ ਰਹਿਣਗੇ।

ਮਿਸਾਲ ਵਜੋਂ ਹੇਠਾਂ ਕੁੱਝ ਫੰਡਾਂ ਦੇ 30.9.86. ਦੇ ਅੰਕੜੇ ਜੋ Financial Times ਵਿਚੋਂ ਲਏ ਗਏ ਹਨ, ਦਿਤੇ ਜਾਂਦੇ ਹਨ।

| ਫੰਡ ਦਾ ਨਾਂ | ਔਸਤਨ ਸਾਲਾਨਾ ਨਫੇ ਦਾ ਦਰ: ਪ੍ਰਤੀ ਸੈਂਕੜਾ 1 ਸਾਲ | 3 ਸਾਲ | 5 ਸਾਲ | 10 ਸਾਲ |
|---|---|---|---|---|
| AGF Japan | 76.0 | 38.5 | 28.9 | 24.6 |
| Bolton Trembley International | 36.8 | 22.4 | 25.1 | 20.7 |
| Industrial American | 24.0 | 16.1 | 21.2 | 20.6 |
| Templeton Growth | 27.5 | 19.7 | 22.1 | 23.1 |
| Trimark | 28.7 | 15.6 | 24.6 | — |
| United Accumlative Retirement | 17.0 | 17.4 | 17.2 | 18.7 |
| United Accumulative | 22.7 | 21.1 | 18.9 | 18.1 |

**ਸੋ ਆਪਣੀ ਮਾਇਕ-ਆਜ਼ਾਦੀ ਲਈ, ਬੱਚਤ ਬਾਰੇ ਸਹੀ ਫੈਸਲਾ ਕਰਕੇ ਸਮੇਂ ਨੂੰ ਆਪਣਾ ਸਾਥੀ ਬਣਾਉਣਾ ਤੁਹਾਡਾ ਹੱਕ ਹੈ ਜੋ ਆਪਨੂੰ ਵਰਤਣਾ ਚਾਹੀਦਾ ਹੈ।**

---

**ਅੱਜ ਕਲ੍ਹ ਗੁਰਚਰਨ ਰਾਮਪੁਰੀ ਮਾਇਕ-ਵਿਉਂਤਬੰਦੀ (Financial Planning) ਕਰਨ ਵਾਲੀ ਕੰਪਨੀ Regal Capital Planners Ltd. Vancouver ਵਿੱਚ Representative ਵਜੋਂ ਕੰਮ ਕਰਦੇ ਹਨ**

**ਫੋਨ : ਦਫਤਰ : 684-3111**

**ਘਰ : 986-2883**

---


**Financial Services - Financial Planning**



**ਮੈਂ ਆਪਨੂੰ ਇਹ ਦੱਸਣ ਦੀ ਖੁਸ਼ੀ ਲੈ ਰਿਹਾ ਹਾਂ ਕਿ ਮੈਂ ਹੁਣੇ ਹੁਣੇ 'ਰੀਗਲ ਕੈਪੀਟਲ ਪਲੈਨਰਜ਼ ਲਿਮਿਟਿਡ' ਨਾਲ ਕੰਮ ਕਰਨਾ ਸ਼ੁਰੂ ਕੀਤਾ ਹੈ।**

ਮੈਂ ਪੂੰਜੀ ਦੀ ਵਿਉਂਤਬੰਦੀ (Financial Planning) ਦੇ ਕਈ ਖੇਤਰਾਂ ਵਿਚ ਸਰਗਰਮ ਹੋਵਾਂਗਾ। **ਇਨਵੈਸਟਮੈਂਟ ਫੰਡਾਂ (Investment Funds) ਅਤੇ ਰੀਟਾਇਰਮੈਂਟ ਸੇਵਿੰਗ ਪਲੈਨਾਂ (RSPS) ਵਲ ਮੈਂ ਉਚੇਚਾ ਧਿਆਨ ਦੇਵਾਂਗਾ।**

ਆਸ ਹੈ ਕਿ ਲੋੜ ਸਮੇਂ ਤੁਸੀਂ ਮੈਨੂੰ ਸੇਵਾ ਦਾ ਮੌਕਾ ਦਿਓਗੇ। ਧੰਨਵਾਦ।

ਆਪਦਾ ਸ਼ੁਭਚਿੰਤਕ
ਗੁਰਚਰਨ ਰਾਮਪੁਰੀ


# ਗ਼ਜ਼ਲ

—ਜੋਗਾ ਸਿੰਘ

ਹਵਾ ਚੱਲੀ. ਝੁਲੀ ਨੇਰੀ ਚੜੀ ਬੱਲੀ ਪਈ ਕਾਲੀ।
ਨਜ਼ਰ ਆਈ ਨਾ ਪੈੜ ਆਪਣੀ. ਬੜੀ ਦੇਖੀ ਬੜੀ ਭਾਲੀ।

ਅਸਾਡੀ ਸਾਂਝ ਯਾਰੋ ਨਾਲ ਬਦਲਾਂ ਪੈ ਗਈ ਜਦ ਤੋਂ.
ਘਰੋਂ ਤੁਰਦੇ ਹਾਂ ਮਨ ਭਰਕ ਘਰੇ ਮੁੜਦੇ ਹਾਂ ਤਨ ਖਾਲੀ।

ਨਾ ਕੋਈ ਹੈ ਮਹਾਮਾਰੀ. ਨਾ ਗੈਬਾਂ ਦਾ ਕਹਿਰ ਦਿੱਸੇ.
ਕਿਸੇ ਨੇ ਫੇਰ ਵੀ ਕਾਹਤ ਘਰਾਂ ਵਿਚ ਅੱਗ ਨਹੀਂ ਬਾਲੀ

ਬਹੁਤ ਵਾਰੀ ਵਿਧਾਤਾ ਦੀ ਲਿਖੀ ਮੁੜ ਗਈ ਬਰੂਹਾਂ, ਤੋਂ.
ਜੋ ਆਦਮ ਦੇ ਤੁਖਮ ਠਾਣੀ ਗਈ ਟਾਲੀ. ਨਹੀਂ ਟਾਲੀ।

ਤੁਸੀਂ ਕਿਉਂ ਵੰਡਦੇ ਹੋ. ਓਸ ਨੂੰ ਰੰਗਾਂ ਤੇ ਨਸਲਾਂ ਵਿਚ.
ਜੋ ਉਗਿਆ ਏ ਜ਼ਮੀਂ ਵਿਚ ਉਹ ਜਾਂ ਹਾਲੀ ਹੈ ਜਾਂ ਪਾਲੀ।

ਹੁਣ ਤਾਂ ਬਦਲ ਗਏ ਨੇ ਮਾਇਨੇ. ਹਮਸਾਏ ਦੇ. ਆਪਣੇ ਦੇ.
ਕੋਈ ਦਿਸਦਾ ਨਹੀਂ ਵਾਰਿਸ ਕੋਈ ਲੱਭਦਾ ਨਹੀਂ ਵਾਲੀ।

ਇਹ ਵਿੰਡ ਦੀ ਅੱਗ ਦੇ ਸੰਗ ਬਣ ਗਈ ਸੀ ਦੇਹ ਮੇਰੀ ਕੁੰਦਨ
ਹੋਰ ਕੀ ਰੂਪ ਦੇਵੇਗੀ ਸਿਤਮ ਤੇਰੇ ਦੀ ਕੁਠਾਲੀ।

ਕਿਵੇਂ ਆਵੇਗੀ ਰੌਣਕ ਦੱਸ ਉਸ ਬੇਨੂਰ ਚਿਹਰੇ ਤੇ.
ਜਿਦੀ ਦੇਹ ਧੁੱਪਾਂ ਨੇ ਲੂਹੀ ਜਿਦੀ ਰੂਹ ਬਰਫਾਂ ਨੇ ਗਾਲੀ।

**ਮੁੜ ਤੇਰੇ ਦਰ ਆਇਆ ਹਾਂ**
ਦੇ ਦੇ ਇਕ ਮੁਸਕਾਨ ਉਧਾਰੀ
ਤੂੰ ਕਲੀਆਂ ਦੇ ਹਾਣ ਦੀ।
ਮੈਂ ਹੰਝੂਆਂ ਵਿਚ ਡੁੱਬਿਆ ਚਿਹਰਾ
ਤੂੰ ਖੁਸ਼ਬੋਆਂ ਮਾਣਦੀ।
ਦੇ ਦੇ ਨਿੱਘੀਆਂ ਨਿੱਘੀਆਂ ਕਿਰਨਾਂ
ਤੂੰ ਸੂਰਜ ਦੇ ਹਾਣ ਦੀ।
ਮੈਂ ਨੇਰ੍ਹੇ ਸੰਗ ਨੇਰ੍ਹਾ ਹੋਇਆ
ਤੂੰ ਨਹੀਂ ਵਿੱਥਿਆ ਜਾਣਦੀ।
ਮੈਂ ਅਤੀਤ ਦੀ ਗਠੜੀ ਚੁੱਕੀ
ਮੁੜ ਤੇਰੇ ਦਰ ਆਇਆ ਹਾਂ......

ਗ਼ਜ਼ਲ

ਜ਼ਿੰਦਗੀ ਅਖ਼ਬਾਰ ਦਾ ਕਾਲਮ ਨਹੀਂ ਹੈ
ਜ਼ਿੰਦਗੀ ਇਕ ਖੁਸ਼ਨੁਮਾ 'ਐਲਬਮ' ਨਹੀਂ ਹੈ
ਪਤਝੜ ਦੇ ਨਾਲ ਗੰਦੀ ਦੋਸਤੀ ਮੈਂ,
ਐ ਸਿਤਮਗਰ! ਮਿਹਰ ਤੇਰੀ ਕਮ ਨਹੀਂ ਹੈ
ਜ਼ਿੰਦਗੀ ਤੋਂ ਅੱਖ ਚੁਰਾ ਕੇ ਲੰਘਦੇ ਸਭ,
ਜਿਸ ਤਰ੍ਹਾਂ ਇਹਦਾ ਕੋਈ ਹਮਦਮ ਨਹੀਂ ਹੈ
ਆਪਣੇ ਤੇ ਹਸ ਲੈਣਾ ਬਹੁਤ ਹੈ ਬਸ,
ਏਸ ਤੋਂ ਬਿਨ ਹੋਰ ਕੋਈ ਕੰਮ ਨਹੀਂ ਹੈ
ਗਲ ਤਾਂ ਨੁਕਤੇ ਦੀ ਹੈ 'ਮਾਂਗਟ' ਤ੍ਰਿਹੀ ਇਹ,
ਹਰ ਸ਼ਖਸ ਹੀ ਗ਼ਮਜ਼ੂਦਾ ਅੱਖ ਨਮ ਨਹੀਂ ਹੈ।




# MALKIT PARMAR

ROYAL LePAGE

REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :

**Bus: (604) 590-1321 Res: 589-2650**

**8699 - 120th St., North Delta, B.C.**



# AMBIKA FOODS

5125 VICTORIA DR., VAN. B.C.
PH.(604) 327-0295

# AMBIKA DISCOUNT CENTRE

9407-120 th St., (Scott Rd.) Delta, B.C.
Ph. (604) 588-5859

# ਤੇ ਗਰੈਂਡ ਸੇਲ

WE HAVE RIGHT TO LIMIT THE QUANTITIES UNTIL LAST.

| | | | |
|---|---|---|---|
| ਮਜ਼ੋਲਾ ਤੇਲ<br>MAZOLA OIL<br>3 LIT. $5.89 | ਸਨ ਫਲਾਵਰ ਤੇਲ<br>SUNFLOWER OIL<br>3 LIT. $2.99 | ਵੈਜੀਟੇਬਲ ਤੇਲ<br>VEGETABLE OIL<br>3 LIT. $1.99 | ਮਾਰਜਰੀਨ<br>Margrine<br>lb. 49¢ |
| ਸੁਪਰ ਸੋਕੋ ਜੂਸ<br>SUPER SOCCO JUICE<br>Case 7.99 | ਮੈਦਾ<br>Maida<br>10 kg. 5.89 | ਪਚਰੰਗਾ ਅਚਾਰ<br>PACHRANGA ACHAR<br>TIN $1.49 | ਨਵਾਬ ਚਾਹ ਪੱਤੀ<br>NABOB TEA<br><br>$3.88<br>120's pkt. |
| ਦੁੱਧ<br>MILK<br>4 LIT. $3.47 | ਮਾਂਹ<br>MANH<br>LB. 47¢ | ਫਰੀਨ ਰੋਟੀ ਦਾ ਆਟਾ<br>FARINE ROTI ATTA<br>10 kg. 5.39 | ਧਨੀਆਂ/ਲਾਲ ਮਿਰਚ<br>Dhania/Red Pepper<br>LB. 99¢ |
| ਬਾਸਮਤੀ ਚੌਲ<br>Basmati Rice<br>LB. 69¢ | ਖੰਡ<br>SUGAR<br>10 KG. $5.89 | ਐਪਲ ਜੂਸ<br>Apple Juice<br>7.99 CASE | ਐਪਲ ਜੂਸ<br>APPLE JUICE<br>(SUNRYPE BLUE LABEL<br>1 L. 99¢ |
| ਮੂੰਗੀ<br>MOONGI<br>LB. 37¢ | ਅਗਰਬੱਤੀ ਜਾਂ ਧੂਫ<br>Dhoof<br>3/99¢ | ਚਨਾ ਦਾਲ<br>CHANNA DAL<br>LB. 37¢ | ਜੀਰਾ<br>JIRA<br>LB. $1.49 |

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :— ਫੋਨ : 327-0295



# ਫ਼ਿਲਮ-ਲੋਰ



## ਸੁਨੀਲ ਦੱਤ : ਇਕ ਵਿਅਕਤੀ ਇਕ ਸੰਸਥਾ

ਸੁਨੀਲ ਦੱਤ ਇਕ ਵਿਅਕਤੀ ਦਾ ਹੀ ਨਹੀਂ ਬਲਕਿ ਇਸ ਸੰਸਥਾ ਦਾ ਨਾਂ ਹੈ। ਆਮ ਸਮਝਿਆ ਜਾਂਦਾ ਹੈ ਕਿ ਉਹ ਅਭਿਨੇਤਾ ਨਾਲੋਂ ਰਾਜਨੀਤੀ ਨਾਲ ਸੁਨੀਲ ਦੱਤ ਦਾ ਪਹਿਲੇ ਦਿਨੋਂ ਹੀ ਲਗਾਓ ਰਿਹਾ ਤੇ ਉਹਦੀਆਂ ਸਮਾਜਕ ਸਰਗਰਮੀਆਂ ਦੀ ਵੀ ਲੰਮੀ-ਚੌੜੀ ਸੂਚੀ ਬਣਾਈ ਜਾ ਸਕਦੀ ਹੈ।

ਅਮਿਤਾਭ ਬਚਨ ਦੇ ਰਾਜਨੀਤਕ-ਜੀਵਨ ਦੀ ਜਿਥੇ ਕੌੜੀ ਚਰਚਾ ਅਕਸਰ ਛਿੜਦੀ ਰਹਿੰਦੀ ਹੈ ਉਥੇ ਸੁਨੀਲ ਦੱਤ ਦੇ ਰਾਜਸੀ-ਜੀਵਨ ਬਾਰੇ ਸੁਥਰਾ ਜ਼ਿਕਰ ਹੁੰਦਾ ਹੈ। ਦਲੀਪ ਕੁਮਾਰ ਵਾਂਗ ਸੁਨੀਲ ਦੱਤ ਬੰਬਈ ਦਾ ਸ਼ੈਰਿਫ਼ ਰਹਿ ਚੁਕਾ ਹੈ। ਇਕ ਸਾਧਾਰਨ ਬੰਦੇ ਨੂੰ ਕੋਈ ਹਿਚਕਿਚਾਹਟ ਨਹੀਂ ਹੁੰਦੀ ਜੇਕਰ ਉਹ ਸੁਨੀਲ ਦੱਤ ਨੂੰ ਮਿਲਣਾ ਚਾਹੁੰਦਾ ਹੋਵੇ। ਜੇਕਰ ਉਹ ਬੰਬਈ ਦੇ ਪਾਲੀਹਿਲ ਵਾਲੇ ਬੰਗਲੇ ਵਿਚ ਹੀ ਹੈ ਤੇ ਬੇਸ਼ੱਕ ਅਰਾਮ ਹੀ ਕਰ ਰਿਹਾ ਹੈ, ਬੈਲ ਮਾਰਕੇ ਤੁਸੀਂ ਅੰਦਰ ਲੰਘ ਸਕਦੇ ਹੋ। ਉਹਦੇ ਸੁਭਾਅ 'ਚ ਅਜਿਹੀ ਲਚਕਤਾ ਅਤੇ ਖੁੱਲ੍ਹਾਪਣ ਉਦੋਂ ਵੀ ਸੀ ਜਦੋਂ ਉਹ ਅਤਿ ਦਾ ਰੁਝੇਵੇਂ ਭਰਪੂਰ ਐਕਟਰ ਸੀ ਤੇ ਇਹ ਜੀਵਨ-ਧਾਰਾ ਹੁਣ ਵੀ ਕਾਇਮ ਹੈ ਜਦੋਂ ਸਮਾਜਕ, ਸਿਆਸੀ ਗਤੀਵਿਧੀਆਂ ਵਿਚ ਉਹ ਗਲ ਗਲ ਖੁੱਭਾ ਹੋਇਆ ਹੈ।

ਸੁਨੀਲ ਦੱਤ ਦੀ ਜ਼ਿੰਦਗੀ ਦੇ ਰਸਤੇ ਬਹੁਤ ਪੱਧਰੇ ਨਹੀਂ ਰਹੇ। ਟੋਇਆਂ, ਖੱਡਾਂ, ਧੱਕਿਆਂ ਤੇ ਤੰਗੀਆਂ-ਤੁਰਸ਼ੀਆਂ ਨਾਲ ਉਹਦਾ ਵਾਹ ਪੈਂਦਾ ਰਿਹਾ। ਜਦੋਂ ਦੇਸ਼ ਦੀ ਵੰਡ ਹੋਈ ਤਾਂ ਉਨ੍ਹਾਂ ਦਾ ਪਰਿਵਾਰ ਖਿਡ ਪੁੰਡ ਗਿਆ। ਮਾਂ ਨੂੰ ਲੱਭਣ ਲਈ ਉਹ ਪਾਗਲਾਂ ਵਾਂਗ ਰਫਿਊਜੀ ਕੈਂਪਾਂ ਵਿਚ ਫਿਰਦਾ ਰਿਹਾ। ਛੋਟੀ ਉਮਰੇ ਬਾਪ ਦਾ ਸਾਇਆ ਉਹਦੇ ਸਿਰ ਤੋਂ ਉਠ ਗਿਆ ਸੀ। ਫਿਲਮ-ਲਾਈਨ ਵਿਚ ਆਉਣ ਤੋਂ ਪਹਿਲਾਂ ਸੁਨੀਲ ਦੱਤ ਬੱਸ-ਮਲਾਜ਼ਮ ਰਿਹਾ, ਫਿਰ ਰੇਡੀਓ ਸੀਲੋਨ ਦਾ ਅਨਾਊਂਸਰ ਰਿਹਾ ਤੇ ਹੋਰ ਵੀ ਕਈ ਕਿਸਮ ਦੇ ਪਾਪੜ ਵੇਲਣੇ ਪਏ। ਉਹਦਾ ਆਪਣਾ ਨਾਂਅ ਬਲਰਾਜ ਹੈ। ਉਹ ਪੰਜਾਬੀ ਹੈ।

ਰਮੇਸ਼ ਸਹਿਗਲ ਨੇ ਪਹਿਲੀ ਵਾਰ ਸੁਨੀਲ ਦੱਤ ਨੂੰ ਸਕਰੀਨ-ਟੈਸਟ "ਰੇਲਵੇ ਪਲੇਟਫਾਰਮ" ਫਿਲਮ ਲਈ ਚੁਣਿਆ। ਆਪਣੇ ਲੰਮੇ ਫਿਲਮੀ-ਜੀਵਨ ਵਿਚ ਸੁਨੀਲ ਦੱਤ ਨੇ ਸਮੇਂ ਸਮੇਂ ਸਿਰ ਕਈ ਖੂਬਸੂਰਤ ਅਤੇ ਨਿਵੇਕਲੇ ਤਜਰਬੇ ਕੀਤੇ। ਉਹਦੀ ਖੁਦ ਦੀ ਬਣਾਈ "ਯਾਦੇਂ" ਇਕ ਐਸੀ ਫਿਲਮ ਸੀ ਜਿਸ ਨੂੰ ਭਾਰਤੀ ਫਿਲਮ ਇਤਿਹਾਸ ਵਿਚ ਪਹਿਲੀ "ਵਨ-ਐਕਟਰ, ਵਨ - ਸੈਟ ਫਿਲਮ" ਘੋਸ਼ਿਤ ਕੀਤਾ ਗਿਆ। "ਮੁਝੇ ਜੀਨੇ ਦੋ" ਆਮ ਫਿਲਮਾਂ ਤੋਂ ਇਕਦਮ ਹਟਵੀਂ ਸੀ ਜਿਸ ਵਿਚ ਸੁਨੀਲ ਦੱਤ ਨੇ ਹੀਰੋ ਦੀ ਪਰੰਪਰਿਕ ਇਮੇਜ ਨੂੰ ਤੋੜ ਕੇ ਉਸ ਨੂੰ ਡਾਕੂ ਬਣਾ ਕੇ ਪੇਸ਼ ਕੀਤਾ ਤੇ ਸਮਝਿਆ ਜਾਂਦਾ ਹੈ ਕਿ "ਐਂਟੀ ਹੀਰੋ ਟਰੈਂਡ" ਇਸੇ ਫਿਲਮ ਤੋਂ ਅਗੇ ਤੁਰਿਆ। "ਸੁਜਾਤਾ", "ਹਮਰਾਜ਼", "ਅਮਰਪਾਲੀ", "ਮਿਲਨ", "ਮਿਹਰਬਾਨ", "ਖਾਨਦਾਨ", "ਇਨਸਾਨ ਜਾਮ ਉਠਾ" ਵਰਗੀਆਂ ਹੋਰ ਦਰਜਨਾਂ ਫਿਲਮਾਂ ਦੇ ਨਾਂ ਲਏ ਜਾ ਸਕਦੇ ਹਨ ਜਿਨ੍ਹਾਂ ਰਾਹੀਂ ਸੁਨੀਲ ਦੱਤ ਦੀ ਅਭਿਨੈ-ਕਲਾ ਨੇ ਗੂੜ੍ਹੀਆਂ ਪੈੜਾਂ ਕੀਤੀਆਂ ਅਤੇ ਅਮਿੱਟ ਪ੍ਰਭਾਵ ਛੱਡਿਆ। "ਸ਼ੋਅਲੇ" ਨੂੰ ਛੱਡ ਕੇ ਭਾਰਤੀ ਫਿਲਮਾਂ 'ਚੋਂ ਸਭ ਤੋਂ ਵੱਧ ਅਰਸਾ ਸਿਨੇਮਾ-ਘਰਾਂ 'ਚ ਚੱਲਣ ਵਾਲੀ ਫਿਲਮ "ਮਦਰ ਇੰਡੀਆ" ਵਿਚਲਕ ਬ੍ਰਿਜੂ ਮੁੰਡੇ ਦਾ ਰੋਲ ਤਾਂ ਕਿਸੇ ਨੂੰ ਨਹੀਂ ਭੁੱਲ ਸਕਦਾ ਇਸ ਇਕੋ ਰੋਲ ਦੇ ਆਧਾਰ 'ਤੇ ਸੁਨੀਲ ਦੱਤ ਦਾ ਨਾਂ ਫਿਲਮ ਇਤਿਹਾਸ ਵਿਚ ਸੁਰੱਖਿਅਤ ਤੇ ਰਾਖਵਾਂ ਹੋ ਗਿਆ ਸੀ।

ਭਾਵੇਂ ਨਰਗਿਸ ਤੇ ਰਾਜ ਕਪੂਰ ਦੇ ਪਿਆਰ ਦੀ ਪਹਿਲੇ ਵੇਲਿਆਂ ਵਿਚ ਖੂਬ ਚਰਚਾ ਰਹੀ ਪਰ ਸੁਨੀਲ ਦੱਤ ਨਾਲ ਵਿਆਹ ਕਰਾਉਣ ਉਪਰੰਤ ਉਨ੍ਹਾਂ ਦੋਹਾਂ ਦੀ ਸਫਲ ਜੋੜੀ ਅਤੇ ਸੁਖੀ ਪਰਿਵਾਰਕ ਜੀਵਨ ਦੀਆਂ ਲੋਕ ਮਿਸਾਲਾਂ ਪੇਸ਼ ਕਰਿਆ ਕਰਦੇ ਸਨ। ਨਰਗਿਸ ਦੀ ਕੈਂਸਰ ਨਾਲ ਹੋਈ ਮੌਤ ਨੇ ਸੁਨੀਲ ਦੱਤ ਦੇ ਅੰਦਰ ਡੂੰਘਾ ਟੋਆ ਪਾ ਦਿਤਾ ਸੀ। ਉਸ ਨੇ ਇਸ ਦਾ ਭੁਲਾਏ ਜਾ ਸਕਣ ਵਾਲੇ ਗ਼ਮ ਨੂੰ ਭੁਲਾਉਣ ਲਈ ਹੀ ਕੈਂਸਰ ਹਸਪਤਾਲ ਬਣਾਉਣ, ਚੈਰਿਟੀ ਸ਼ੋਅ ਕਰਨ, ਲੋੜਵੰਦਾਂ ਦੀ ਹਰ ਸੰਭਵ ਮਦਦ ਕਰਨ ਵਲ ਆਪਣਾ ਪੂਰਾ ਜੀਵਨ ਅਰਪਿਤ ਕੀਤਾ ਹੋਇਆ ਹੈ।

ਪਿਛਲੇ ਦਿਨੀਂ ਲੋਕ ਸਭਾ ਵਿਚ ਸੁਨੀਲ ਦੱਤ ਨੇ ਫਿਲਮਾਂ ਵਾਲਿਆਂ ਦੇ ਹੱਕ 'ਚ ਭਰਵੀਂ ਆਵਾਜ਼ ਉਠਾਈ ਤੇ ਦੱਸਿਆ ਕਿ ਫਿਲਮ ਸਨਅਤ ਰਾਹੀਂ ਇਸ ਵੇਲੇ ਦਸ ਲੱਖ ਲੋਕਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਹੈ, ਵੱਖ ਵੱਖ ਟੈਕਸਾਂ ਦੇ ਰੂਪ ਵਿਚ ਫਿਲਮਾਂ ਵਲੋਂ ਸਰਕਾਰੀ ਖਜ਼ਾਨੇ ਨੂੰ ਹਰ ਸਾਲ 500 ਕਰੋੜ ਰੁਪਿਆ ਦਿੱਤਾ ਜਾਂਦਾ ਹੈ ਪਰ ਸਰਕਾਰ ਨੇ ਅਜੇ ਤੱਕ ਫਿਲਮਾਂ ਨੂੰ "ਸਨਅਤ" ਨਹੀਂ ਮੰਨਿਆ ਤੇ ਮੁਢਲੀਆਂ ਸਹੂਲਤਾਂ ਵੀ ਨਹੀਂ ਦਿੱਤੀਆਂ। ਸੁਨੀਲ ਦੱਤ ਨੇ ਫਿਲਮ ਖੇਤਰ ਵਲੋਂ ਦੇਸ਼ ਵਿਚ ਸਮੇਂ ਸਮੇਂ ਸਿਰ ਕੁਦਰਤੀ ਆਫਤਾਂ ਨਾਲ ਪੀੜਿਤ ਲੋਕਾਂ ਲਈ ਕੀਤੀ ਮਦਦ ਦੇ ਵੇਰਵੇ ਵੀ ਪੇਸ਼ ਕੀਤੇ। ਉਹਦੇ ਦਲੀਲ-ਭਰਪੂਰ ਤੇ ਜਜ਼ਬਾਤੀ ਭਾਸ਼ਨ ਨੇ ਇਕ ਵਾਰ ਤਾਂ ਸਰਕਾਰ ਨੂੰ ਸੋਚਾਂ ਵਿਚ ਪਾ ਦਿੱਤਾ ਹੈ।




ਅੱਜ ਕਲ੍ਹ ਪ੍ਰਾਣ ਨਾਲ ਪਿਆਰ ਦੀਆਂ ਪੀਂਘਾਂ ਝੂਟ ਰਹੀ ਗੀਤਿਕਾ ਚੌਧਰੀ ਕਦੇ ਰਾਹੁਲ ਕੁਮਾਰ ਨੂੰ ਵੀ ਇਹੀ ਕਹਿੰਦੀ ਰਹੀ ਹੈ 'ਤੇਰੀ ਹਾਂ, ਤੇਰੀ ਹਾਂ, ਮੈਂ ਤਾਂ ਤੇਰੀ ਹਾਂ' ਉਪਰਲੀ ਤਸਵੀਰ ਕੀ ਏਹੀ ਗਵਾਹੀ ਨਹੀਂ ਦਿੰਦੀ ਦਿੰਦੀ?

## ਐਸਾ ਪਿਆਰ ਕਹਾਂ

ਫਿਲਮ 'ਐਸਾ ਪਿਆਰ ਕਹਾਂ' ਦੀ ਸਮੁੱਚੀ ਕਹਾਣੀ ਚਾਰ ਮੁੱਖ ਪਾਤਰਾਂ ਸਾਗਰ, ਸੂਰਜ, ਸਰਿਤਾ ਅਤੇ ਪੂਜਾ ਦੁਆਲੇ ਘੁੰਮਦੀ ਹੈ ਤੇ ਇਨ੍ਹਾਂ ਪਾਤਰਾਂ ਨੂੰ ਕ੍ਰਮਵਾਰ ਜਤਿੰਦਰ, ਮਿਠੁਨ ਚੱਕਰਵਰਤੀ, ਜਯ ਪ੍ਰਦਾ ਅਤੇ ਪਦਮਨੀ ਕੋਹਲਾਪੁਰੀ ਨੇ ਨਿਭਾਇਆ ਹੈ।

ਇਸ ਦਾ ਨਿਰਦੇਸ਼ਕ ਉਹੀਓ ਵਿਜੈ ਸਦਾਨਾ ਹੈ ਜਿਸ ਨੇ ਕਦੀ 'ਪਿਆਰ ਝੁਕਤਾ ਨਹੀਂ' ਵਰਗੀ ਸਫਲ ਪਰਿਵਾਰਕ ਫਿਲਮ ਦੇ ਕੇ ਫਿਲਮ ਇੰਡਸਟਰੀ ਨੂੰ ਹੈਰਾਨ ਕਰ ਦਿੱਤਾ ਸੀ। ਇਸ ਵਾਰ ਨਿਰਦੇਸ਼ਕ ਭਾਵੇਂ ਕੋਈ ਮਾਅਰਕਾ ਤਾਂ ਨਹੀਂ ਮਾਰ ਸਕਿਆ ਫਿਰ ਵੀ ਇਕ ਸੁਥਰੀ ਫਿਲਮ ਬਣਾਉਣ ਕਰਕੇ, ਉਸ ਨੂੰ ਸ਼ਾਬਾਸ਼ੇ ਦੇਣੀ ਬਣਦੀ ਹੈ। ਆਨੰਦ ਬਖਸ਼ੀ ਦੇ ਸਿਚੂਏਸ਼ਨਾਂ ਮੁਤਾਬਕ ਅਤਿ ਢੁਕਵੇਂ ਗੀਤਾਂ ਨੂੰ ਲਕਸ਼ਮੀਕਾਂਤ ਪਿਆਰੇ ਲਾਲ ਨੇ ਸੰਗੀਤ ਵਿਚ ਢਾਲਿਆ ਹੈ ਤੇ ਇਹ ਸੰਗੀਤ ਯਕੀਨਨ ਮਿਠਾ ਹੈ

ਸਾਗਰ ਦੀ ਜ਼ਿੰਦਗੀ ਵਿਚ ਕਈ ਤਰ੍ਹਾਂ ਦੀਆਂ ਧੁੱਪਾਂ ਛਾਵਾਂ ਆਉਂਦੀਆਂ ਹਨ। ਸਾਗਰ ਤੇ ਪੂਜਾ ਭਾਈ-ਭੈਣ ਹਨ ਤੇ ਦੁਨੀਆਂ ਵਿਚ ਉਨ੍ਹਾਂ ਦਾ ਕੋਈ ਨਹੀਂ ਹੈ। ਰੋਟੀ-ਰੋਜ਼ੀ ਖਾਤਰ ਦੋਵੇਂ ਕੰਮ ਕਰਦੇ ਹਨ। ਸਾਗਰ ਦੀ ਮਿਹਨਤ ਤੇ ਈਮਾਨਦਾਰੀ ਇਕ ਸੇਠ ਨੂੰ ਪ੍ਰਭਾਵਤ ਕਰਦੀ ਹੈ ਤੇ ਉਹ ਉਸ ਨੂੰ ਅਗੇ ਵਧਾਉਣ ਲਈ ਸਹਾਈ ਸਿੱਧ ਹੁੰਦਾ ਹੈ। ਇਕ ਦਿਨ ਸਾਗਰ ਮਾਲਦਾਰ ਸਾਮੀ ਬਣ ਜਾਂਦਾ ਹੈ। ਪੂਜਾ ਦੀ ਜ਼ਿੰਦਗੀ ਵਿਚ ਸੂਰਜ ਨਾਂ ਦਾ ਨੌਜਵਾਨ ਅੱਗ ਮਘਾਉਂਦਾ ਹੈ ਤੇ ਉਹ ਅਖੀਰ ਜੀਵਨ ਸਾਥੀ ਬਣ ਜਾਂਦੇ ਹਨ। ਇਸੇ ਤਰ੍ਹਾਂ ਸਾਗਰ ਦੀ ਜ਼ਿੰਦਗੀ ਵਿਚ ਸਰਿਤਾ ਪ੍ਰਵੇਸ਼ ਕਰ ਜਾਂਦੀ ਹੈ। ਪਰ ਆਪਣੀ ਵਿਧਵਾ ਭੈਣ ਦੀ ਨੀਯਤ ਕਾਰਨ ਸਾਗਰ ਦੇ ਜੀਵਨ ਦੀ ਵਿਕਾਸ ਰੇਖਾ ਫਿਰ ਤੋਂ ਹੇਠਾਂ ਤੁਰ ਪੈਂਦੀ ਹੈ। ਉਹ ਹਰ ਤਰ੍ਹਾਂ ਦੀ ਕੁਰਬਾਨੀ ਝੱਲਦਾ ਹੈ। ਸਮੁੱਚੇ ਤੌਰ 'ਤੇ ਇਹ ਫਿਲਮ ਪਰਿਵਾਰਕ ਦੁਖਾਂ-ਸੁਖਾਂ ਦਾ ਮਿਲਗੋਭਾ ਹੈ ਤੇ ਅਜਿਹੀਆਂ ਫਿਲਮਾਂ ਨੂੰ ਕਈ ਵਾਰ ਇਸਤਰੀ - ਦਰਸ਼ਕਾਂ ਵਲੋਂ ਵੱਧ ਹੁੰਗਾਰਾ ਮਿਲ ਜਾਣ ਦੀ ਸੰਭਾਵਨਾ ਹੁੰਦੀ ਹੈ।

"ਐਸਾ ਪਿਆਰ ਕਹਾਂ" ਦਾ ਪ੍ਰੋਡਿਊਸਰ ਪ੍ਰਦੀਪ ਸ਼ਰਮਾ ਹੈ ਤੇ ਉਸ ਦੀ ਖਾਸੀਅਤ ਇਹ ਹੈ ਕਿ ਜਦੋਂ ਇਹ ਫਿਲਮ ਬਣ ਰਹੀ ਸੀ ਤਾਂ ਉਹ ਪਦਮਨੀ ਕੋਹਲਾਪੁਰੀ ਦੇ ਏਨਾ ਨੇੜੇ ਆ ਗਿਆ ਸੀ ਕਿ ਦੋਹਾਂ ਨੇ ਚੋਰੀ ਚੋਰੀ ਸ਼ਾਦੀ ਕਰਾ ਲਈ ਤੇ ਫੇਰ ਜਲਦ ਹੀ ਸ਼ਾਦੀ ਦਾ ਸ਼ਰੇਆਮ ਐਲਾਨ ਕਰ ਦਿੱਤਾ।



ਸੋਨਿਕਾ ਅਤੇ ਵਿਕੀ ਖਾਨ 'ਪਿਆਰ ਕਾ ਪਹਿਲਾ ਸਾਵਨ' 'ਚ

## 'ਹੱਥ ਤਾਂ ਸੋਨਿਕਾ ਗਿੱਲ ਦਾ ਫੜ੍ਹ ਬੈਠੈਂ ਪਰ ਇਹ ਮਹਿੰਗਾ ਬਹੁਤ ਪੈਣੈ

D.P. Pandia & Associates
Immigration Consultants
Serving the Community Since 1939
Ph. (604) 684-3716 or 684-8601
# 61 - 553 Granville St., Vancouver, B.C.

# ਕੀ ਹਨੇਰੀ ਗੁਫਾ ਦੇ ਸਿਰੇ 'ਤੇ ਆਸ ਦੀ ਕਿਰਨ ਹੈ ?

ਸ਼ਿਆਮ ਖੋਸਲਾ

ਅੰਮ੍ਰਿਤਸਰ — ਜਿਥੇ ਸਿੱਖ ਇਸ ਗੱਲ ਉਤੇ ਗੁੱਸੇ ਵਿਚ ਹਨ ਕਿ ਕੇਂਦਰ ਕਥਿਤ ਤੌਰ 'ਤੇ ਉਨ੍ਹਾਂ ਉਤੇ ਜ਼ੁਲਮ ਢਾਹ ਰਿਹਾ ਹੈ ਉਥੇ ਹਿੰਦੂਆਂ ਵਿਚ ਅਸੁਰੱਖਿਅਤਾ ਦੀ ਭਾਵਨਾ ਵਧਣ ਦਾ ਕਾਰਨ ਦਹਿਸ਼ਤਪ੍ਰਸਤਾਂ ਵਲੋਂ ਕਤਲਾਂ ਵਿਚ ਵਾਧਾ ਅਤੇ ਅਕਾਲੀ ਸਰਕਾਰ ਦੀਆਂ 'ਫਿਰਕੂ' ਨੀਤੀਆਂ ਹਨ । ਹਿੰਦੂ ਮਾਨਸਿਕਤਾ ਇਸ ਕਾਰਨ ਲਹੂ-ਲੁਹਾਣ ਹੋਈ ਜਾਪਦੀ ਹੈ ਕਿ ਸਿੱਖਾਂ ਦਾ ਇਕ ਹਿਸਾ ਕਤਲਾਂ ਦੀ ਗਲਤ ਢੰਗ ਨਾਲ ਹਮਾਇਤ ਕਰਦਾ ਹੈ ਅਤੇ ਮੰਤਰੀਆਂ ਸਣੇ ਸਿੱਖ ਲੀਡਰਸ਼ਿਪ ਦਹਿਸ਼ਤਵਾਦੀ ਗਰੁਪਾਂ ਨਾਲ ਹਮਦਰਦੀ ਰੱਖਦੀ ਅਤੇ ਉਨ੍ਹਾਂ ਨੂੰ ਹਮਾਇਤ ਦਿੰਦੀ ਹੈ । ਜਿਸ ਢੰਗ ਨਾਲ ਸ੍ਰੀਮਤੀ ਇੰਦਰਾ ਗਾਂਧੀ ਅਤੇ ਜਨਰਲ ਏ. ਐਸ. ਵੈਦਿਆ ਦੇ ਕਾਤਲਾਂ ਨੂੰ 'ਸ਼ਹੀਦ' ਕਰਾਰ ਦਿੱਤਾ ਗਿਆ ਉਸ ਨਾਲ ਵੀ ਦੋਹਾਂ ਫਿਰਕਿਆਂ ਦਰਮਿਆਨ ਪਾੜਾ ਵਧਿਆ ਹੈ।

ਪੰਜਾਬੀ ਹਿੰਦੂਆਂ ਦੀ ਸ਼ਿਕਾਇਤ ਦਾ ਇਕ ਕਾਰਨ ਇਹ ਵੀ ਹੈ ਕਿ ਸਿਆਸੀ ਨੇਤਾ ਅਤੇ ਪ੍ਰਚਾਰ ਸਾਧਨ ਉਨ੍ਹਾਂ ਦੀ ਗੱਲ ਨੂੰ ਠੀਕ ਤਰ੍ਹਾਂ ਸੁਣਨ ਲਈ ਤਿਆਰ ਨਹੀਂ । ਅੰਮ੍ਰਿਤਸਰ ਦਾ ਇਕ ਨੌਜਵਾਨ ਕਾਲਜ ਵਿਦਿਆਰਥੀ ਗੁੱਸੇ ਨਾਲ ਕਹਿੰਦਾ ਹੈ : "ਕੀ ਕਾਰਨ ਹੈ ਕਿ ਹਰੇਕ ਜਣਾ ਸਿਖ ਮਾਨਸਿਕਤਾ ਦੀ ਹੀ ਚਿੰਤਾ ਕਰ ਰਿਹਾ ਹੈ । ਕੀ ਹਿੰਦੂਆਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਨਹੀਂ ਪੁੱਜੀ ?"

ਅੰਮ੍ਰਿਤਸਰ ਦੇ ਇਕ ਡਾਕਟਰ ਭੀਮ ਸੇਨ ਨੇ ਸਵਾਲ ਕੀਤਾ ਕਿ ਕੀ ਹਿੰਦੂਆਂ ਵਲੋਂ ਕੌਮੀ ਏਕਤਾ ਪ੍ਰਤੀ ਅਪਣਾਈ ਗਈ ਪ੍ਰਤੀਬਧਤਾ ਇਸ ਫਿਰਕੇ ਵਲੋਂ ਕੀਤਾ ਜਾ ਰਿਹਾ 'ਬਹੁਤ ਵੱਡਾ ਅਪਰਾਧ' ਨਹੀਂ ? ਉਹ ਚਾਹੁੰਦੇ ਹਨ ਕਿ ਦੇਸ਼ ਘੱਟ ਗਿਣਤੀਆਂ ਪ੍ਰਤੀ ਆਪਣੀ ਪਹੁੰਚ ਦਾ ਮੁੜ ਜਾਇਜ਼ਾ ਲਵੇ । ਉਸ ਨੂੰ ਅਫਸੋਸ ਹੈ ਕਿ ਵੱਖਵਾਦ, ਖੇਤਰਵਾਦ ਅਤੇ ਫਿਰਕਾਪ੍ਰਸਤੀ ਦਾ ਪ੍ਰਚਾਰ ਕਰ ਰਹੇ ਅਨਸਰਾਂ ਦਾ ਦੇਸ਼ ਅੰਦਰ ਹੱਥ ਉਪਰ ਹੋਇਆ ਹੋਇਆ ਹੈ । ਇਹ ਪ੍ਰਭਾਵ ਵੀ ਪੈਦਾ ਹੋ ਰਿਹਾ ਹੈ ਕਿ ਬਰਨਾਲਾ ਸਰਕਾਰ ਹਿੰਦੂਆਂ ਨਾਲ ਵਿਤਕਰਾ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਨੌਕਰੀਆਂ ਵਿਚ ਪੂਰਾ ਹਿਸਾ ਨਹੀਂ ਦਿਤਾ ਜਾ ਰਿਹਾ ।

ਹਿੰਦੂਆਂ, ਖਾਸ ਕਰਕੇ ਪੇਂਡੂ ਖੇਤਰਾਂ ਵਿਚ ਰਹਿਣ ਵਾਲਿਆਂ ਦੇ ਮਨਾਂ ਵਿਚ ਦਹਿਸ਼ਤ ਪਿਛਲੇ ਕੁਝ ਹਫਤਿਆਂ ਤੋਂ ਹੋਰ ਵਧੀ ਹੈ। ਧਮਕੀ ਭਰੇ ਪੱਤਰਾਂ ਅਤੇ ਹੱਥ-ਲਿਖਤ ਪੋਸਟਰਾਂ ਰਾਹੀਂ ਧਮਕੀਆਂ ਦੇਣ ਦੀ ਦਹਿਸ਼ਤਗਰਦਾਂ ਦੀ ਚਾਲ ਸਫਲ ਹੋ ਗਈ ਹੈ। ਕਈ ਪਿੰਡਾਂ ਵਿਚ ਹਿੰਦੂ ਮੁੰਡਿਆਂ ਨੇ ਦਾੜ੍ਹੀਆਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਹਨ । ਸ਼ਾਹਪੁਰ ਗੋਰਾਇਆ ਵਿਚ ਕੰਮ ਕਰਨ ਵਾਲਾ ਡਿਸਪੈਂਸਰ ਜੋਗਿੰਦਰ ਮੋਹਣ ਸ਼ਰਮਾ ਕਹਿੰਦਾ ਹੈ ਕਿ ਉਸ ਨੇ ਨਿਜੀ ਸੁਰੱਖਿਆ ਲਈ ਦਾੜ੍ਹੀ ਵਧਾਉਣੀ ਸ਼ੁਰੂ ਨਹੀਂ ਕੀਤੀ ਸਗੋਂ ਉਸ ਦਾ ਸ਼ੇਵ ਕਰਨ ਵਾਲਾ ਉਸਤਰਾ ਗੁੰਮ ਹੋ ਗਿਆ ਹੈ ਉਸ ਦਾ ਕਹਿਣਾ ਹੈ ਕਿ ਪਿੰਡ ਵਿਚ ਉਹ ਇਕੋ ਇਕ ਹਿੰਦੂ ਹੈ ਪਰ ਉਸ ਨੂੰ ਕਦੇ ਕੋਈ ਮੁਸ਼ਕਲ ਪੇਸ਼ ਨਹੀਂ ਆਈ ।

ਦੂਜੇ ਰਾਜਾਂ ਤੋਂ ਸਿੱਖਾਂ ਦਾ ਵੱਡੀ ਗਿਣਤੀ ਵਿਚ ਆਉਣਾ ਦੋਹਾਂ ਫਿਰਕਿਆਂ ਲਈ ਹੀ ਚਿੰਤਾ ਦਾ ਵਿਸ਼ਾ ਹੈ। ਉਹ ਲੋਕ ਇਥੇ ਆ ਕੇ ਆਪਣੇ ਦੁੱਖਾਂ ਦੀ ਦਾਸਤਾਨ ਸੁਣਾਉਂਦੇ ਹਨ ਇਸ ਨਾਲ ਤਣਾਓ ਵਿਚ ਵਾਧਾ ਹੁੰਦਾ ਹੈ। ਦੋਵੇਂ ਫਿਰਕੇ ਚਾਹੁੰਦੇ ਹਨ ਕਿ ਕੇਂਦਰ ਹੋਰ ਰਾਜਾਂ ਵਿਚ ਰਹਿੰਦੇ ਸਿੱਖਾਂ ਦੀ ਸੁਰੱਖਿਆ ਦੀ ਜ਼ਾਮਨੀ ਭਰੇ। ਇਹ ਡਰ ਹੈ ਕਿ ਜੇਕਰ ਅਜਿਹਾ ਨਾ ਹੋਇਆ ਤਾਂ ਪੰਜਾਬ ਦੀ ਹਾਲਤ ਹੋਰ ਖਰਾਬ ਹੋ ਜਾਵੇਗੀ । ਫਿਰ ਵੀ ਹਿੰਦੂਆਂ ਦਾ ਇਕ ਹਿਸਾ ਇਹ ਵਿਸ਼ਵਾਸ ਕਰਨ ਲਗ ਪਿਆ ਹੈ ਕਿ ਬਾਹਰਲੇ ਰਾਜਾਂ ਤੋਂ ਸਿੱਖਾਂ ਦੀ ਹਿਜ਼ਰਤ ਵਸੋਂ ਦੇ ਤਬਾਦਲੇ ਦੀ ਉਸ 'ਸਾਜ਼ਿਸ਼' ਦਾ ਹਿਸਾ ਹੈ ਜਿਸ ਬਾਰੇ ਗੁਰਚਰਨ ਸਿੰਘ ਟੌਹੜਾ ਨਿਜੀ ਗਲਬਾਤ ਦੌਰਾਨ ਅਕਸਰ ਜ਼ਿਕਰ ਕਰਦੇ ਹਨ ।

'ਨਰਮ ਦਲੀਏ' ਹਿੰਦੂ ਇਹ ਮੰਨਦੇ ਹਨ ਕਿ ਸਿੱਖਾਂ ਨਾਲ ਅਮਨ ਤੇ ਇਕਸੁਰਤਾ ਨਾਲ ਰਹਿਣਾ ਉਨ੍ਹਾਂ ਦੇ ਅਤੇ ਦੇਸ਼ ਦੇ ਹਿਤਾਂ ਵਿਚ ਹੈ। ਪਰ ਉਹ ਵੀ ਸਿੱਖਾਂ ਅੰਦਰਲੇ ਕੁਝ "ਕੱਟੜ ਫਿਰਕੂ" ਅਨਸਰਾਂ ਨੂੰ ਬੇਲੋੜਾ ਤਣਾਓ ਪੈਦਾ ਕਰਨ ਦੇ ਦੋਸ਼ੀ ਠਹਿਰਾਉਂਦੇ ਹਨ। "ਮੇਰੇ ਪਾਸੋਂ ਹਿੰਦੂ-ਸਿੱਖ ਏਕਤਾ ਦੀਆਂ ਗੱਲਾਂ ਦੀ ਕਿੰਨੀ ਦੇਰ ਤਕ ਆਸ ਰੱਖੀ ਜਾ ਸਕਦੀ ਹੈ ਜਦੋਂ ਮੇਰਾ ਆਪਣਾ ਸਿਖ ਗੁਆਂਢੀ ਗਲੀ ਵਿਚ ਆ ਕੇ ਮੈਨੂੰ ਗਾਲ੍ਹਾਂ ਕੱਢੇ ਅਤੇ 'ਖਾਲਸਾ ਲੈਂਡ' ਛੱਡ ਜਾਣ ਲਈ ਕਹੇ ?" ਇਹ ਸਵਾਲ ਇਕ ਵਿਅਕਤੀ ਨੇ ਮੈਨੂੰ ਕੀਤਾ। ਪਰ ਇਸ ਦਾ ਅਰਥ ਇਹ ਨਹੀਂ ਕਿ ਪੰਜਾਬ ਦੇ ਹਿੰਦੂਆਂ ਵਿਚ ਵੀ ਏਨੇ ਹੀ "ਕੱਟੜ ਫਿਰਕੂ" ਲੋਕ ਨਹੀਂ ਹਨ। ਅਜਿਹਾ ਇਕ ਵਿਅਕਤੀ ਬਹੁਤ ਬੇਸ਼ਰਮੀ ਨਾਲ ਕਹਿੰਦਾ ਹੈ ਕਿ ਪੰਜਾਬ ਸਮੱਸਿਆ ਹੱਲ ਕਰਨ ਲਈ ਦੇਸ਼ ਨੂੰ ਸਿੱਖਾਂ ਵਿਰੁੱਧ ਜੰਗ ਦਾ ਐਲਾਨ ਕਰ ਦੇਣਾ ਚਾਹੀਦਾ ਹੈ ।

ਹਿੰਦੂ ਬੁੱਧੀਜੀਵੀ ਕਹਿੰਦੇ ਹਨ ਕਿ ਮਰਦਮਸ਼ੁਮਾਰੀਆਂ ਦੌਰਾਨ ਹਿੰਦੂਆਂ ਦੇ ਇਕ ਹਿੱਸੇ ਵਲੋਂ ਪੰਜਾਬੀ ਬੋਲੀ ਤੋਂ ਮੁਨਕਰ ਹੋਣਾ ਇਕ ਗਲਤੀ ਸੀ ਪਰ ਉਹ ਇਹ ਵੀ ਨਹੀਂ ਚਾਹੁੰਦੇ ਕਿ ਸਿਖ ਲੀਡਰਸ਼ਿਪ ਵਾਰ ਵਾਰ ਇਸ ਮਸਲੇ ਦਾ ਜ਼ਿਕਰ ਕਰਦੀ ਰਹੇ। ਪੁਲੀਟੀਕਲ ਸਾਇੰਸ ਦਾ ਇਕ ਲੈਕਚਰਾਰ ਪੁੱਛਦਾ ਹੈ। "ਕੀ ਇਹ ਗਲਤੀ ਕਰਨ ਵਾਲੇ ਸਿਰਫ ਅਸੀਂ ਹੀ ਹਾਂ ? ਕੀ ਸਿੱਖ ਹਮੇਸ਼ਾਂ ਹੀ ਹਿੰਦੂਆਂ ਅਤੇ ਉਨ੍ਹਾਂ ਦੇ ਧਰਮ ਪ੍ਰਤੀ ਵਾਜਬ ਵਤੀਰਾ ਧਾਰਨ ਕਰਦੇ ਰਹੇ ਹਨ ?"

ਹਿੰਦੂ ਅਕਾਲੀ ਸਰਕਾਰ ਬਾਰੇ ਬਹੁਤ ਸ਼ੱਕੀ ਹਨ । ਹਾਲਾਤ ਇਥੋਂ ਤੱਕ ਪੁਜ ਗਏ ਹਨ ਕਿ ਕਈ ਜਾਇਜ਼ ਕਾਰਵਾਈਆਂ ਵੀ ਫਿਰਕੂ ਕੋਣ ਤੋਂ ਦੇਖੀਆਂ ਜਾਂਦੀਆਂ ਹਨ । ਪਠਾਨਕੋਟ ਵਿਚ ਹਾਊਸਿੰਗ ਬੋਰਡ ਦੇ ਮਕਾਨਾਂ ਦੀ ਸਿਖ ਅਵਾਸੀਆਂ ਨੂੰ ਅਲਾਟਮੈਂਟ ਨੂੰ ਕਈ ਹਿੰਦੂਆਂ ਵਲੋਂ ਸ਼ਹਿਰ ਵਿਚ ਹਿੰਦੂਆਂ ਨੂੰ ਘੱਟ ਗਿਣਤੀ ਵਿਚ ਕਰਨ ਦੀ ਸਾਜ਼ਿਸ਼ ਕਰਾਰ ਦਿਤਾ ਜਾ ਰਿਹਾ ਹੈ ।

ਬਰਨਾਲਾ ਸਰਕਾਰ ਨੂੰ ਹਿੰਦੂ 'ਪੰਥਕ' ਸਰਕਾਰ ਮੰਨਦੇ ਹਨ ਕਿ ਜਿਹੜੀ ਸਿਰਫ ਇਕੋ ਫਿਰਕੇ ਦੇ ਲੋਕਾਂ ਦੀ ਸੇਵਾ ਕਰ ਰਹੀ ਹੈ। ਇਸ ਗੱਲ ਲਈ ਦੋਸ਼ੀ ਖੁਦ ਸਰਕਾਰ ਹੈ । ਮੰਤਰੀਆਂ ਦੇ ਗੈਰ-ਜ਼ਿੰਮੇਦਾਰਾਨਾ ਬਿਆਨਾਂ ਨੇ ਹਿੰਦੂਆਂ ਤੇ ਸਰਕਾਰ ਦਰਮਿਆਨ ਪਾੜਾ ਪੈਦਾ ਕਰ ਦਿੱਤਾ ਹੈ । ਇਹ ਮੰਦਭਾਗਾ ਪ੍ਰਭਾਵ ਪੈਦਾ ਹੋ ਗਿਆ ਹੈ ਕਿ ਸਰਕਾਰ ਦਹਿਸ਼ਤਪਸੰਦਾਂ ਨਾਲ ਮਿਲੀ ਹੋਈ ਹੈ । ਗੁਰਦਾਸਪੁਰ ਜ਼ਿਲੇ ਦੇ ਦੋਰਾਂਗਲ ਦਾ ਸਾਬਕਾ ਸਰਪੰਚ ਪ੍ਰਾਂਣ ਨਾਥ ਕਹਿੰਦਾ ਹੈ ਕਿ ਸ੍ਰੀ ਬਰਨਾਲਾ ਦੇ ਮੁਖ ਮੰਤਰੀ ਬਣਨ ਤੇ ਹਿੰਦੂਆਂ ਦੇ ਮਨਾਂ ਅੰਦਰ ਆਸਾਂ ਪੈਦਾ ਹੋਈਆਂ ਸਨ ਪਰ ਉਨ੍ਹਾਂ ਦੀ ਸਰਕਾਰ ਦੀਆਂ ਇਕ ਪਾਸੜ ਨੀਤੀਆਂ ਨੇ ਹਿੰਦੂਆਂ ਦੇ ਭਰਮ ਤੋੜ ਦਿੱਤੇ ਹਨ । ਭਾਰਤੀ ਜਨਤਾ ਪਾਰਟੀ ਦੇ ਡਾ. ਬਲਦੇਵ ਪ੍ਰਦਾਸ਼ ਇਕ ਕਦਮ ਹੋਰ ਅਗੇ ਜਾਂਦੇ ਹੋਏ ਕਹਿੰਦੇ ਹਨ ਕਿ 'ਸ਼ਾਕ ਆਬਜ਼ਾਰਬਰ' ਦੇ ਤੌਰ 'ਤੇ ਵੀ ਬਰਨਾਲਾ ਸਰਕਾਰ ਦੀ ਹੁਣ ਕੋਈ ਜ਼ਰੂਰਤ ਨਹੀਂ ਰਹੀ । ਪਰ ਹਿੰਦੂਆਂ ਦਾ ਇਕ ਕਾਫੀ ਵੱਡਾ ਹਿਸਾ ਅਜਿਹਾ ਹੈ ਜਿਹੜਾ ਰਾਜ ਸਰਕਾਰ ਦੀ ਤਾਂ ਨੁਕਤਾਚੀਨੀ ਕਰਦਾ ਹੈ ਪਰ ਸੁਰਜੀਤ ਸਿੰਘ ਦੇ ਮੁੱਖ ਮੰਤਰੀ ਬਣੇ ਰਹਿਣ ਦੇ ਹੱਕ ਵਿਚ ਹੈ । ਇਹ ਹਿੱਸੇ ਮੁਤਾਬਕ ਇਸ ਸਮੇਂ ਰਾਸ਼ਟਰਪਤੀ ਰਾਜ ਲਾਗੂ ਕਰਨ ਦੇ ਸਿੱਟੇ ਠੀਕ ਨਹੀਂ ਨਿਕਣਗੇ ।

ਹਿੰਦੂ ਭਾਈਚਾਰੇ ਨੇ ਆਪਣੀਆਂ ਆਸਾਂ ਕੇਂਦਰ ਉਤੇ ਕੇਂਦਰਤ ਰੱਖੀਆਂ ਹੋਈਆਂ ਹਨ ਪਰ ਕੇਂਦਰ ਦੀ ਕੁਝ ਮਹੀਨਿਆਂ ਤੋਂ ਕੋਈ ਕਾਰਵਾਈ ਨਾ ਕਰਨ, ਸੁਰੱਖਿਆ ਪੱਟੀ ਕਾਇਮ ਕਰਨ ਦੇ ਫੈਸਲੇ ਤੋਂ ਭੱਜਣ ਅਤੇ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਦੇ ਇਨ੍ਹਾਂ ਬਿਆਨਾਂ ਕਿ ਦਹਿਸ਼ਤਗਰਦਾਂ ਨੂੰ ਭਾਂਜ ਦਿੱਤੀ ਜਾ ਰਹੀ ਹੈ, ਦੀ ਕਾਫੀ ਨੁਕਤਾਚੀਨੀ ਹੋਈ ਹੈ ।

ਹਿੰਦੂਆਂ ਦਾ ਇਕ ਵੱਡਾ ਹਿਸਾ ਇਹ ਵਿਸ਼ਵਾਸ ਕਰਨ ਲਗ ਪਿਆ ਹੈ ਕਿ 'ਖਾਲਿਸਤਾਨ' ਦੀ ਸਥਾਪਨਾ ਹੋਵੇਗੀ ਭਾਵੇਂ ਕੁਝ ਸਮਾਂ ਪਾ ਕੇ ਹੀ ਸਹੀ। ਉਹ ਉਨ੍ਹਾਂ ਨੇਤਾਵਾਂ ਦਾ ਯਕੀਨ ਨਹੀਂ ਕਰਦੇ ਜਿਹੜੇ ਕਹਿੰਦੇ ਹਨ ਕਿ ਇਹ ਨਹੀਂ ਬਣ ਸਕਦਾ । ਪੱਛਮੀ ਪੰਜਾਬ ਤੋਂ ਆਇਆ ਇਕ ਰਫਿਊਜ਼ੀ ਪੁੱਛਦਾ ਹੈ, "ਕੀ ਇਨ੍ਹਾਂ ਨੇਤਾਵਾਂ ਨੇ 1947 ਵਿਚ ਸਾਨੂੰ ਇਹ ਨਹੀਂ ਸੀ ਦੱਸਿਆ ਕਿ ਪਾਕਿਸਤਾਨ ਨਹੀਂ ਬਣ ਸਕਦਾ ? ਮੈਂ ਫੇਰ ਰਫਿਊਜ਼ੀ ਨਹੀਂ ਬਣਨਾ ਚਾਹੁੰਦਾ । ਪਰ ਕੇਂਦਰ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਅਸੀਂ ਖੋਖਲੇ ਦਾਅਵਿਆਂ ਅਤੇ ਝੂਠੇ ਦਾਅਵਿਆਂ ਤੋਂ ਬਹੁਤ ਦੁਖੀ ਹਾਂ ।"

ਜੈ ਕ੍ਰਿਸ਼ਨ ਸ਼ਰਮਾ ਦਾ ਕਹਿਣਾ ਹੈ ਕਿ ਦੇਸ਼ ਦੀ ਹੋਰ ਵੰਡ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ । ਅਜਿਹੀਆਂ ਗੱਲਾਂ ਕਰਨ ਵਾਲੇ ਲੋਕ ਕੌਮ ਵਿਰੋਧੀ ਪ੍ਰਚਾਰ ਦਾ ਸ਼ਿਕਾਰ ਹਨ ਪਰ ਉਹ ਮੰਨਦੇ ਹਨ ਕਿ ਹਾਲਤ ਗੰਭੀਰ ਹੈ । ਚਾਰੇ ਪਾਸੇ ਹਨੇਰਾ ਹੈ। "ਦੋਹਾਂ ਫਿਰਕਿਆਂ ਵਿਚਕਾਰ ਸੁਮੇਲ ਕਾਇਮ ਰੱਖਣ ਦੇ ਸਾਡੇ ਯਤਨਾਂ ਦੇ ਬਾਵਜੂਦ ਇਹ ਸੰਭਵ ਨਹੀਂ ਹੋ ਰਿਹਾ । ਮੈਨੂੰ ਇਸ ਸੁਰੰਗ ਦੇ ਅੰਤ 'ਤੇ ਆਸ ਦੀ ਇਕ ਕਿਰਨ ਤਕ ਵੀ ਦਿਖਾਈ ਨਹੀਂ ਦੇ ਰਹੀ ।"




**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**
**Ph. (604) 590-2501**
P.O.BOX 639
SURREY, B.C. V3T 5L9

**MINT AUTO BODY LTD.**

**5590 Lane Street, Burnaby, B.C. V5H 2H5**

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars



ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ

For further information call:
**Phone: 433-1207** Bhupinder(Bob) Sihota

# "ਡਰ ਦੇ ਭੂਤ" ਦੀ ਸ਼ਰਾਰਤ ਸ਼ਰਾਰਤ ....

ਮੋਗਾ — ਮੌਜੂਦਾ ਸਮੇਂ ਵਾਪਰ ਰਹੀਆਂ ਹਿੰਸਕ ਕਾਰਵਾਈਆਂ ਨੇ ਅਜਿਹਾ ਡਰ ਪੈਦਾ ਕੀਤਾ ਹੋਇਆ ਹੈ ਕਿ ਹਰ ਫਿਰਕੇ ਦੇ ਲੋਕਾਂ ਦੇ ਸਿਰ ਡਰ ਦਾ ਭੂਤ ਅਜਿਹਾ ਸਵਾਰ ਹੋਇਆ ਹੈ ਕਿ ਛੋਟੀ ਜਿਹੀ ਹਰਕਤ ਵੀ ਉਨ੍ਹਾਂ ਨੂੰ ਚੱਕਰ ਵਿਚ ਪਾ ਦਿੰਦੀ ਹੈ। ਅਜਿਹੀ ਹੀ ਸੱਚੀ ਘਟਨਾ ਕੁਝ ਦਿਨ ਪਹਿਲਾਂ ਵਾਪਰੀ ਜਦੋਂ ਧਰਮਕੋਟ ਜ਼ਿਲਾ ਫਿਰੋਜ਼ਪੁਰ ਦੇ ਦੋ ਚਾਵਲ ਮਿਲਾਂ ਦੇ ਮਾਲਕ ਆਪਣੇ ਨਾਲ ਅਟੈਚੀਆਂ ਵਿਚ ਚੌਲਾਂ ਦੇ ਨਮੂਨੇ ਛੋਟੀਆਂ ਛੋਟੀਆਂ ਗੁੱਥੀਆਂ ਵਿਚ ਭਰ ਕੇ ਅਤੇ ਨਕਦੀ ਰੁਪਏ ਲੈ ਕੇ ਦਿੱਲੀ ਲਈ ਸੌਦੇ ਕਰਨ ਵਾਸਤੇ ਚਲ ਪਏ। ਜਦ ਉਹ ਲੁਧਿਆਣਾ ਪਹੁੰਚੇ ਤਾਂ ਰੇਲ ਗੱਡੀ ਵਿਚ ਭੀੜ ਹੋਣ ਕਰ ਕੇ ਉਨ੍ਹਾਂ ਨੇ ਬੱਸ 'ਤੇ ਜਾਣ ਦਾ ਮਨ ਬਣਾ ਲਿਆ ਅਤੇ ਰਾਤ ਦੀ ਡੀਲੈਕਸ ਬੱਸ ਲੈਣ ਲਈ ਭਦੌੜ ਹਾਊਸ ਚਲੇ ਗਏ ਅਤੇ ਦਿੱਲੀ ਵਾਲੀ ਬੱਸ ਫੜ ਲਈ।

ਜਦੋਂ ਬੱਸ ਸ਼ੰਭੂ ਬੈਰੀਅਰ 'ਤੇ ਪਹੁੰਚੀ ਤਾਂ ਬੱਸ ਡਰਾਈਵਰ ਨੇ ਬੱਸ ਲਿੰਕ ਰੋਡ 'ਤੇ ਮੋੜ ਲਈ ਉਨ੍ਹਾਂ ਵਪਾਰੀਆਂ ਨੇ ਸਮਝਿਆ ਕਿ ਸੜਕ ਖਰਾਬ ਹੋਣ ਕਰਕੇ ਸ਼ਾਇਦ ਕੋਈ ਬਦਲਵਾਂ ਰਾਹ ਹੋਵੇ ਪਰ ਕੁਝ ਦੂਰ ਬੱਸ ਅੱਗੇ ਗਈ ਤੇ ਜੀ. ਟੀ. ਰੋਡ 'ਤੇ ਨਾ ਚੜ੍ਹੀ ਤਾਂ ਉਨ੍ਹਾਂ ਨੂੰ ਹੋਰ ਸ਼ੱਕ ਹੋ ਗਿਆ ਕਿ ਅੱਜ ਤਾਂ ਖ਼ੈਰ ਨਹੀਂ, ਬੱਸ ਵਿਚ ਦੋਹਾਂ ਫਿਰਕਿਆਂ ਦੇ ਲੋਕ ਸਨ ਇੰਨੇ ਨੂੰ ਇਕ ਨੌਜਵਾਨ ਉਠ ਕੇ ਡਰਾਈਵਰ ਕੋਲ ਚਲਾ ਗਿਆ, ਇਸ ਨੇ ਤਾਂ ਉਨ੍ਹਾਂ ਦੇ ਮਨ ਵਿਚ ਪੱਕਾ ਸ਼ੱਕ ਪੈਦਾ ਕਰ ਦਿੱਤਾ ਕਿ ਭਾਰਤ ਵਿਚ ਸਭ ਤੋਂ ਵੱਡਾ ਵਾਕਿਆ ਅੱਜ ਹੋਵੇਗਾ। ਉਨ੍ਹਾਂ ਦੋਹਾਂ ਨੇ ਚਲਦੀ ਬੱਸ ਵਿਚੋਂ ਛਾਲ ਮਾਰਨ ਬਾਰੇ ਮਨ ਬਣਾ ਲਿਆ। ਬੱਸ ਬਹੁਤ ਤੇਜ਼ ਸੀ ਇਸ ਲਈ ਛਾਲ ਮਾਰਨੀ ਮੁਸ਼ਕਲ ਸੀ। ਪਰ ਜਦੋਂ ਬੱਸ ਅਚਾਨਕ ਹੌਲੀ ਹੋਈ ਤਾਂ ਦੋਵੇਂ ਆਪਣੇ ਅਟੈਚੀ ਅਤੇ ਜੁੱਤੀਆਂ ਬੱਸ ਵਿਚ ਛੱਡ ਕੇ ਛਾਲ ਮਾਰ ਕੇ ਹਨੇਰੇ ਵਿਚ ਅਲੋਪ ਹੋ ਗਏ। ਬੱਸ ਅਗੇ ਚਲੀ ਗਈ।

ਉਹ ਦੋਵੇਂ ਰਾਤ ਕੱਟਣ ਲਈ ਥਾਂ ਦੀ ਤਲਾਸ਼ ਕਰਨ ਲੱਗੇ ਪਰ ਨੇੜੇ ਕੋਈ ਪਿੰਡ ਨਹੀਂ ਦਿਸ ਰਿਹਾ ਸੀ, ਉਨੀ ਦੇਰ ਨੂੰ ਇਕ ਥਾਂ ਤੋਂ ਬੀੜੀ ਦਾ ਚਾਨਣਾ ਨਜ਼ਰ ਆਇਆ। ਉਹ ਦੋਵੇਂ ਆਸਵੰਦ ਹੋ ਕੇ ਉਧਰ ਚਲੇ ਗਏ ਪਰ ਉਸ ਵਿਅਕਤੀ ਨੇ ਵੀ ਉਨ੍ਹਾਂ ਨੂੰ ਰਹਿਣ ਲਈ ਥਾਂ ਨਾ ਦਿੱਤੀ। ਅੱਗੇ ਪਿੰਡ ਵੱਲ ਇਸ਼ਾਰਾ ਕਰ ਦਿੱਤਾ। ਜਿਥੇ ਜਗਰਾਤਾ ਹੋ ਰਿਹਾ ਸੀ। ਉਹ ਦੋਵੇਂ ਅੱਗੇ ਚਲੇ ਗਏ। ਉਹ ਕੀ ਵੇਖਦੇ ਹਨ ਉਥੇ ਤਾਂ ਖੇਡ ਪੈ ਰਹੀ ਹੈ ਤੇ ਕਈਆਂ ਦੇ ਭੂਤ ਕੱਢਣ ਲਈ ਸੰਗਲਾਂ ਨਾਲ ਪਿਟਾਈ ਹੋ ਰਹੀ ਸੀ, ਉਹ ਵੇਖ ਕੇ ਡਰ ਗਏ ਕਿਉਂਕਿ ਉਨ੍ਹਾਂ ਵਿਚੋਂ ਇਕ ਨੇ ਸ਼ਰਾਬ ਪੀਤੀ ਹੋਈ ਸੀ। ਉਨ੍ਹਾਂ ਸੋਚਿਆ ਜੇ ਅਸੀਂ ਅੱਗੇ ਗਏ ਤੇ ਪਤਾ ਲੱਗ ਗਿਆ ਤਾਂ ਸਾਡੀ ਵੀ ਕੁਟਾਈ ਹੋਵੇਗੀ ਕਿਉਂਕਿ ਉਨ੍ਹਾਂ ਦੀ ਪਵਿਤਰਤਾ ਭੰਗ ਹੋ ਜਾਵੇਗੀ। ਇਸ ਲਈ ਉਹ ਵਾਪਸ ਪਰਤ ਆਏ ਅਤੇ ਬਾਹਰ ਖੇਤਾਂ ਵਿਚ ਪਈ ਝੋਨੇ ਦੀ ਪਰਾਲੀ ਵਿਚ ਪੈ ਕੇ ਰਾਤ ਕੱਟੀ। ਸਵੇਰੇ ਹੀ ਉਨ੍ਹਾਂ ਨੇ ਲੋਕਾਂ ਤੋਂ ਪੁੱਛਗਿਛ ਕੀਤੀ ਕਿ ਇਥੇ ਨੇੜੇ ਰਾਤ ਕੋਈ ਵਾਕਿਆ ਤਾਂ ਨਹੀਂ ਹੋਇਆ ਤੇ ਰਿਕਸ਼ਾ ਲੈ ਕੇ ਰਾਜਪੁਰੇ ਪਹੁੰਚ ਗਏ। ਉਥੋਂ ਵੀ ਪੜਤਾਲ ਕੀਤੀ ਪਰ ਕੁਝ ਪਤਾ ਨਾ ਚਲਿਆ। ਫੇਰ ਉਹ ਬੱਸ ਰਾਹੀਂ ਦਿੱਲੀ ਰਵਾਨਾ ਹੋ ਗਏ।

ਦਿੱਲੀ ਪਹੁੰਚ ਕੇ ਉਨ੍ਹਾਂ ਰਾਤ ਵਾਲੀ ਬੱਸ ਬਾਰੇ ਪੜਤਾਲ ਕੀਤੀ। ਉਹ ਬੱਸ ਉਨ੍ਹਾਂ ਨੂੰ ਮਿਲ ਗਈ। ਉਨ੍ਹਾਂ ਨੂੰ ਵੇਖਦਿਆਂ ਹੀ ਡਰਾਈਵਰ ਤੇ ਕੰਡਕਟਰ ਉਨ੍ਹਾਂ ਦੇ ਗਲ ਪੈ ਗਏ ਅਤੇ ਬੁਰਾ ਭਲਾ ਕਹਿਣਾ ਸ਼ੁਰੂ ਕਰ ਦਿੱਤਾ ਤੇ ਕਿਹਾ ਕਿ ਤੁਸੀਂ ਅਤਿਵਾਦੀ ਹੋ ਸਾਡੀ ਗੱਡੀ ਵਿਚ ਬਾਰੂਦ ਭਰ ਕੇ ਅਟੈਚੀ ਛੱਡ ਗਏ ਸੀ। ਜਿਸ ਦੇ ਡਰ ਕਰਕੇ ਤੁਹਾਡੇ ਛਾਲਾਂ ਮਾਰਨ ਪਿਛੋਂ ਅਗਲੇ ਅੱਡੇ 'ਤੇ ਸਾਰੀਆਂ ਸਵਾਰੀਆਂ ਬੱਸ ਵਿਚੋਂ ਉਤਰ ਗਈਆਂ ਅਤੇ ਸਾਨੂੰ ਖਾਲੀ ਦਿੱਲੀ ਆਉਣਾ ਪਿਆ ਅਤੇ ਤੁਹਾਡੇ ਅਟੈਚੀ ਦਿੱਲੀ ਬੈਰੀਅਰ ਤੇ ਪੁਲੀਸ ਅਤੇ ਸੁਰੱਖਿਆ ਫੌਜਾਂ ਕੋਲ ਦੇ ਦਿਤੇ ਕਿ ਇਨ੍ਹਾਂ ਵਿਚ ਬਾਰੂਦ ਹੈ।

ਫੇਰ ਬੱਸ ਡਰਾਈਵਰ ਤੇ ਕੰਡਕਟਰ ਉਨ੍ਹਾਂ ਨੂੰ ਲੈ ਕੇ ਦਿੱਲੀ ਬੈਰੀਅਰ ਤੇ ਪਹੁੰਚ ਗਏ ਅਤੇ ਅਗੋਂ ਪੁਲੀਸ ਵਾਲੇ ਵੇਖਦਿਆਂ ਹੀ ਉਨ੍ਹਾਂ 'ਤੇ ਟੁੱਟ ਪਏ ਪਰ ਵਪਾਰੀ ਕਹਿ ਰਹੇ ਸਨ ਕਿ ਚੌਲਾਂ ਦੇ ਨਮੂਨੇ ਹਨ। ਪੁਲੀਸ ਵਾਲੇ ਕਹਿ ਰਹੇ ਸਨ ਬਾਰੂਦ ਹੈ। ਉਨ੍ਹਾਂ ਦੇ ਅਟੈਚੀ ਰੇਤ ਦੀਆਂ ਬੋਰੀਆਂ ਹੇਠ ਰੱਖ ਦਿਤੇ ਗਏ ਸਨ ਤੇ ਮਾਹਿਰਾਂ ਦੀ ਉਡੀਕ ਕੀਤੀ ਜਾ ਰਹੀ ਸੀ ਕਿ ਉਨ੍ਹਾਂ ਦੇ ਆਉਣ 'ਤੇ ਬਾਰੂਦ ਖਤਮ ਕੀਤਾ ਜਾਵੇ। ਪਰ ਵਪਾਰੀਆਂ ਦੇ ਕਹਿਣ 'ਤੇ ਰੇਤ ਦੀਆਂ ਬੋਰੀਆਂ ਪਾਸੇ ਕਰਕੇ ਅਟੈਚੀ ਕੱਢੇ ਗਏ। ਉਨ੍ਹਾਂ ਵਿਚ ਚੌਲਾਂ ਦੇ ਨਮੂਨਿਆਂ ਦੀਆਂ ਗੁੱਥੀਆਂ ਵੇਖ ਕੇ ਸਾਰੇ ਹੈਰਾਨ ਹੋ ਗਏ।

ਮਗਰੋਂ ਪਤਾ ਲੱਗਾ ਕਿ ਰਾਤ ਦੀਆਂ ਬੱਸਾਂ ਬਿਨਾਂ ਪਰਮਿਟ ਦੇ ਲਿੰਕ ਸੜਕਾਂ ਰਾਹੀਂ ਹਰਿਆਣਾ ਵਿਚ ਦਾਖਲ ਹੁੰਦੀਆਂ ਹਨ ਤੇ ਦਿੱਲੀ ਪਹੁੰਚਦੀਆਂ ਹਨ। ਇਸ ਨੇ ਵਿਚਾਰੇ ਵਪਾਰੀਆਂ ਨੂੰ ਨੰਗੇ ਪੈਰੀਂ ਸੈਰ ਕਰਾਈ ਅਤੇ ਝੋਨੇ ਦੀ ਪਰਾਲੀ ਵਿਚ ਰਾਤ ਕਟਾਈ।

## 'ਸਮੇਂ ਦੀ ਆਵਾਜ਼'

ਇਕ ਵੱਖਰਾ ਰੇਡੀਓ ਪਰੋਗਰਾਮ ਜੋ ਤੁਹਾਡੀਆਂ ਮੁਸ਼ਕਲਾਂ ਅਤੇ ਹੱਕਾਂ ਦੀ ਗੱਲ ਕਰਦਾ ਹੈ। ਹਰ ਸ਼ਨਿਚਰਵਾਰ ਨੂੰ ਵੈਨਕੂਵਰ ਕੋਆਪ੍ਰੇਟਿਵ ਰੇਡੀਓ ਤੋਂ ਪੰਜਾਬੀ ਅਤੇ ਅੰਗਰੇਜ਼ੀ ਵਿਚ

**ਸਮਾਂ — ਬਾਅਦ ਦੁਪਹਿਰ ਤਿੰਨ ਤੋਂ ਚਾਰ ਵਜੇ ਤੱਕ**

**ਚੈਨਲ — 102.7 F.M.**


**SUN FOODS Grocery Store**

32032 - Loughheed HWY. Mission B.C.

**Ph. 820-1650**

**ਮਿਸ਼ਨ ਵਿਚ ਭਾਰਤੀ ਗਰੌਸਰੀ ਦਾ ਸਟੋਰ ਜਿੱਥੋਂ ਕਿ ਹਰ ਕਿਸਮ ਦੀ ਭਾਰਤੀ ਗਰੌਸਰੀ ਮਿਲ ਸਕਦੀ ਹੈ ਅਤੇ ਮੂਵੀਆਂ ਵੀ ਮਿਲਦੀਆਂ ਹਨ।**



## Matrimonial

Wanter suitable match for a 29 year old Canadian born boy, 5'-5", handsome, employed in the Canadian Air Force. Girl should be Canadian born, or a long term resident in the Western countries, at leat 5'-5" height, slim build, at least grad 12 education preferable over 22 years of age. Further information available from boy's parents.

BSD
C/o Canada Darpan
BOX 265
Surrey, B.C. V3T 4W8


ਪਰਜਾ ਅੰਧੀ ਗਿਆਨ ਬਿਨੁ,
ਕੂੜੁ ਕੁਸੱਤ ਮੁਖਹੁ ਆਲਾਈ ॥
ਚੇਲੇ ਸਾਜ ਵਜਾਇੰਦੇ,
ਨਚਨਿ ਗੁਰੂ ਬਹੁਤ ਬਿਧ ਭਾਈ ॥


**AIR-INDIA ANNOUNCES INDIA TWO WAYS.**

We want to make it as convenient as possible for you to fly Air-India to India. So we suggest you leave any day of the week and choose

1. 
Fly to New York and connect with Air-India's 8:15 nightly departure for Delhi or Bombay.

2. 
Fly to London or Paris and pick up Air-India there.

**AIR-INDIA**
WE'RE YOUR AIRLINE
See your Travel Agent and make your reservations now.



## ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ
## ਗਿੱਲ-ਫੋਰਡ-ਫਰਨੀਚਰ




ਪ੍ਰੀ-ਕ੍ਰਿਸਮਿਸ ਸੇਲ ਵਿਚ
ਹੁੰਮ-ਹੁਮਾ ਕੇ ਪੁਜੋ

## ਲਓ ਜੀ
## ਗਿੱਲਫਰਡ ਫਰਨੀਚਰ 'ਤੇ ਚੱਲ ਰਹੀ ਹੈ

# PRE-X-MAS SALE

## ਜੋ ਕਿ ਕ੍ਰਿਸਮਿਸ ਤੱਕ ਬੜੀ ਧੂੰਮ ਧਾਮ ਨਾਲ ਚੱਲੇਗੀ

- ਭੈਣੋ ਅਤੇ ਭਰਾਵੋ ਇਹ ਗੱਲ ਨੋਟ ਕਰ ਲਓ ਕਿ ਗਿੱਲਫਰਡ ਫਰਨੀਚਰ 'ਤੇ ਪ੍ਰੀ-ਕ੍ਰਿਸਮਿਸ ਸੇਲ ਲੱਗ ਗਈ ਹੈ ਜਿਸ ਵਿਚ ਪਿਛਲੀਆਂ ਸਭ ਕੀਮਤਾਂ ਵਾਲੀ ਮਿਸਾਲ ਤੋੜ ਕੇ ਰੱਖ ਦਿਤੀ ਜਾਵੇਗੀ।

### ਖਿਆਲ ਨਾਲ ਪੜ੍ਹੋ

- ਕਿ ਗਿੱਲਫਰਡ ਫਰਨੀਚਰ 'ਤੇ 9 ਪੀਸ ਡਾਇਨਿੰਗ ਸੈੱਟ ਇਕ 1400 ਦਾ ਇਕ 1600 ਦਾ ਇਕ 2000 ਦਾ ਅਤੇ ਬਾਕੀ ਸਾਰੇ ਹੀ ਡਾਇਨਿੰਗ ਸੈੱਟਾਂ ਉਤੇ ਕੀਮਤਾਂ ਵਾਲੀ ਉਹ ਮਿਸਾਲ ਤੋੜੀ ਜਾਵੇਗੀ ਜਿਸਦੀ ਮਿਸਾਲ ਬੀ. ਸੀ. ਦੇ ਕੋਨੇ ਕੋਨੇ ਵਿਚ ਕਿਤੋਂ ਵੀ ਨਹੀਂ ਮਿਲ ਸਕੇਗੀ

### ਧਿਆਨ ਦਿਓ

- ਕਿ ਤਿੰਨ ਪੀਸ ਸੋਫ਼ਾ ਸੈਟ ਕੋਈ 1000 ਦਾ ਕੋਈ 1200 ਦਾ ਕੋਈ 1400 ਦਾ, ਇਸ ਤੋਂ ਇਲਾਵਾ ਸਟੋਰ ਵਿਚ ਪਏ ਸਾਰੇ ਹੀ ਸੋਫਾ ਸੈੱਟ ਮਿਸਾਲ-ਤੋੜ ਕੀਮਤਾਂ ਵਿਚ ਮਿਸਾਲ-ਤੋੜ ਰੰਗਾਂ ਵਿਚ ਉਨ੍ਹਾਂ ਕੀਮਤਾਂ 'ਤੇ ਮਿਲਣਗੇ ਜਿਨ੍ਹਾਂ ਕੀਮਤਾਂ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।

### ਜੀ ਹਾਂ

- ਗਿੱਲਫਰਡ ਫਰਨੀਚਰ 'ਤੇ ਸੌਲਿਡ ਪਾਈਨ ਦੀਆਂ ਬੈੱਡ-ਰੂਮ ਸੁਈਟਾਂ ਵਿਚ ਸਭ ਤੋਂ ਵੱਧ ਸਲੈਕਸ਼ਨ ਅਤੇ ਸੀਲੀ ਦੇ ਮੈਟਰੇਸਾਂ ਉਤੇ ਸਭ ਤੋਂ ਵੱਧ ਸਲੈਕਸ਼ਨ ਅਤੇ ਇਨ੍ਹਾਂ ਦੀਆਂ ਕੀਮਤਾਂ ਵਾਲੀ ਪ੍ਰੀ-ਕ੍ਰਿਸਮਿਸ ਸੇਲ ਕ੍ਰਿਸਮਿਸ ਤੱਕ ਚੱਲੇਗੀ

### ਆ ਜਾਓ !

Something New!
Ask About Our
GILLFORD
FURNITUREMART
CREDIT CARD
SERVICE
APPLY TODAY!

# GILL-FORD FURNITURE MART

*"Better Quality Furnishing at Discount Prices"*

Financing Available O.A.C.
Hours: Mon-Fri 10-9. Sat.-Sun. & Holidays 10-6

13442-108th Avenue, Surrey
588-4461

VISA